ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 6 | Issue 49 | 13 December to 19 December 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਪੰਜਾਬ ਦੀਆਂ ਮਿਉਂਸਿਪਲ ਚੋਣਾਂ ਨੇ ਗਰਮਾ ਦਿੱਤਾ ਹੈ ਸੂਬੇ ਦਾ ਸਿਆਸੀ ਦੰਗਲ

## ਅਪਣੇ ਵੇਲੇ ਸ਼ਰੇਆਮ ਵਧੀਕੀਆਂ ਕਰਨ ਵਾਲੇ ਅਕਾਲੀ ਹੁਣ ਹਰ ਰੋਜ਼ ਦੇ ਰਹੇ ਨੇ ਲੋਕ ਰਾਜੀ ਹੱਕਾਂ ਦੀ ਦੁਹਾਈ

**ਚੰਡੀਗੜ੍ਹ/ਬਿਊਰੋ ਨਿਊਜ:** ਪੰਜਾਬ ਵਿੱਚ ਤਿੰਨ ਨਗਰ ਨਿਗਮਾਂ ਅਤੇ 32 ਨਗਰ ਪਾਲਿਕਾਵਾਂ ਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਦੌਰਾਨ ਸਿਆਸੀ ਧਿਰਾਂ ਦੀ ਆਪਸੀ ਦੂਸ਼ਣਬਾਜ਼ੀ ਦੇ ਸ਼ੋਰ ਵਿੱਚ ਲੋਕਾਂ ਦੇ ਸਰੋਕਾਰ ਗੁਆਚ ਗਏ ਲਗਦੇ ਹਨ। ਲੋਕਾਂ ਦੇ ਜੀਵਨ ਨਾਲ ਜੁੜੇ ਮੁੱਦੇ ਅਤੇ ਸ਼ਹਿਰੀ ਸੰਸਥਾਵਾਂ ਦੀ ਖ਼ੁਦਮੁਖ਼ਤਿਆਰੀ ਦੇ ਸੁਆਲਾਂ ਬਾਰੇ ਲਗਪਗ ਸਾਰੀਆਂ ਸਿਆਸੀ ਧਿਰਾਂ ਖ਼ਾਮੋਸ਼ ਹਨ। ਦਿਲਚਸਪ ਗੱਲ ਇਹ ਹੈ ਕਿ ਪਿਛਲੇ 10 ਸਾਲਾਂ ਦੇ ਅਪਣੇ ਰਾਜ ਦੌਰਾਨ ਪੰਚਾਇਤੀ ਤੇ ਹੋਰ ਚੋਣਾਂ ਦੌਰਾਨ ਨਿਯਮਾਂ ਦੀਆਂ ਸ਼ਰੇਆਮ ਧੱਜੀਆਂ ਉਡਾਉਣ ਵਾਲੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਆਗੂਆਂ ਤੋਂ ਲੈ ਕੇ ਸਰਗਰਮ ਵਰਕਰਾਂ ਤੱਕ ਹੁਣ ਦੇ ਰਹੇ ਨੇ ਲੋਕ ਰਾਜੀ ਹੱਕਾਂ ਦੀ ਦੁਹਾਈ।

ਸੰਸਦ ਅਤੇ ਵਿਧਾਨ ਸਭਾ ਚੋਣਾਂ ਵਿੱਚ ਵਧ ਰਿਹਾ ਪੈਸੇ ਦਾ ਦਖ਼ਲ ਅਤੇ ਸਥਾਨਕ ਸਰਕਾਰਾਂ ਦੀਆਂ ਚੋਣਾਂ ਦੌਰਾਨ ਪ੍ਰਸ਼ਾਸਨਿਕ ਤੰਤਰ ਰਾਹੀਂ



ਪਟਿਆਲਾ ਵਿੱਚ ਨਿਗਮ ਚੋਣਾਂ ਦੌਰਾਨ ਕਾਂਗਰਸ ਵਲੋਂ ਕੀਤੀ ਗਈ ਰੈਲੀ ਵਿੱਚ ਹਿੱਸਾ ਲੈਂਦੇ ਸਮਰਥਕ।

ਸੱਤਾਧਾਰੀ ਧਿਰਾਂ ਵੱਲੋਂ ਵਰਤੇ ਜਾਂਦੇ ਢੰਗ ਇਨ੍ਹਾਂ ਚੋਣਾਂ ਵਿੱਚ ਲੋਕਾਂ ਦੀ ਸਰਗਰਮ ਹਿੱਸੇਦਾਰੀ ਨੂੰ ਢਾਹ ਲਾ ਰਹੇ ਹਨ। ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਕਹਿੰਦੇ ਹਨ ਕਿ ਇਸ ਤੋਂ ਚੰਗਾ ਤਾਂ ਸਰਕਾਰਾਂ ਨੂੰ ਨਾਮਜ਼ਦਗੀਆਂ ਹੀ ਕਰ ਲੈਣੀਆਂ ਚਾਹੀਦੀਆਂ ਹਨ। ਹੌਲੀ ਹੌਲੀ ਇਹ ਵਿਚਾਰ ਕਾਫ਼ੀ ਲੋਕਾਂ ਦਾ ਬਣਦਾ ਜਾ ਰਿਹਾ ਹੈ, ਜਿਸ ਨਾਲ ਲੋਕਾਂ ਦਾ ਥੋੜ੍ਹਾ ਜਿਹਾ ਜਮਹੂਰੀ ਅਧਿਕਾਰ ਵੀ ਖ਼ਤਮ ਹੋਣ ਦੀ ਸੰਭਾਵਨਾ ਹੈ। ਅਕਾਲੀ-ਭਾਜਪਾ ਸਰਕਾਰ ਮੌਕੇ ਕਾਂਗਰਸ ਆਗੂ ਇਹੀ ਕਹਿੰਦੇ ਸਨ ਅਤੇ ਹੁਣ ਅਕਾਲੀ ਦਲ ਵੱਲੋਂ ਕਾਗਜ਼ ਰੱਦ ਕਰਨ ਦੇ ਲਾਏ ਜਾਂਦੇ ਦੋਸ਼ ਵੀ ਆਪਸੀ ਖਿੱਚੋਤਾਣ ਦੀ ਕਹਾਣੀ ਬਿਆਨ ਰਹੇ ਹਨ। ਇਸ ਰੌਲੇ-ਰੱਪੇ ਦੌਰਾਨ ਇਹ ਕਿਸ ਨੂੰ ਯਾਦ ਹੈ ਕਿ ਸੰਵਿਧਾਨ ਦੀ 74ਵੀਂ ਸੰਵਿਧਾਨਕ ਸੋਧ ਨੂੰ ਦੋ ਦਹਾਕਿਆਂ ਤੋਂ ਵੱਧ ਸਮਾਂ ਹੋਣ ਦੇ ਬਾਵਜੂਦ ਅਜੇ ਤੱਕ ਸਥਾਨਕ ਸਰਕਾਰਾਂ ਅਧਿਕਾਰਾਂ ਤੋਂ ਵਾਂਝੀਆਂ ਹਨ। ਸੰਵਿਧਾਨ ਦੇ 12ਵੇਂ ਸ਼ਡਿਊਲ ਵਿੱਚ 18 ਵਿਭਾਗਾਂ ਦਾ ਜ਼ਿਕਰ ਹੈ, ਜੋ ਰਾਜ ਸਰਕਾਰਾਂ ਵੱਲੋਂ ਇਨ੍ਹਾਂ ਸਥਾਨਕ ਸੰਸਥਾਵਾਂ ਨੂੰ

ਬਾਕੀ ਸਫ਼ਾ 33 'ਤੇ

## ਵੀਵੀਪੈਟ ਮਸ਼ੀਨਾਂ ਦੀ ਵਰਤੋਂ ਬਾਰੇ ਪਟੀਸ਼ਨ ਰੱਦ

**ਚੰਡੀਗੜ੍ਹ :** ਮਿਉਂਸਿਪਲ ਚੋਣਾਂ ਤੋਂ ਹਫ਼ਤਾ ਕੁ ਪਹਿਲਾਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇਨ੍ਹਾਂ ਚੋਣਾਂ 'ਚ ਵੀਵੀਪੈਟ ਮਸ਼ੀਨਾਂ ਦੀ ਵਰਤੋਂ ਬਾਰੇ ਪਟੀਸ਼ਨ ਰੱਦ ਕਰ ਦਿੱਤੀ ਹੈ। ਵਕੀਲ ਪ੍ਰਦੁਯਮਨ ਗਰਗ ਵੱਲੋਂ ਪਾਈ ਜਨਹਿੱਤ ਪਟੀਸ਼ਨ 'ਤੇ ਜਸਟਿਸ ਅਜੈ ਕੁਮਾਰ ਮਿੱਤਲ ਅਤੇ ਜਸਟਿਸ ਅਮਿਤ ਰਾਵਲ ਨੇ ਇਹ ਫ਼ੈਸਲਾ ਸੁਣਾਇਆ। ਸੁਣਵਾਈ ਦੌਰਾਨ ਬੈਂਚ ਨੂੰ ਦੱਸਿਆ ਗਿਆ ਕਿ ਵੀਵੀਪੈਟ ਸਿਸਟਮ ਭਾਰਤੀ ਚੋਣ ਕਮਿਸ਼ਨ ਦੇ ਕੰਟਰੋਲ ਹੇਠ ਹੈ, ਜਿਸ ਨੂੰ ਧਿਰ ਨਹੀਂ ਬਣਾਇਆ ਗਿਆ। ਇਸ ਪਟੀਸ਼ਨ 'ਚ ਦਾਅਵਾ ਕੀਤਾ ਗਿਆ ਸੀ ਕਿ ਵੀਵੀਪੈਟ ਮਸ਼ੀਨਾਂ ਦੀ ਵਰਤੋਂ ਨਾਲ ਰਾਜਸੀ ਪਾਰਟੀਆਂ ਵੱਲੋਂ ਲਾਏ ਜਾਂਦੇ ਦੋਸ਼ਾਂ ਨੂੰ ਠੱਲ੍ਹ ਪਵੇਗੀ ਅਤੇ ਲੋਕਾਂ ਦਾ ਜਮਹੂਰੀ ਚੋਣ ਪ੍ਰਕਿਰਿਆ 'ਚ ਭਰੋਸਾ ਬਹਾਲ ਹੋਵੇਗਾ।

## ਗੁਰਬੀਰ ਗਰੇਵਾਲ ਨਿਊਜਰਸੀ ਦੇ ਨਵੇਂ ਅਟਾਰਨੀ ਜਨਰਲ

**ਨਿਊਜਰਸੀ/ਬਿਊਰੋ ਨਿਊਜ਼:** ਨਿਊਜਰਸੀ ਦੇ ਅਹੁਦਾ ਸੰਭਾਲ ਰਹੇ ਗਵਰਨਰ ਨੇ ਦਸਤਾਰਧਾਰੀ ਸਿੱਖ ਗੁਰਬੀਰ ਸਿੰਘ ਗਰੇਵਾਲ ਨੂੰ ਸੂਬੇ ਦੇ ਨਵੇਂ ਅਟਾਰਨੀ ਜਨਰਲ ਨਿਯੁਕਤ ਕੀਤਾ ਹੈ। ਇਸ ਨਾਲ ਅਮਰੀਕਾ ਅਤੇ ਨਿਊਜਰਸੀ ਸੂਬੇ ਦੇ ਇਤਿਹਾਸ ਵਿਚ ਗਰੇਵਾਲ ਪਹਿਲਾਂ ਸਿੱਖ ਅਟਾਰਨੀ ਜਨਰਲ ਹੋਵੇਗਾ। ਉਨ੍ਹਾਂ ਦਾ ਕੰਮ ਕਾਨੂੰਨੀ ਮਸਲਿਆਂ 'ਚ ਸੂਬੇ ਦੀ ਪ੍ਰਤੀਨਿਧਤਾ ਕਰਨਾ ਅਤੇ ਕਾਨੂੰਨ ਲਾਗੂ ਕਰਨ ਵਾਲੇ ਮੁੱਖ ਅਧਿਕਾਰੀ ਵਜੋਂ ਕੰਮ ਕਰਨਾ ਹੋਵੇਗਾ।



ਨਿਊਜਰਸੀ ਦੇ ਨਵੇਂ ਚੁਣੇ ਗਵਰਨਰ ਫਿਲ ਮਰਫ਼ੀ ਨੇ ਕਿਹਾ ਕਿ ਸਾਡੇ ਸੂਬੇ ਨੂੰ ਕਿਸੇ ਮਜ਼ਬੂਤ ਵਿਅਕਤੀ ਦੀ ਜ਼ਰੂਰਤ ਸੀ ਜੋ ਰਾਸ਼ਟਰਪਤੀ ਟਰੰਪ ਅਤੇ ਕਾਂਗਰਸ ਵਿਚ ਰੀਪਬਲਿਕਨ ਲੀਡਰਸ਼ਿਪ ਸਾਹਮਣੇ ਖੜ੍ਹ ਕੇ ਸਾਡੇ ਸੂਬੇ ਅਤੇ 9 ਮਿਲੀਅਨ ਲੋਕਾਂ ਦੇ ਹੱਕਾਂ ਅਤੇ ਕਦਰਾਂ ਕੀਮਤਾਂ ਦੀ ਗੱਲ ਕਰ ਸਕੇ। ਇਸ ਨਿਯੁਕਤੀ ਨਾਲ ਉਨ੍ਹਾਂ ਦਾ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਸਿੱਧਾ ਤਰਕਾਰ ਹੋਣ ਦੀ ਸੰਭਾਵਨਾ ਹੈ। ਫਿਲ ਮਰਫ਼ੀ 16 ਜਨਵਰੀ ਨੂੰ ਨਿਊਜਰਸੀ ਦੇ ਗਵਰਨਰ ਦਾ ਅਹੁਦਾ ਸੰਭਾਲਣਗੇ।

ਗੁਰਬੀਰ ਗਰੇਵਾਲ ਪਹਿਲਾਂ ਨਿਊਜਰਸੀ ਦੀ ਬਰਗਨ ਕਾਉਂਟੀ ਵਿਚ ਚੋਟੀ ਦੇ ਵਕੀਲ ਸਨ ਅਤੇ ਉਹ ਅਮਰੀਕੀ ਅਟਾਰਨੀ ਦੇ ਦਫ਼ਤਰ

ਬਾਕੀ ਸਫ਼ਾ 33 'ਤੇ

# ਕਨੇਡਾ ਦੀ ਪੁਲੀਸ ਨੇ ਤੂਰ ਜੋੜੀ ਨੂੰ ਕੁਇੰਟਲ ਕੋਕੀਨ ਸਣੇ ਕੀਤਾ ਕਾਬੂ

## ਟਰੱਕ 'ਚ ਕੈਲੀਫੋਰਨੀਆਂ ਤੋਂ ਲੈ ਕੇ ਜਾ ਰਹੇ ਸਨ 84 ਲੱਖ ਡਾਲਰ ਦੀ ਕੀਮਤ ਵਾਲੀ ਡਰੱਗ

**ਕੈਲਗਰੀ/ਬਿਊਰੋ ਨਿਊਜ਼:** ਰਾਇਲ ਕੈਨੇਡੀਅਨ ਮਾਊਂਟਡ ਪੁਲੀਸ (ਆਰਸੀਐਮਪੀ) ਅਤੇ ਕੈਨੇਡੀਅਨ ਬਾਰਡਰ ਸਰਵਿਸਿਜ਼ ਏਜੰਸੀ (ਸੀਬੀਐਸਏ) ਨੇ ਸਾਂਝੀ ਕਾਰਵਾਈ ਦੌਰਾਨ ਕੈਨੇਡਾ-ਅਮਰੀਕਾ ਸਰਹੱਦ ਤੋਂ ਤਕਰੀਬਨ ਇੱਕ ਕੁਇੰਟਲ ਕੋਕੀਨ ਸਮੇਤ ਦੋ ਪੰਜਾਬੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਕੋਕੀਨ ਸਮੇਤ ਫੜੇ ਗਏ ਦੋ ਪੰਜਾਬੀਆਂ ਦੀ ਪਛਾਣ ਗੁਰਮਿੰਦਰ ਸਿੰਘ ਤੂਰ (31ਸਾਲ) ਅਤੇ ਕਿਰਨਦੀਪ ਕੌਰ ਤੂਰ (26 ਸਾਲ) ਵਜੋਂ ਹੋਈ ਹੈ। ਅਲਬਰਟਾ ਸੂਬੇ ਵਿੱਚ ਹੁਣ ਤਕ ਫੜੇ ਗਏ ਨਸ਼ੀਲੇ ਪਦਾਰਥਾਂ ਦੀ ਇਹ ਸਭ ਤੋਂ ਵੱਡੀ ਖੇਪ ਦੱਸੀ ਜਾ ਰਹੀ ਹੈ। ਕੈਲਗਰੀ ਹਵਾਈ ਅੱਡੇ ਵਿਚਲੇ ਸੀਬੀਐਸਏ ਦਫ਼ਤਰ 'ਚ ਸੱਦੀ ਪ੍ਰੈੱਸ ਕਾਨਫਰੰਸ ਦੌਰਾਨ ਇਹ ਖੁਲਾਸਾ ਕੀਤਾ ਗਿਆ।

ਸੂਹੀਆ ਏਜੰਸੀਆਂ ਦੀ ਸੂਚਨਾ ਬਾਅਦ ਸੀਬੀਐਸਏ ਅਤੇ ਆਰਸੀਐਮਪੀ ਨੇ ਇੱਕ ਟਰੱਕ ਦੀ ਛਾਣਬੀਣ ਕੀਤੀ, ਜੋ ਦੋ ਦਸੰਬਰ ਦੀ ਰਾਤ ਕੈਲੀਫੋਰਨੀਆ ਤੋਂ ਕੈਲਗਰੀ ਦਾ ਲੋਡ ਲੈ ਕੇ ਆ ਰਿਹਾ ਸੀ। ਸਭ ਤੋਂ ਪਹਿਲਾਂ ਪੁਲੀਸ ਨੂੰ ਟਰੱਕ ਵਿਚਲੇ ਮਾਈਕਰੋਵੇਵ ਦੇ ਪਿੱਛੋਂ ਕੋਕੀਨ ਦੀਆਂ ਅੱਠ ਇੱਟਾਂ ਮਿਲੀਆਂ। ਇਸ ਬਾਅਦ ਪੂਰੇ ਟਰੱਕ ਦੀ ਚੈਕਿੰਗ ਦੌਰਾਨ ਕੋਕੀਨ ਦੀਆਂ 84 ਇੱਟਾਂ ਬਰਾਮਦ ਹੋਈਆਂ, ਜੋ ਬਹੁਤ ਹੀ ਯੋਜਨਾਬੱਧ ਢੰਗ ਨਾਲ



ਟਰੱਕ 'ਚ ਛੁਪਾਈਆਂ ਗਈਆਂ ਸਨ। ਆਰਸੀਐਮਪੀ ਦੇ ਇੰਸਪੈਕਟਰ ਐਲਨ ਲੈਈ ਨੇ ਦੱਸਿਆ ਕਿ ਇਸ ਡਰੱਗ ਨੂੰ ਕੈਲਗਰੀ ਅਤੇ ਇਸ ਦੇ ਆਲੇ ਦੁਆਲੇ ਦੇ ਇਲਾਕਿਆਂ ਵਿੱਚ ਸਪਲਾਈ ਕੀਤਾ ਜਾਣਾ ਸੀ। ਬਰਾਮਦ ਕੀਤੀ ਕੋਕੀਨ ਦੀ ਕੀਮਤ ਅੰਦਾਜ਼ਨ 84 ਲੱਖ ਡਾਲਰ ਬਣਦੀ ਹੈ। ਮੁਲਜ਼ਮ ਗੁਰਮਿੰਦਰ ਸਿੰਘ ਤੂਰ ਅਤੇ ਕਿਰਨਦੀਪ ਕੌਰ ਤੂਰ ਅਮਰੀਕਾ ਦੇ ਵਸਨੀਕ ਦੱਸੇ ਜਾ ਰਹੇ ਹਨ ਅਤੇ ਦੋਹਾਂ ਨੂੰ ਲੈਥਬ੍ਰਿਜ ਸ਼ਹਿਰ ਦੀ ਅਦਾਲਤ 'ਚ ਪੇਸ਼ ਕੀਤਾ ਗਿਆ।

## ਮੁਲਕ ਦੀ ਢਿੱਲੀ ਆਵਾਸ ਪ੍ਰਣਾਲੀ ਨੂੰ ਕਸਣ ਦੀ ਲੋੜ : ਟਰੰਪ

### ਅਮਰੀਕਾ ਨੂੰ ਬਚਾਉਣ ਲਈ ਰੋਕਣਾ ਪਵੇਗਾ 'ਲੜੀਵਾਰ' ਪਰਵਾਸ

**ਵਾਸ਼ਿੰਗਟਨ/ਬਿਊਰੋ ਨਿਊਜ਼:** ਆਈਐਸਆਈਐਸ ਤੋਂ ਪ੍ਰੇਰਿਤ ਬੰਗਲਾਦੇਸ਼ੀ ਮੂਲ ਦੇ ਵਿਅਕਤੀ ਵੱਲੋਂ



ਨਿਊਯਾਰਕ ਸਿਟੀ ਦੇ ਭੀੜ ਭੜੱਕੇ ਵਾਲੇ ਮੈਟਰੋ ਸਟੇਸ਼ਨ ਉਤੇ ਧਮਾਕਾ ਕੀਤੇ ਜਾਣ ਦੇ ਇਕ ਦਿਨ ਬਾਅਦ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਅਮਰੀਕਾ ਨੂੰ ਬਚਾਉਣ ਵਾਸਤੇ ਕਾਂਗਰਸ ਨੂੰ ਕਿਹਾ ਕਿ ਢਿੱਲੀ' ਆਵਾਸ ਪ੍ਰਣਾਲੀ 'ਚ ਸੁਧਾਰ ਅਤੇ ਲੜੀਵਾਰ ਪਰਵਾਸ' ਨੂੰ ਰੋਕਣ ਲਈ ਤੁਰੰਤ ਕਦਮ ਚੁੱਕੇ ਜਾਣ। ਪੁਲੀਸ ਨੇ ਦੱਸਿਆ ਕਿ 27 ਸਾਲਾ ਸ਼ੱਕੀ ਹਮਲਾਵਰ ਅਕਾਇਦ ਉੱਲ੍ਹਾ ਨੇ ਤਾਰਾਂ ਤੇ ਪਾਈਪ ਬੰਬ ਆਪਣੇ ਸਰੀਰ 'ਤੇ ਵਲੇਟਿਆ ਹੋਇਆ ਸੀ। ਇਹ ਬੰਬ ਪੋਰਟ ਅਥਾਰਟੀ ਨੇੜੇ ਦੋ ਸਬਵੇਅ ਪਲੇਟਫਾਰਮਾਂ

ਬਾਕੀ ਸਫ਼ਾ 33 'ਤੇ

For Advertisements in Quomantry Amritsar Times Please Call :
Jai Singh
510-677-2777
















www.DeedaDay.in
ਬੱਚੇ ਪੜਾਓ ਪੰਜਾਬ ਬਚਾਓ
EDUCATE KIDS SAVE PUNJAB
KALGIDHAR SOCIETY
BARU SAHIB
14,494
FREE/AIDED
OUT OF A TOTAL OF
65,000 STUDENTS
STUDYING IN
AKAL ACADEMIES
1832
SC/ST/LIG KIDS
8569
DISADVANTAGED GIRLS
3402
OTHERS (MARTYR FAMILIES, LANDLESS, MARGINALIZED SIKH GROUPS
176
KIDS OF FARMERS WHO COMMITTED SUICIDE
325
KIDS OF GRANTHI SINGHS
190
ACCIDENT VICTIMS
DOWNLOAD DeedaDay APP
Google play
TO SPONSOR A CHILD
info@DeedaDay.in | f | YouTube
Donate through Bank:
"Eternal Charitable Foundation" Chase Bank A/c in USA#: 988517371
A 501 © (3) Organization Fed. Tax ID# 26-1446079
Eternal Charitable Foundation
Ravideep Kaur Mukta: 805 Ingleside Drive, Plano, TX 75075 972-693-1077 mukta@barusahib.org
SEMINAR
INVITATION
Sikh Religious
Society Palatine Gurdwara
Sunday, Dec 24th, 2017 11.00 AM
FOR INFORMATION CALL: MAJOR GURCHARAN SINGH JHAJ 847-330-1421

# ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ 5 ਜਨਵਰੀ ਨੂੰ ਮਨਾਉਣ ਦੀ ਅਪੀਲ

## *ਏਜੀਪੀਸੀ ਨੇ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਪੂਰਨ ਤੌਰ 'ਤੇ ਲਾਗੂ ਕਰਨ ਦੀ ਕੀਤੀ ਮੰਗ*

**ਫਰੀਮਾਂਟ/ਬਿਊਰੋ ਨਿਊਜ਼:** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ) ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੂੰ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 25 ਦਸੰਬਰ ਨੂੰ ਮਨਾਏ ਜਾ ਰਹੇ ਪ੍ਰਕਾਸ਼ ਪੁਰਬ 'ਤੇ ਬਣੀ ਦੁਬਿੱਧਾ 'ਚੋਂ ਸਮੂਹ ਸੰਗਤਾਂ ਨੂੰ ਬਾਹਰ ਕੱਢਣ ਦੀ ਮੰਗ ਕੀਤੀ। ਉਨ੍ਹਾਂ ਨੇ ਸਮੂਹ ਸਿੱਖ ਜਗਤ ਨੂੰ ਦਸਮ ਪਾਤਸ਼ਾਹ ਜੀ ਦਾ ਪ੍ਰਕਾਸ਼ ਪੁਰਬ 5 ਜਨਵਰੀ ਨੂੰ ਮਨਾਉਣ ਦੀ ਅਪੀਲ ਕੀਤੀ।

ਏਜੀਪੀਸੀ ਦਾ ਕਹਿਣਾ ਹੈ ਕਿ ਸਿੱਖ ਜਗਤ ਦੀਆਂ ਭਾਵਨਾਵਾਂ ਦੇ ਮੱਦੇਨਜ਼ਰ ਉਨ੍ਹਾਂ ਨੂੰ ਮੂਲ ਨਾਨਕਸ਼ਾਹੀ ਕੈਲੰਡਰ-2003 ਨੂੰ ਪੂਰਨ ਤੌਰ 'ਤੇ ਲਾਗੂ ਕਰਨਾ ਚਾਹੀਦਾ ਹੈ। ਉਨ੍ਹਾਂ ਜਥੇਦਾਰ ਸਾਹਿਬ ਨੂੰ ਬੇਨਤੀ ਕਰਦਿਆ ਕਿਹਾ ਕਿ ਮਨਾਏ ਜਾਣ ਵਾਲੇ ਗੁਰਪੁਰਬ ਅਤੇ ਹੋਰ ਇਤਿਹਾਸਕ ਦਿਹਾੜਿਆਂ ਦੀ ਉਲਝਣ 'ਚੋਂ ਸਮੂੰਹ ਜਗਤ ਨੂੰ ਕੱਢਣਾ ਅਤਿਅੰਤ ਜਰੂਰੀ ਹੋ ਗਿਆ ਹੈ।

ਏਜੀਪੀਸੀ ਦੇ ਪ੍ਰਧਾਨ ਸ. ਜਸਵੰਤ ਸਿੰਘ ਹੋਠੀ ਅਤੇ ਕੋਆਡੀਨੇਟਰ ਸ. ਪ੍ਰਿਤਪਾਲ ਸਿੰਘ ਨੇ ਇੱਥੇ ਜਾਰੀ ਇੱਕ ਸਾਂਝੇ ਪ੍ਰੈਸ ਬਿਆਨ ਰਾਹੀਂ ਕਿਹਾ ਕਿ ਜੇਕਰ ਨਾਨਕਸ਼ਾਹੀ ਕੈਲੰਡਰ ਨੂੰ ਪੂਰਨ ਤੌਰ 'ਤੇ ਲਾਗੂ ਕੀਤਾ ਹੁੰਦਾ ਤਾਂ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜੇ ਪ੍ਰਤੀ ਬਣੀ ਦੁਬਿੱਧਾ ਕਦੇ ਵੀ ਪੈਦਾ ਨਹੀਂ ਸੀ ਹੋਣੀ। ਉਨ੍ਹਾਂ ਕਿਹਾ ਕਿ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ ਪਈ ਉਲਝਨ ਦਾ ਕਾਰਨ ਇਹ ਹੈ ਕਿ ਨਾਨਕਸ਼ਾਹੀ ਕੈਲੰਡਰ ਨੂੰ ਅਜੇ ਤੱਕ ਪੂਰਨ ਤੌਰ 'ਤੇ ਸੋਧਾਂ ਕਰਕੇ ਸਹੀ ਤਰੀਕੇ ਨਾਲ ਲਾਗੂ ਨਾ ਕਰਨਾ ਹੈ। ਉਨ੍ਹਾਂ ਮੰਗ ਕਰਦਿਆ ਕਿਹਾ ਜਦੋਂ ਤੱਕ ਨਾਨਕਸ਼ਾਹੀ ਕੈਲੰਡਰ ਸਹੀ ਢੰਗ ਨਾਲ ਜਾਰੀ ਨਹੀਂ ਹੁੰਦਾ, ਉਦੋਂ ਤੱਕ ਸਮੂੰਹ ਸਿੱਖ ਜਗਤ ਨੂੰ




ਅਜਿਹੀ ਉਲਝਣ ਦਾ ਸਾਹਮਣਾ ਕਰਨਾ ਪਵੇਗਾ। ਦੋਵਾਂ ਅਮਰੀਕਨ ਸਿੱਖ ਆਗੂਆਂ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਅਗਵਾਈ ਸਿੱਖ ਲਈ ਉਚ ਹੈ। ਉਨ੍ਹਾਂ ਕਿਹਾ ਕਿ ਬਹੁਤ ਸਾਰੇ ਸਿੱਖਾਂ ਨੇ 25 ਦਸੰਬਰ ਨੂੰ ਦਸਮ ਪਿਤਾ ਦਾ ਗੁਰਪੁਰਬ ਮਨਾਉਣ ਦਾ ਫੈਸਲਾ ਕੀਤਾ ਹੈ। ਜਦ ਕਿ ਕਈ ਸਿੱਖਾਂ ਨੇ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ 5 ਜਨਵਰੀ ਨੂੰ ਮਨਾਉਣ ਦਾ ਮਨ ਬਣਾ ਲਿਆ ਹੈ। ਸਿੱਖ ਕੌਮ ਨੂੰ ਇਸ ਉਲਝਣ 'ਚੋਂ ਕੱਢਣ ਲਈ ਸੋਚ-ਵਿਚਾਰ ਕੇ ਦਿਹਾੜਿਆਂ ਤੇ ਗੁਰਪੁਰਬ ਦਾ ਇਕ ਸਮਾਂ ਮਿਥਿਆ ਜਾਵੇ ਤਾਂ ਜੋ ਸਮੂੰਹ ਜਗਤ ਤਿਉਹਾਰ ਨੂੰ ਇਕਜੁਟਤਾ ਨਾਲ ਮਨਾ ਸਕੇ।

ਏਜੀਪੀਸੀ ਦੇ ਆਗੂਆਂ ਨੇ ਕਿਹਾ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਤਿਕਾਰ ਕਰਦੇ ਹਨ ਅਤੇ ਇਹ ਸਮਝਦੇ ਹਨ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਾਰੇ ਤਖ਼ਤਾਂ ਅਤੇ ਸਮੂਹ ਸਿੱਖ ਸੰਗਤ ਨਾਲ ਵਿਚਾਰ ਕਰਕੇ ਇਕ ਕਮੀ ਬਣਾਵੇ ਅਤੇ ਇਸ ਸੰਜੀਦਾ ਧਾਰਮਿਕ ਮੁੱਦੇ 'ਤੇ ਫ਼ੈਸਲੇ ਲਈ ਇਕ ਆਮ ਸਹਿਮਤੀ ਬਣਾਉਣਗੇ। ਉਨ੍ਹਾਂ ਕਿਹਾ ਕਿ ਉਹ ਨਹੀਂ ਚਾਹੁੰਦੇ ਕਿ ਪੰਥ 'ਚ ਕਿਸੇ ਤਰ੍ਹਾਂ ਦੇ ਵਲ-ਵਲੇਵੇ ਪਏ ਰਹਿਣ। ਇਸ ਕਰਕੇ ਇਸ ਤਰ੍ਹਾਂ ਦੇ ਮਸਲੇ ਜਲਦ ਤੋਂ ਜਲਦ ਹੱਲ ਹੋਣੇ ਚਾਹੀਦੇ ਹਨ।

# ਬੇਏਰੀਆ ਦੇ ਪੰਜਾਬੀਆਂ ਵਲੋਂ ਲੰਘਣ ਵਾਲੇ ਵਰ੍ਹੇ ਨੂੰ 'ਸੰਗੀਤਕ ਅਲਵਿਦਾ'

## *ਗੀਤ-ਸੰਗੀਤ ਐਂਟਰਟੇਨਮੈਂਟ ਦੀ ਸੁਰੀਲੀ ਸ਼ਾਮ ਨੇ ਸਭਨਾਂ ਦੇ ਮਨ ਮੋਹੇ*

**ਫਰੀਮਾਂਟ/ਹੁਸਨ ਲੜੋਆ ਬੰਗਾ:**

ਗੀਤ-ਸੰਗੀਤ ਐਂਟਰਟੇਨਮੈਂਟ ਵੱਲੋਂ ਪ੍ਰੋਗਰਾਮ ਜੋ ਪੈਰਾਡਾਈਜ ਬਾਲਰੂਮ ਫਰੀਮਾਂਟ'ਚ "ਸ਼ਾਮ ਸ਼ੁਨਿਹਰੀ " ਬਣਾ ਕੇ ਪੇਸ਼ ਕੀਤਾ ਗਿਆ ਜੋ ਨਵੇਂ ਆ ਰਹੇ ਵਰ੍ਹੇ ਨੂੰ ਸਮਰਪਤ ਸੀ। ਇਸ ਪ੍ਰੋਗਰਾਮ ਵਿੱਚ ਜਿਥੇ ਵੱਖ ਵੱਖ ਵੱਖ ਗਾਇਕ ਕਲਾਕਾਰਾਂ ਨੇ ਸਮੂਲੀਅਤ ਕੀਤੀ ਉਥੇ ਭਾਈਚਾਰੇ ਦੀਆਂ ਪ੍ਰਮੁੱਖ ਸਖਸ਼ੀਅਤਾਂ ਨੇ ਵੀ ਭਰਪੂਰ ਦਰਸ਼ਕ ਰੂਪੀ ਹਾਜਰੀ ਭਰੀ। ਪੰਜਾਬੀ ਕਲਾਕਾਰਾਂ ਵਿੱਚ ਸੁਰਿੰਦਰ ਛਿੰਦਾ' ਅਤੇ ਐਚ ਐਸ ਭਜਨ ਦੇ ਗਾਏ ਗੀਤਾਂ ਨੇ, ਪੈਰਾਡਾਈਜ ਬਾਲਰੂਮਜ ਨੂੰ, ਸੁਰ-ਤਾਲ, ਸੁਰੀਲੀ ਜੋਸ਼ੀਲੀ ਆਵਾਜ਼ ਤੇ ਹੇਕਾਂ ਨਾਲ ਇਹੋ ਜਿਹਾ ਭਰਪੂਰ ਕੀਤਾ ਕਿ ਨੱਕੋ-ਨੱਕ ਭਰੇ ਹਾਲ ਵਿਚਲੇ ਦਰਸ਼ਕਾਂ ਨੇ ਪੂਰਾ ਸੰਗੀਤਕ ਅਨੰਦ ਲਿਆ।। ਦੋਹਾਂ




ਗਾਇਕਾਂ ਨੇ ਇਸ ਪ੍ਰੋਗਰਾਮ 'ਚ ਆਪਣੇ ਆਪਣੇ ਚਰਚਿੱਤ ਨਵੇਂ ਪੁਰਾਣੇ ਗੀਤਾਂ ਨਾਲ ਭਰਪੂਰ ਹਾਜਰੀ ਲੁਆਈ। ਪ੍ਰਬੰਧਕਾਂ'ਚ ਆਸ਼ਾ ਸ਼ਰਮਾ ਅਤੇ ਸੁਖਦੇਵ ਸਾਹਿਲ ਵਲੋਂ ਕੀਤੇ ਪੁਖਤਾ ਪ੍ਰਬੰਧਾਂ 'ਚ ਸ਼ਾਮ-ਸੁਨਹਿਰੀ ਵਿਚਲਾ ਸਾਜ਼ਗਾਰ ਮਾਹੌਲ ਹਰ ਹਾਜ਼ਰ ਸਖ਼ਸ਼ ਨੂੰ ਮਨੋਂ-ਦਿਲੋਂ ਛੂਹ ਗਿਆ। ਪੰਜਾਬੀਅਤ ਦੇ ਰੰਗ 'ਚ ਰੰਗੇ ਇਸ ਮਾਹੌਲ 'ਚ, ਇੱਕ ਤੋਂ ਵੱਧ ਇੱਕ ਸੁਰੀਲੇ ਸੁਰਾਂ ਵਾਲੇ ਗੀਤਾਂ ਨੇ ਦਰਸ਼ਕਾਂ ਨੂੰ ਇਹੋ ਜਿਹਾ ਕੀਲਿਆ ਕਿ ਰਤਾ ਭਰ ਵੀ ਹਿਲਜੁਲ, ਰੌਲਾ-ਰੱਪਾ, ਸ਼ੋਰ-ਸ਼ਰਾਬਾ ਕਿਧਰੇ ਵੀ ਵੇਖਣ ਨੂੰ ਨਾ ਮਿਲਿਆ। ਸ਼ਾਮ-ਸੁਨਿਹਰੀ ਦਾ ਆਗਾਜ਼ ਸੁਖਦੇਵ ਸਾਹਿਲ ਨੇ ਕੀਤਾ। ਫਿਰ ਸਾਹਿਲ ਦੇ ਸ਼ਗਿਰਦ ਨਵ ਰੰਧਾਵਾ ਨੇ ਸੁਰੀਲੇ ਸੁਰਾਂ 'ਚ ਹਾਜ਼ਰੀ ਲਗਵਾਈ। ਟੀਨਾ ਮਾਨ ਨੇ ਸੁਚੱਜੇ, ਸੋਹਣੇ-ਮਨਮੋਹਣੇ ਇਹੋ ਜਿਹੇ ਗੀਤ ਗਾਏ ਕਿ ਉਸਦੀ ਮਿੱਠੀ ਆਵਾਜ਼ ਨਾਲ ਹਾਲ ਮਹਿਕ ਉਠਿਆ। ਪੰਜਾਬੀ ਸਭਿਆਚਾਰ ਨੂੰ ਸਮਰਪਿਤ ਇਸ ਪ੍ਰੋਗਰਾਮ ਦਾ ਸੰਚਾਲਨ ਬੋਲਾਂ

ਬਾਕੀ ਸਫ਼ਾ 33 'ਤੇ

CHAAT BHAVAN RESTAURANT
CHAAT BHAVAN®
Best Name for Indian Vegetarian Food
DINE IN • TAKE OUT • CATERING • DELIVERY

ਵਿਆਹ ਸ਼ਾਦੀ, ਬਰਥ ਡੇ ਪਾਰਟੀ, ਐਨੀਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ।
FOR CATERING INQUIRIES:
408.472.0229
Catering
FULL SERVICE CATERING FOR YOUR SPECIAL EVENT
from 50 to upto 10,000 guests.
Setup a Tasting Appointment Today!
5355 MOWRY AVENUE • FREMONT
510.795.1100
976 E. EL CAMINO REAL • SUNNYVALE
408.795.1100
4112 GRAFTON ST • DUBLIN
925.829.1700
WWW.CHAATBHAVAN.COM

# 1984 ਸਿੱਖ ਨਸਲਕੁਸ਼ੀ ਮਾਮਲੇ 'ਚ 33 ਸਾਲਾਂ ਬਾਅਦ ਦਿੱਲੀ ਹਾਈਕੋਰਟ ਨੇ ਸੱਜਣ ਕੁਮਾਰ ਖ਼ਿਲਾਫ਼ ਕਤਲਾਂ 'ਚ ਭੂਮਿਕਾ ਬਾਰੇ ਬਿਆਨ ਮੰਗੇ

**ਨਵੀਂ ਦਿੱਲੀ/ਸਿੱਖ ਸਿਆਸਤ ਬਿਊਰੋ:**
ਦਿੱਲੀ ਹਾਈ ਕੋਰਟ ਨੇ 1984 ਸਿੱਖ ਕਤਲੇਆਮ ਸਬੰਧੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਐਸ.ਆਈ. ਟੀ.) ਨੂੰ ਕਾਂਗਰਸੀ ਆਗੂ ਸੱਜਣ ਕੁਮਾਰ ਖਿਲਾਫ਼ ਗਵਾਹਾਂ ਵਲੋਂ ਦਰਜ ਕਰਵਾਏ ਬਿਆਨਾਂ ਨੂੰ ਅਦਾਲਤ ਸਾਹਮਣੇ ਪੇਸ਼ ਕਰਨ ਲਈ ਕਿਹਾ। ਜਸਟਿਸ ਅਨੁ ਮਲਹੋਤਰਾ ਨੇ ਸੋਮਵਾਰ 11 ਦਸੰਬਰ ਨੂੰ ਸੁਣਵਾਈ ਦੌਰਾਨ ਐਸ.ਆਈ. ਟੀ. ਵੱਲੋਂ ਪੇਸ਼ ਹੋਏ ਵਧੀਕ ਸਾਲਿਸਟਰ ਜਨਰਲ ਸੰਜੇ ਜੈਨ ਨੂੰ ਕਿਹਾ ਕਿ ਕਤਲਾਂ ਸਬੰਧੀ ਮਾਮਲਾ ਦਰਜ ਹੋਣ ਤੋਂ ਬਾਅਦ ਪੁਲਿਸ ਅਤੇ ਮੈਜਿਸਟ੍ਰੇਟ ਵਲੋਂ ਸੱਜਣ ਕੁਮਾਰ ਖ਼ਿਲਾਫ਼ ਗਵਾਹਾਂ ਦੇ ਦਰਜ ਕੀਤੇ ਬਿਆਨਾਂ ਨੂੰ ਅਦਾਲਤ ਸਾਹਮਣੇ ਪੇਸ਼ ਕੀਤਾ ਜਾਵੇ। ਵਧੀਕ ਸਾਲਿਸਟਰ ਜਨਰਲ ਜਿਹੜੇ ਸੱਜਣ ਕੁਮਾਰ ਦੀ ਜ਼ਮਾਨਤ ਰੱਦ ਕਰਨ ਸਬੰਧੀ ਅਦਾਲਤ 'ਚ ਪੁੱਜੇ ਸਨ ਨੂੰ ਹਾਈ ਕੋਰਟ ਨੇ ਕਿਹਾ ਕਿ ਇਨ੍ਹਾਂ ਬਿਆਨਾਂ ਦੀ ਇਕ ਕਾਪੀ ਕਾਂਗਰਸੀ ਆਗੂ ਦੇ ਵਕੀਲ ਨੂੰ ਵੀ ਮੁਹੱਈਆ ਕਰਵਾਈ ਜਾਵੇ।



ਵਧੀਕ ਸਾਲਿਸਟਰ ਜਨਰਲ ਨੇ ਕਿਹਾ ਕਿ ਸੱਜਣ ਕੁਮਾਰ ਪੁਲਿਸ ਹਿਰਾਸਤ 'ਚ ਨਹੀਂ ਹੈ, ਇਸ ਲਈ ਗਵਾਹ ਸਾਹਮਣੇ ਨਹੀਂ ਆਏ ਸਨ। ਉਨ੍ਹਾਂ ਕਿਹਾ ਕਿ ਕਤਲੇਆਮ ਤੋਂ ਬਾਅਦ ਆਪਣੀ ਜਾਨ ਨੂੰ ਖ਼ਤਰਾ ਦੇਖਦਿਆਂ ਪੀੜਤ ਅਤੇ ਗਵਾਹ ਆਪਣੇ ਪਰਿਵਾਰਾਂ ਸਣੇ ਪੰਜਾਬ ਚਲੇ ਗਏ ਸਨ ਅਤੇ ਉਹ ਹੁਣ ਸਾਹਮਣੇ ਆਏ ਹਨ। ਜ਼ਿਕਰਯੋਗ ਹੈ ਕਿ ਸੱਜਣ ਕੁਮਾਰ ਖ਼ਿਲਾਫ਼ ਜਨਕਪੁਰੀ ਅਤੇ ਵਿਕਾਸ ਪੁਰੀ ਦੇ ਪੁਲਿਸ ਥਾਣਿਆਂ 'ਚ ਸੋਹਨ ਸਿੰਘ ਅਤੇ ਅਵਤਾਰ ਸਿੰਘ ਦੇ ਕਤਲ ਅਤੇ ਗੁਰਚਰਨ ਸਿੰਘ ਨੂੰ ਸਾੜਨ, ਜੋ 50 ਫ਼ੀਸਦੀ ਸੜ ਗਿਆ ਸੀ ਅਤੇ ਤਿੰਨ ਸਾਲ ਪਹਿਲਾਂ ਮੌਤ ਹੋ ਗਈ ਸੀ, ਸਬੰਧੀ ਮਾਮਲਾ ਦਰਜ ਕੀਤਾ ਗਿਆ ਹੈ।

## ਦਿੱਲੀ ਹਾਈਕੋਰਟ ਨੇ ਤਿਹਾੜ ਜੇਲ੍ਹ ਪ੍ਰਸ਼ਾਸਨ ਨੂੰ ਭਾਈ ਹਵਾਰਾ ਦਾ ਇਲਾਜ ਕਰਾਉਣ ਲਈ ਕਿਹਾ

**ਨਵੀਂ ਦਿੱਲੀ/ਸਿੱਖ ਸਿਆਸਤ ਬਿਊਰੋ**, ਦਿੱਲੀ ਦੀ ਤਿਹਾੜ ਜੇਲ੍ਹ 'ਚ ਬੰਦ ਸਿਆਸੀ ਸਿੱਖ ਕੈਦੀ ਭਾਈ ਜਗਤਾਰ ਸਿੰਘ ਹਵਾਰਾ ਦੀ ਰੀੜ੍ਹ ਦੀ ਹੱਡੀ ਦਾ ਇਲਾਜ ਕਰਾਉਣ ਲਈ ਦਿੱਲੀ ਹਾਈ ਕੋਰਟ ਨੇ ਤਿਹਾੜ ਜੇਲ੍ਹ ਪ੍ਰਸ਼ਾਸਨ ਨੂੰ ਆਦੇਸ਼ ਦਿੱਤੇ ਹਨ। ਮਿਲੀ ਜਾਣਕਾਰੀ ਮੁਤਾਬਕ ਦਿੱਲੀ ਹਾਈ ਕੋਰਟ ਨੇ ਜੇਲ੍ਹ ਪ੍ਰਸ਼ਾਸਨ ਨੂੰ ਦਿੱਤੇ ਹੁਕਮਾਂ ਵਿੱਚ ਕਿਹਾ ਹੈ ਕਿ ਭਾਈ ਜਗਤਾਰ ਸਿੰਘ ਹਵਾਰਾ ਨੂੰ ਤੁਰੰਤ ਵੀਲ੍ਹ ਚੇਅਰ, ਫਿਜ਼ੀਓਥੈਰੇਪਿਸਟ ਅਤੇ ਸਿਟਿੰਗ ਟੌਇਲਟ ਸੀਟ ਮੁਹੱਈਆ ਕਰਵਾਈ ਜਾਵੇ ਅਤੇ ਹਵਾਰਾ ਦੀ ਫਿਜ਼ੀਓਥੈਰੇਪੀ ਯਕੀਨੀ ਬਣਾਈ ਜਾਵੇ।

# ਰਾਹੁਲ ਗਾਂਧੀ ਦੀ ਕਾਂਗਰਸ ਪ੍ਰਧਾਨ ਵਜੋਂ ਚੋਣ ਦੀ ਰਸਮ ਮੁਕੰਮਲ

**ਨਵੀਂ ਦਿੱਲੀ/ਬਿਊਰੋ ਨਿਊਜ਼:** ਰਾਹੁਲ ਗਾਂਧੀ ਸਰਬਸੰਮਤੀ ਨਾਲ ਕਾਂਗਰਸ ਦੇ ਪ੍ਰਧਾਨ ਚੁਣੇ ਗਏ। ਪਾਰਟੀ ਦੇ ਕੇਂਦਰੀ ਚੋਣ ਅਥਾਰਟੀ ਦੇ ਮੁਖੀ ਮੁੱਲਾਪੱਲੀ ਰਾਮਾਚੰਦਰਨ ਨੇ ਸੋਮਵਾਰ ਨੂੰ ਇੱਥੇ ਇਹ ਜਾਣਕਾਰੀ ਦਿੱਤੀ। ਜ਼ਿਕਰਯੋਗ ਹੈ ਕਿ ਨਹਿਰੂ ਗਾਂਧੀ ਪਰਿਵਾਰ ਦੇ ਵੰਸ਼ਜ ਰਾਹੁਲ ਇਸ ਦੌੜ ਵਿੱਚ ਇਕੱਲੇ ਉਮੀਦਵਾਰ ਸੀ। ਰਾਹੁਲ ਗਾਂਧੀ ਆਪਣੀ ਮਾਂ ਸੋਨੀਆ ਗਾਂਧੀ ਦੀ ਥਾਂ ਲੈਣਗੇ ਜੋ 19 ਸਾਲ ਤਕ ਕਾਂਗਰਸ ਦੇ ਪ੍ਰਧਾਨ ਰਹੇ। ਰਾਹੁਲ ਨੂੰ ਜਨਵਰੀ 2013 ਵਿੱਚ ਪਾਰਟੀ ਦਾ ਉਪ ਪ੍ਰਧਾਨ ਬਣਾਇਆ ਗਿਆ ਸੀ। ਦੂਜੇ ਪਾਸੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਟਵਿੱਟਰ 'ਤੇ ਰਾਹੁਲ ਨੂੰ ਕਾਂਗਰਸ ਪ੍ਰਧਾਨ ਬਣਨ 'ਤੇ ਵਧਾਈ ਦਿੱਤੀ। ਉਹ ਗੁਜਰਾਤ ਚੋਣਾਂ ਦੇ ਨਤੀਜਿਆਂ ਤੋਂ ਪਹਿਲਾਂ ਇਹ ਜ਼ਿੰਮੇਵਾਰੀ ਸੰਭਾਲ ਲੈਣਗੇ। ਕਾਂਗਰਸ ਪ੍ਰਧਾਨ ਚੁਣੇ ਜਾਣ ਤੋਂ ਬਾਅਦ ਰਾਹੁਲ ਗਾਂਧੀ ਨੇ ਮੋਦੀ 'ਤੇ ਕਟਾਖਸ਼ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਗੁਜਰਾਤ ਚੋਣਾਂ ਵਿੱਚ ਪਾਕਿਸਤਾਨ, ਚੀਨ ਅਤੇ ਜਾਪਾਨ ਦੀ ਗੱਲ ਕਰਦੇ ਹਨ ਜਦੋਂ ਕਿ ਉਹ ਆਪਣੇ ਗ੍ਰਹਿ ਰਾਜ ਬਾਰੇ ਬੋਲਣ ਤੋਂ ਗੁਰੇਜ਼ ਕਰ ਰਹੇ ਹਨ। ਰਾਹੁਲ ਨੇ ਭਾਜਪਾ ਮੁਖੀ ਅਮਿਤ ਸ਼ਾਹ ਦੇ ਪੁੱਤਰ ਜੈ ਸ਼ਾਹ ਦੀ ਕੰਪਨੀ ਬਾਰੇ ਮੋਦੀ ਦੇ ਚੁੱਪ ਰਹਿਣ 'ਤੇ ਸਵਾਲ ਉਠਾਏ। ਜ਼ਿਕਰਯੋਗ ਹੈ ਕਿ ਕੇਂਦਰ ਵਿੱਚ ਭਾਜਪਾ ਸਰਕਾਰ ਬਣਨ ਤੋਂ ਬਾਅਦ ਜੈ ਸ਼ਾਹ ਦੀ ਕੰਪਨੀ ਨੇ ਕਈ ਗੁਣਾਂ ਤਰੱਕੀ ਕੀਤੀ ਸੀ। ਰਾਹੁਲ ਨੇ ਦੋਸ਼ ਲਾਇਆ ਕਿ ਮੋਦੀ ਗੁਜਰਾਤ ਵਿੱਚ ਪ੍ਰਚਾਰ ਦੌਰਾਨ ਲਗਾਤਾਰ ਮੁੱਦਾ ਬਦਲ ਰਹੇ ਹਨ। ਪਹਿਲਾਂ ਉਨ੍ਹਾਂ ਨੇ ਨਰਮਦਾ ਦੇ ਪਾਣੀ ਦੀ ਗੱਲ ਕੀਤੀ। ਕਿਸਾਨਾਂ ਵੱਲੋਂ ਇਹ ਕਹਿਣ ਕਿ ਪਾਣੀ ਉਨ੍ਹਾਂ ਦੇ ਖੇਤਾਂ ਤਕ ਨਹੀਂ ਪੁੱਜਦਾ, ਉਨ੍ਹਾਂ ਨੇ ਟਰੈਕ ਬਦਲਿਆ ਤੇ ਓਬੀਸੀ ਦਾ ਮੁੱਦਾ ਚੁੱਕਿਆ ਜਦੋਂ ਇਸ ਨਾਲ ਵੀ ਗੱਲ ਨਾ ਬਣੀ ਤਾਂ ਉਨ੍ਹਾਂ ਨੇ ਵਿਕਾਸ ਦੀ ਗੱਲ ਕੀਤੀ ਪਰ ਲੋਕਾਂ ਨੇ ਇਸ ਦੀ ਫੂਕ ਕੱਢ ਦਿੱਤੀ ਹੈ।



## 24 ਵਰ੍ਹਿਆਂ ਤੋਂ ਨਿਆਂ ਨੂੰ ਉਡੀਕਦੀ ਆਖ਼ਰ ਤੁਰ ਗਈ ਮਾਤਾ ਅਮਰ ਕੌਰ

**ਨਵੀਂ ਦਿੱਲੀ/ਬਿਊਰੋ ਨਿਊਜ਼:** ਪੰਜਾਬ ਦੇ ਸਾਬਕਾ ਡੀਜੀਪੀ ਸੁਮੇਧ ਸਿੰਘ ਸੈਣੀ ਖਿਲਾਫ਼ ਬੀਤੇ 24 ਵਰ੍ਹਿਆਂ ਤੋਂ ਕੇਸ ਲੜ ਰਹੀ ਅਮਰ ਕੌਰ ਦੀ ਨਿਆਂ ਦੀ ਉਡੀਕ ਵਿੱਚ ਮੌਤ ਹੋ ਗਈ। ਉਹ 100 ਸਾਲਾਂ ਦੀ ਸੀ। ਜ਼ਿਕਰਯੋਗ ਹੈ ਕਿ ਪੰਜਾਬ ਪੁਲੀਸ ਨੇ 15 ਮਾਰਚ 1994 ਨੂੰ ਉਸ ਦੇ ਪੁੱਤਰ ਵਿਨੋਦ ਕੁਮਾਰ, ਜਵਾਈ ਅਸ਼ੋਕ ਕੁਮਾਰ ਅਤੇ ਡਰਾਈਵਰ ਮੁਖਤਿਆਰ ਸਿੰਘ ਨੂੰ ਲੁਧਿਆਣਾ ਅਤੇ ਚੰਡੀਗੜ੍ਹ ਤੋਂ ਕਥਿਤ ਤੌਰ 'ਤੇ ਅਗਵਾ ਕਰ ਲਿਆ ਸੀ, ਜਿਸ ਤੋਂ ਬਾਅਦ ਉਹ ਕਦੇ ਨਜ਼ਰ ਨਹੀਂ ਆਏ। ਅਮਰ ਕੌਰ ਬੀਤੇ ਦਹਾਕੇ ਤੋਂ ਬ੍ਰੇਨ ਸਟਰੋਕ ਕਾਰਨ ਮੰਝੇ 'ਤੇ ਪਈ ਸੀ। ਉਸ ਨੇ ਮੰਗਲਵਾਰ ਸ਼ਾਮੀਂ 3.40 ਵਜੇ ਅੰਤਿਮ ਸਾਹ ਲਿਆ। ਇਹ ਜਾਣਕਾਰੀ ਉਸ ਦੇ ਪੁੱਤਰ ਆਸ਼ੀਸ਼ ਕੁਮਾਰ ਨੇ ਇਸ ਪੱਤਰਕਾਰ ਨੂੰ ਦਿੱਤੀ। ਉਸ ਦਾ ਬੁੱਧਵਾਰ ਨੂੰ ਲੋਧੀ ਦੇ ਸ਼ਮਸ਼ਾਨਘਾਟ ਵਿੱਚ ਸਸਕਾਰ ਕੀਤਾ ਗਿਆ। ਲਗਪਗ ਇਕ ਦਹਾਕਾ ਪਹਿਲਾਂ ਵ੍ਹੀਲ ਚੇਅਰ 'ਤੇ ਹੋਣ ਦੇ ਬਾਵਜੂਦ ਉਹ ਸੁਮੇਧ ਸਿੰਘ ਸੈਣੀ ਖ਼ਿਲਾਫ਼ ਗਵਾਹੀ ਦੇਣ ਲਈ ਦਿੱਲੀ ਦੀ ਅਦਾਲਤ ਵਿੱਚ ਪੇਸ਼ ਹੋਈ ਸੀ। ਉਸ ਨੇ ਮੂਲਚੰਦ ਹਸਪਤਾਲ ਵਿੱਚ ਜ਼ੇਰੇ ਇਲਾਜ ਰਹਿਣ ਦੌਰਾਨ ਦਿੱਲੀ ਹਾਈ ਕੋਰਟ ਦੇ ਚੀਫ ਜਸਟਿਸ ਨੂੰ 8 ਜੁਲਾਈ 2011 ਨੂੰ ਟੈਲੀਗ੍ਰਾਮ ਭੇਜੀ ਸੀ, ਜਿਸ ਵਿੱਚ ਉਸ ਨੇ ਮਾਮਲੇ ਦੀ ਸੁਣਵਾਈ ਤੇਜ਼ੀ ਨਾਲ ਕਰਨ ਅਤੇ ਰੋਜ਼ਾਨਾ ਸੁਣਵਾਈ ਦੀ ਅਪੀਲ ਕੀਤੀ ਸੀ ਤਾਂ ਜੋ ਉਸ ਨੂੰ ਉਸ ਦੇ ਜੀਵਨ ਵਿੱਚ ਨਿਆਂ ਮਿਲ ਸਕੇ। ਆਸ਼ੀਸ਼ ਨੇ ਨਮ ਅੱਖਾਂ ਨਾਲ ਦੱਸਿਆ ਕਿ ਉਸ ਦੀ ਮਾਂ ਨੂੰ ਆਪਣੇ ਜੀਵਨ ਵਿੱਚ ਨਿਆਂ ਨਹੀਂ ਮਿਲਿਆ। ਨਿਆਂ ਵਿਵਸਥਾ ਨੂੰ ਕਿਸੇ ਮਾਮਲੇ ਨੂੰ ਇੰਨਾ ਲੰਮਾ ਨਹੀਂ ਖਿੱਚਣਾ ਚਾਹੀਦਾ ਤਾਂ ਜੋ ਲੋਕ ਨਿਆਂ ਦੀ ਉਮੀਦ ਵਿੱਚ ਹੀ ਮਰ ਜਾਣ। ਜ਼ਿਕਰਯੋਗ ਹੈ ਕਿ ਪੰਜਾਬ ਹਰਿਆਣਾ ਹਾਈ ਕੋਰਟ ਦੇ ਹੁਕਮਾਂ 'ਤੇ 24 ਮਾਰਚ 1994 ਨੂੰ ਸ੍ਰੀ ਸੈਣੀ ਤੇ ਹੋਰਨਾਂ ਖਿਲਾਫ਼ ਸੀਬੀਆਈ ਵੱਲੋਂ ਕੇਸ ਦਰਜ ਕੀਤਾ ਗਿਆ ਸੀ।



# ਮੋਦੀ ਤੇ ਬਾਦਲ ਵਿਚਾਲੇ ਪਟਨਾ 'ਚ ਹੋ ਸਕਦੀ ਹੈ ਗੈਰ ਰਸਮੀ ਮੀਟਿੰਗ

**ਚੰਡੀਗੜ੍ਹ/ਬਿਊਰੋ ਨਿਊਜ਼:**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲਾਗੋਂਵਾਲ ਨੇ ਆਸ ਪ੍ਰਗਟ ਕੀਤੀ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ 25 ਦਸੰਬਰ ਨੂੰ ਸ੍ਰੀ ਪਟਨਾ ਸਾਹਿਬ ਵਿਚ ਹੋਣ ਵਾਲੇ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਉਤਸਵ ਦੇ ਸਮਾਪਨ ਸਮਾਗਮ 'ਚ ਖੁੱਲ੍ਹਦਿਲੀ ਤੋਂ ਕੰਮ ਲੈ ਕੇ ਗੁਰੂ ਕੇ ਲੰਗਰ ਲਈ ਵਰਤੀਆਂ ਜਾਂਦੀਆਂ ਚੀਜ਼ਾਂ ਨੂੰ ਜੀ.ਐਸ.ਟੀ ਤੋਂ ਹਰ ਤਰ੍ਹਾਂ ਦੀ ਛੋਟ ਦੇਣ ਲਈ ਮਹੱਤਵਪੂਰਨ ਐਲਾਨ ਕਰਨਗੇ। ਉਨ੍ਹਾਂ ਕਿਹਾ ਕਿ ਮੇਰੀ ਭਰਪੂਰ ਕੋਸ਼ਿਸ਼ ਹੈ ਕਿ ਇਸ ਇਤਿਹਾਸਕ ਸਮਾਗਮ ਤੋਂ ਪਹਿਲਾਂ-ਪਹਿਲਾਂ ਸਾਰੇ ਰਾਜਾਂ ਦੇ ਵਿੱਤ ਮੰਤਰੀਆਂ, ਜੋ ਕਿ ਜੀ.ਐਸ.ਟੀ ਕਾਸਲ ਦੇ ਮੈਂਬਰ ਹਨ ਤੱਕ ਸਿੱਧੀ ਪਹੁੰਚ ਕਰਕੇ ਹੁਣ ਤੱਕ ਪਾਏ ਜਾ ਰਹੇ ਅੜਿੱਕੇ ਨੂੰ ਦੂਰ ਕਰਵਾਵਾਂ। ਉਨ੍ਹਾਂ ਵਿਚਾਰ ਪ੍ਰਗਟ ਕੀਤਾ ਕਿ 25 ਦਸੰਬਰ ਦੇ ਪਟਨਾ ਸਾਹਿਬ ਦੇ ਸਮਾਗਮ ਵਿਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਸ਼ਾਮਿਲ ਹੋਣਗੇ ਤੇ ਉਸ ਸਮੇਂ ਉਹ ਪ੍ਰਧਾਨ ਮੰਤਰੀ ਮੋਦੀ ਨੂੰ ਵੀ ਮਿਲਣਗੇ ਤੇ ਮਾਨਵਤਾ ਦੇ ਭਲੇ ਲਈ ਮੋਦੀ ਨੂੰ ਗੁਰੂ ਕੇ ਲੰਗਰ ਬਾਰੇ ਹਾਂ ਪੱਖੀ ਹੁੰਗਾਰਾ ਭਰਨ ਲਈ ਪ੍ਰੇਰਿਤ ਕਰਨਗੇ। ਭਾਈ ਲਾਗੋਂਵਾਲ ਨੇ ਕਿਹਾ ਕਿ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਵੀ ਮੇਰੀ ਅਪੀਲ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਅਸਥਾਨ ਤੋਂ ਗੁਰੂ ਕੇ ਲੰਗਰ ਬਾਰੇ ਜੀ.ਐਸ.ਟੀ ਤੋਂ ਮੁਕੰਮਲ ਤੌਰ 'ਤੇ ਕੇਵਲ ਛੋਟ ਦੇਣ ਦਾ ਅਹਿਮ ਐਲਾਨ ਕਰਨ ਬਲਕਿ ਦੇਸ਼ ਭਰ ਦੇ ਦੂਜੇ ਰਾਜਾਂ ਦੇ ਮੁੱਖ ਮੰਤਰੀਆਂ ਨੂੰ ਵੀ ਇਸੇ ਤਰ੍ਹਾਂ ਕਰਨ ਲਈ ਪ੍ਰੇਰਿਤ ਕਰਨਗੇ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਜਨਵਰੀ ਦੇ ਪਹਿਲੇ ਹਫ਼ਤੇ ਨਵੀਂ ਦਿੱਲੀ ਵਿਚ ਜੀ.ਐਸ.ਟੀ ਕਾਸਲ ਦੀ ਹੋ ਰਹੀ ਮੀਟਿੰਗ ਤੋਂ ਪਹਿਲਾਂ ਪਹਿਲਾਂ ਮੋਦੀ ਗੁਰੂ ਕੇ ਲੰਗਰ ਬਾਰੇ ਆਪਣੇ ਸਾਥੀ ਵਿੱਤ ਮੰਤਰੀ ਅਰੁਣ ਜੇਤਲੀ ਨੂੰ ਦਿਸ਼ਾ ਨਿਰਦੇਸ਼ ਦੇ ਦੇਣਗੇ।

LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce
ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ



Pardeep S. Grewal
Attorney At Law

Bankruptcy
☞Chapter 7 & 13 Bankruptcy
☞Protect Your Assets- Home, Etc..
☞Start Fresh- Clear

Immigration Law
☞Deportation Cases- BIA Appeals
☞Ninth Circuit Appeals
☞Adjustment of Status (Green Card)
☞Visa Petitions, NVC

Family Law • Divorce

ਇਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546

B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

## ਜਗਤਾਰ ਸਿੰਘ ਜੱਗੀ ਕੇਸ:

# ਭਾਰਤੀ ਮੀਡੀਆ ਵਲੋਂ 'ਵਿਵਾਦਤ ਵੀਡੀਓ' ਦਿਖਾਏ ਜਾਣ ਤੋਂ ਬਾਅਦ ਮੁਹਿੰਮਕਾਰਾਂ ਨੇ ਬਰਤਾਨਵੀ ਸਰਕਾਰ ਤੋਂ ਕੀਤੀ ਸਖਤ ਕਾਰਵਾਈ ਦੀ ਮੰਗ

**ਲੰਡਨ/ਸਿੱਖ ਸਿਆਸਤ ਬਿਊਰੋ:** ਬਰਤਾਨਵੀ ਨਾਗਰਿਕ ਜਗਤਾਰ ਸਿੰਘ ਜੱਗੀ ਦੀ ਰਿਹਾਈ ਲਈ ਮੁਹਿੰਮ #FreeJaggiNow ਚਲਾ ਰਹੇ ਮੁਹਿੰਮਕਾਰਾਂ ਨੇ ਕਿਹਾ ਕਿ 7 ਦਸੰਬਰ ਨੂੰ ਬਰਤਾਨਵੀ ਕੌਂਸਲ ਦੇ ਸਟਾਫ ਨੂੰ ਇਕ ਵਾਰ ਫਿਰ ਤੋਂ ਜੱਗੀ ਨੂੰ ਨਿੱਜੀ ਤੌਰ 'ਤੇ ਮਿਲਣ ਤੋਂ ਰੋਕ ਦਿੱਤਾ ਗਿਆ। 8 ਦਸੰਬਰ ਨੂੰ ਜਾਰੀ ਇਕ ਲਿਖਤੀ ਬਿਆਨ 'ਚ ਬਰਤਾਨੀਆ ਆਧਾਰਤ ਸਿੱਖ ਜਥੇਬੰਦੀ ਸਿੱਖ ਫੈਡਰੇਸ਼ਨ ਯੂ.ਕੇ. ਨੇ ਕਿਹਾ, "ਬੋਰਿਸ ਜਾਨਸਨ ਦੀਆਂ ਕੋਸ਼ਿਸ਼ਾਂ ਅਤੇ ਵਿਚਾਰ ਵਟਾਂਦਰੇ ਦੇ ਬਾਵਜੂਦ ਬਰਤਾਨਵੀ ਨਾਗਰਿਕ ਤਕ ਨਿਰਪੱਖ ਪਹੁੰਚ ਨਹੀਂ ਹੋ ਸਕੀ, ਜਦਕਿ ਉਹ ਪੰਜ ਹਫਤਿਆਂ, 4 ਨਵੰਬਰ 2017 ਤੋਂ ਭਾਰਤੀ ਪੁਲਿਸ ਦੀ ਹਿਰਾਸਤ ਵਿਚ ਹੈ।" ਸਿੱਖ ਫੈਡਰੇਸ਼ਨ ਯੂ.ਕੇ. ਦੇ ਜਨਰਲ ਸਕੱਤਰ ਭਾਈ ਨਰਿੰਦਰਜੀਤ ਸਿੰਘ ਨੇ ਕਿਹਾ, "ਪੁਲਿਸ ਨੂੰ ਮੀਡੀਆ ਟ੍ਰਾਇਲ ਦੀ ਸ਼ਰਮਨਾਕ ਸਰਕਸ, ਦੀ ਬਜਾਏ ਠੋਸ ਸਬੂਤ ਅਦਾਲਤ 'ਚ ਪੇਸ਼ ਕਰਨੇ ਚਾਹੀਦੇ ਹਨ, ਜਿਹੜੀ ਕਿ ਪੰਜਾਬ ਦੇ ਮੁੱਖ ਮੰਤਰੀ ਅਤੇ ਪੁਲਿਸ ਮੁਖੀ ਨੇ ਸ਼ੁਰੂ ਕੀਤੀ ਸੀ।"

ਉਨ੍ਹਾਂ ਕਿਹਾ ਕਿ ਪੁਲਿਸ ਦੇ ਦਾਅਵੇ ਅਤੇ ਜਗਤਾਰ ਦੀ ਵੀਡੀਓ ਫੁਟੇਜ, ਜੋ ਉਪਲੱਭਧ ਹੈ, ਇਹ ਨਹੀਂ ਦਰਸਾਉਂਦੀ ਕਿ ਉਸਨੇ ਕੋਈ ਅਪਰਾਧ ਕੀਤਾ ਹੈ।

ਉਨ੍ਹਾਂ ਕਿਹਾ, "ਇੰਡੀਆ ਟੂਡੇ ਦੀ ਖ਼ਬਰ ਨੇ ਕਈਆਂ ਨੂੰ ਹੈਰਾਨ ਕਰ ਦਿੱਤਾ ਕਿ ਜਗਤਾਰ ਦੀ ਇੰਟਰਵਿਊ ਦੇ ਨਾਲ ਕਿਸੇ ਹੋਰ ਦੀਆਂ ਤਸਵੀਰਾਂ ਚਲਾ ਕੇ ਉਸਨੂੰ ਪਾਕਿਸਤਾਨੀ ਖੁਫੀਆ ਏਜੰਸੀ ਆਈ.ਐਸ.ਆਈ. ਦਾ ਅਧਿਕਾਰੀ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਸੀ ਅਤੇ ਤਸਵੀਰਾਂ 'ਚ ਦਿਖ ਰਹੇ ਸਿੱਖਾਂ ਨੂੰ "ਖ਼ਾਲਿਸਤਾਨੀ ਅੱਤਵਾਦੀ" ਵਜੋਂ ਪੇਸ਼ ਕੀਤਾ ਜਾ ਰਿਹਾ ਸੀ। ਸਿੱਖ ਫੈਡਰੇਸ਼ਨ ਯੂ.ਕੇ. ਦੇ ਮੀਡੀਆ ਸਕੱਤਰ ਗੁਰਜੀਤ ਸਿੰਘ ਨੇ ਕਿਹਾ, "ਜਗਤਾਰ ਨਾਲ ਤਸ਼ੱਦਦ, ਦੁਰਵਿਹਾਰ, ਬਦਸਲੂਕੀ ਕਰਨ ਵਾਲਿਆਂ ਨੇ ਉਸਦੀ ਅਜ਼ਾਦ ਮੈਡੀਕਲ ਜਾਂਚ, ਡਾਕਟਰੀ ਮੁਆਇਨਾ ਕਰਨ ਤੋਂ ਵਾਰ-ਵਾਰ ਇਨਕਾਰ ਕੀਤਾ ਹੈ।" ਉਨ੍ਹਾਂ ਕਿਹਾ, "ਇਨ੍ਹਾਂ ਪੁਲਿਸ ਮੁਲਾਕਾਤਾਂ 'ਚ ਜਗਤਾਰ ਸਿੰਘ ਜੱਗੀ ਦੀ ਇਮਾਨਦਾਰੀ, ਖੁੱਲ੍ਹਾਪਣ ਅਤੇ ਨਿਰਦੋਸ਼ਤਾ ਝਲਕਦੀ ਹੈ।"

ਸਿੱਖ ਫੈਡਰੇਸ਼ਨ ਯੂ.ਕੇ. ਵਲੋਂ ਜਾਰੀ ਪ੍ਰੈਸ ਬਿਆਨ 'ਚ ਕਿਹਾ ਗਿਆ, "ਹਾਲਾਂਕਿ ਜਿਸ ਬੰਦੇ ਨੂੰ ਭਾਰਤੀ ਮੀਡੀਆ ਆਈ.ਐਸ.ਆਈ. ਦਾ ਅਧਿਕਾਰੀ ਦੱਸ ਰਿਹਾ ਹੈ, ਅਸਲ ਵਿਚ ਉਹ ਅਹਿਸਾਨ ਨਦੀਮ ਹੈ ਜੋ ਕਿ ਪਾਕਿਸਤਾਨੀ ਪੁਰਾਤੱਤ ਵਿਗਿਆਨੀ, ਮਸਿਓਲੋਜਿਸਟ, ਕਵੀ ਅਤੇ ਲੇਖਕ ਹੈ। ਇਹ ਭਾਰਤੀ ਅਧਿਕਾਰੀਆਂ ਲਈ ਵੱਡੀ ਸ਼ਰਮ ਵਾਲੀ ਗੱਲ ਹੈ।" ਜਾਰੀ ਬਿਆਨ ਮੁਤਾਬਕ, "ਭਾਰਤੀ ਪ੍ਰਸ਼ਾਸਨ ਵਲੋਂ ਵਰਤੀ ਗਈ ਜ਼ੁਲਮ ਵਾਲੀ ਤਾਜ਼ਾ ਨੀਤੀ ਬੁਰੀ ਤਰ੍ਹਾਂ ਉਲਟ ਅਸਰ ਕਰ ਰਹੀ ਹੈ। ਕਿਉਂਕਿ ਹੁਣ ਯੂ.ਕੇ. ਦੇ ਅੱਧਾ ਦਰਜਨ ਸੰਸਦ ਮੈਂਬਰਾਂ ਵਲੋਂ ਸਰਕਾਰ 'ਤੇ ਸਖਤ ਰੁਖ ਅਪਣਾਉਣ ਲਈ ਦਬਾਅ ਪਾਇਆ ਜਾਏਗਾ।"




### ਜੱਗੀ ਜੌਹਲ ਖ਼ਿਲਾਫ਼ ਕਾਰਵਾਈ ਕਾਨੂੰਨ ਮੁਤਾਬਕ : ਵਿਦੇਸ਼ ਮੰਤਰਾਲਾ

**ਨਵੀਂ ਦਿੱਲੀ/ਬਿਊਰੋ ਨਿਊਜ਼:** ਵਿਦੇਸ਼ ਮੰਤਰਾਲੇ ਨੇ ਦਾਅਵਾ ਕੀਤਾ ਹੈ ਕਿ ਪੰਜਾਬ ਵਿੱਚ ਸੱਤ ਸਿਆਸੀ ਕਤਲਾਂ ਦੇ ਮੁਲਜ਼ਮ ਬ੍ਰਿਟਿਸ਼ ਨਾਗਰਿਕ ਜਗਤਾਰ ਸਿੰਘ ਜੌਹਲ ਦੇ ਕੇਸ 'ਚ ਕਾਨੂੰਨ ਮੁਤਾਬਕ ਕਾਰਵਾਈ ਕੀਤੀ ਜਾ ਰਹੀ ਹੈ। ਲੁਧਿਆਣਾ ਜੇਲ੍ਹ 'ਚ ਬੰਦ ਜੌਹਲ ਉਤੇ ਹਿਰਾਸਤ ਦੌਰਾਨ ਤਸ਼ੱਦਦ ਦੇ ਦੋਸ਼ਾਂ ਬਾਅਦ ਯੂਕੇ ਸੰਸਦ ਤੋਂ ਲੈ ਕੇ ਪੰਜਾਬ ਵਿਧਾਨ ਸਭਾ ਤਕ ਹੰਗਾਮਾ ਹੋਇਆ ਸੀ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਰਵੀਸ਼ ਕੁਮਾਰ ਨੇ ਇਸ ਕੇਸ ਬਾਰੇ ਕਿਹਾ, 'ਇਸ ਵਿਅਕਤੀ ਤੋਂ ਭਾਰਤ 'ਚ ਖਾਸ ਵਿਅਕਤੀਆਂ ਦੇ ਕਤਲਾਂ ਦੀ ਯੋਜਨਾ ਸਮੇਤ ਕੁੱਝ ਬੇਹੱਦ ਸੰਗੀਨ ਅਪਰਾਧਾਂ ਬਾਰੇ ਪੁੱਛ ਪੜਤਾਲ ਕੀਤੀ ਜਾ ਰਹੀ ਹੈ। ਕਾਨੂੰਨ ਮੁਤਾਬਕ ਹੀ ਕਾਰਵਾਈ ਕੀਤੀ ਜਾ ਰਹੀ ਹੈ। ਉਸ ਦੇ ਬ੍ਰਿਟਿਸ਼ ਨਾਗਰਿਕ ਹੋਣ ਕਾਰਨ ਅਸੀਂ ਯੂਕੇ ਹਾਈ ਕਮਿਸ਼ਨ ਦੇ ਅਧਿਕਾਰੀਆਂ ਨੂੰ ਮੁਲਜ਼ਮ ਤਕ ਪਹੁੰਚ ਦੀ ਆਗਿਆ ਦਿੱਤੀ ਹੈ।'

# ਸ. ਪੂਰਨ ਸਿੰਘ ਗਰੇਵਾਲ ਦਾ ਅਕਾਲ ਚਲਾਣਾ

### *ਸਸਕਾਰ ਅਤੇ ਅੰਤਮ ਅਰਦਾਸ ਸ਼ੁਕਰਵਾਰ 15 ਦਸੰਬਰ ਨੂੰ*

**ਸੈਨ ਹੋਜ਼ੇ/ਬਿਊਰੋ ਨਿਊਜ਼:** ਸਿੱਖ ਭਾਈਚਾਰੇ ਦੇ ਜਾਣੇ ਪਛਾਣੇ ਸ. ਪੂਰਨ ਸਿੰਘ ਗਰੇਵਾਲ ਮੰਗਲਵਾਰ ਨੂੰ ਅਕਾਲ ਚਲਾਣਾ ਕਰ ਗਏ। 87 ਸਾਲਾ ਉਮਰ ਭੋਗ ਕੇ ਸਦੀਵੀ ਵਿਛੋੜਾ ਦੇਣ ਵਾਲੇ ਸ. ਗਰੇਵਾਲ ਪੰਜਾਬ ਦੇ ਲੁਧਿਆਣਾ ਜਿਲ੍ਹੇ ਦੀ ਜਗਰਾਓਂ ਤਹਿਸੀਲ ਦੇ ਗਗਰਾ ਪਿੰਡ ਦੇ ਜੰਮਪਲ ਤੇ ਸਾਬਕਾ ਸਰਪੰਚ ਸਨ। ਉਹ ਅਪਣੇ ਪਿੱਛੇ ਤਿੰਨ ਧੀਆਂ ਮਨਵਿੰਦਰ ਕੌਰ, ਬਰਿੰਦਰ ਕੌਰ, ਹਰਮਿੰਦਰ ਕੌਰ ਅਤੇ ਪੁੱਤਰ ਮਹਿੰਦਰਪਾਲ ਸਿੰਘ ਤੋਂ ਇਲਾਵਾ 8 ਪੋਤੇ-ਪੋਤਰੀਆਂ, ਦੋਹਤੇ ਦੋਹਤੀਆਂ ਅਤੇ 7 ਪੜਪੋਤੇ ਪੜਪੋਤੀਆਂ ਤੇ ਪੜਦੋਹਤੇ ਪੜਦੋਹਤੀਆਂ ਦਾ ਭਰਿਆ ਪਰਿਵਾਰ ਪਿੱਛੇ ਛੱਡ ਗੇ ਹਨ। ਸ. ਪੂਰਨ ਸਿੰਘ ਗਰੇਵਾਲ ਦਾ ਸਸਕਾਰ 15 ਦਸੰਬਰ ਸ਼ੁਕਰਵਾਰ ਨੂੰ ਸਵੇਰੇ 11:00 ਵਜੇ ਤੋਂ ਬਾਅਦ ਦੁਪਹਿਰ 1:00 ਵਜੇ ਤੱਕ ਸਪੈਂਗਲਰ ਮੋਰਚਰੀ ਸਨੀਵੇਲ (Spangler Mortuary, 174 N Sunnyvale Ave, Sunnyvale, CA, 94086), ਭੋਗ ਅਤੇ ਅੰਤਮ ਅਰਦਾਸ ਬਾਅਦ ਦੁਪਹਿਰ 2:00 ਵਜੇ ਤੋਂ ਬਾਅਦ ਦੁਪਹਿਰ 4:00 ਵਜੇ ਗੁਰਦੁਆਰਾ ਸਾਹਿਬ ਸੈਨ ਹੋਜ਼ੇ (Gurdwara Sahib San Jose, 3636 Murillo Ave, San Jose, CA 95148) ਵਿਖੇ ਹੋਵੇਗੀ। ਹੋਰ ਜਾਣਕਾਰੀ ਲਈ ਕੁਲਵੰਤ ਸਿੰਘ ਸਿੱਧੂ (ਫੋਨ 408-930-7712) ਅਤੇ ਹਰਪ ਗਰੇਵਾਲ ਨਾਲ (ਫੋਨ408-605-1512 ਜਾਂ 408-274-5452) ਉੱਤੇ ਸੰਪਰਕ ਕੀਤਾ ਜਾ ਸਕਦਾ ਹੈ।



# ਦੱਖਣੀ ਕੈਲੀਫੋਰਨੀਆ ਦੇ ਜੰਗਲਾਂ ਵਿੱਚਲੀ ਅੱਗ ਨਾਲ ਭਾਰੀ ਤਬਾਹੀ

**ਲਾਸ ਏਂਜਲਸ/ਬਿਊਰੋ ਨਿਊਜ਼ :** ਤੇਜ਼ ਹਵਾਵਾਂ ਕਾਰਨ ਦੱਖਣੀ ਕੈਲੀਫੋਰਨੀਆ ਦੇ ਜੰਗਲਾਂ ਵਿੱਚ ਲੱਗੀ ਅੱਗ ਨੇ ਭਿਆਨਕ ਰੂਪ ਧਾਰ ਲਿਆ ਹੈ। ਸੂਬੇ ਦੇ ਇਤਿਹਾਸ ਵਿੱਚ ਇਹ ਪੰਜਵੀਂ ਭਿਆਨਕ ਅੱਗ ਹੈ ਜਿਸ ਕਾਰਨ ਹਜ਼ਾਰਾਂ ਘਰਾਂ ਲਈ ਖ਼ਤਰਾ ਪੈਦਾ ਹੋ ਗਿਆ ਹੈ। ਸੋਮਵਾਰ ਦੁਪਹਿਰ ਤੋਂ ਬਾਅਦ ਮੌਸਮ ਵਿੱਚ ਨਮੀ ਦੀ ਪੇਸ਼ੀਨਗੋਈ ਕੀਤੀ ਗਈ ਸੀ ਪਰ ਇਸ ਦੀ ਮਿਆਦ ਖ਼ਤਮ ਹੋਣ ਦੇ ਹਫ਼ਤੇ ਬਾਅਦ ਖੁਸ਼ਕ ਮੌਸਮ ਅਤੇ ਸਾਂਤਾ ਐਨਾ ਹਵਾਵਾਂ ਕਾਰਨ ਅੱਗ ਦੇ ਹੋਰ ਵਧਣ ਦੀ ਚੇਤਾਵਨੀ ਦਿੱਤੀ ਗਈ ਹੈ। ਕੌਮੀ ਮੌਸਮ ਸੇਵਾ ਨੇ ਟਵੀਟ ਕਰਕੇ ਦੱਸਿਆ ਹੈ ਕਿ ਉਨ੍ਹਾਂ ਨੇ 80 ਥਾਵਾਂ ਦੀ ਜਾਂਚ ਕੀਤੀ ਜਿਸ ਵਿੱਚ ਨਮੀ ਦਾ ਪੱਧਰ 1 ਤੋਂ 9 ਫੀਸਦੀ ਪਾਇਆ ਗਿਆ। ਬੁੱਧਵਾਰ ਆਖ਼ਰੀ ਖ਼ਬਰਾਂ ਮਿਲਣ ਵੇਲੇ ਤੱਕ ਫਿਜ਼ਾ ਵਿੱਚ ਭਾਰੀ ਧੂੰਆਂ ਸੀ ਅਤੇ ਰਾਖ਼ ਬਰਫ਼ ਵਾਂਗ ਡਿੱਗ ਰਹੀ ਸੀ, ਜਿਸ ਕਾਰਨ ਸਾਂਤਾ ਬਾਰਬਰਾ ਨੇੜਲੇ ਸ਼ਹਿਰਾਂ ਵਿੱਚ ਰਹਿੰਦੇ ਲੋਕਾਂ ਲਈ ਸਾਹ ਲੈਣਾ ਔਖਾ ਹੋ ਗਿਆ ਸੀ। ਇਕ ਹਫ਼ਤੇ ਤੋਂ ਜਾਰੀ ਤੇਜ਼ ਹਵਾਵਾਂ ਕਾਰਨ ਅੱਗ ਨੇ ਗੰਭੀਰ ਰੂਪ ਧਾਰ ਲਿਆ ਹੈ।

**ਬਾਕੀ ਸਫ਼ਾ 33 'ਤੇ**

ALL STATE INSURANCE
Allstate. You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਂਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us



CIS
CALIFORNIA IMMIGRATION SERVICES
(Registered & Bonded)
- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- H-1 B VISA PETITION
- STUDENT VISA
- RELIGIOUS VISA
- LEGAL SERVICES

Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office 4127 Bay Street, Suite 5
Tracy Office 95 W. 11th Street, Suite 205
www.caials.com rosy@caials.com





# ਯੋਰੋਸ਼ਲਮ ਦੇ ਮੁੱਦੇ 'ਤੇ ਬੁਰੀ ਤਰ੍ਹਾਂ ਘਿਰ ਰਹੀ ਹੈ ਟਰੰਪ ਸਰਕਾਰ

## ਸੰਯੁਕਤ ਰਾਸ਼ਟਰ 'ਚ ਬ੍ਰਿਟੇਨ ਤੇ ਫਰਾਂਸ ਸਮੇਤ ਹੋਰ ਮੁਲਕਾਂ ਨੇ ਅਮਰੀਕੀ ਫੈਸਲਾ ਮੰਨਣੋਂ ਕੀਤੀ ਨਾਂਹ

**ਵਾਸ਼ਿੰਗਟਨ/ਬਿਊਰੋ ਨਿਊਜ਼:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਯੋਰੋਸ਼ਲਮ ਨੂੰ ਇਜ਼ਰਾਈਲ ਦੀ ਰਾਜਧਾਨੀ ਵਜੋਂ ਮਾਨਤਾ ਦੇਣ ਦੇ ਫ਼ੈਸਲੇ 'ਤੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਤਾਕਤਵਰ ਮੈਂਬਰਾਂ ਨੇ ਅਮਰੀਕਾ ਨੂੰ ਖੁੱਡੇ ਲਾ ਦਿੱਤਾ । ਅਮਰੀਕਾ ਦੇ ਬ੍ਰਿਟੇਨ ਅਤੇ ਫਰਾਂਸ ਵਰਗੇ ਭਾਈਵਾਲ ਵੀ ਉਸ ਦੇ ਫ਼ੈਸਲੇ ਖ਼ਿਲਾਫ਼ ਖੁਲ੍ਹ ਕੇ ਆ ਗਏ ਅਤੇ ਜ਼ੋਰਦਾਰ ਢੰਗ ਨਾਲ ਅਮਰੀਕਾ ਦੀ ਨਿਖੇਧੀ ਕੀਤੀ। ਸੰਯੁਕਤ ਰਾਸ਼ਟਰ 'ਚ ਅਮਰੀਕੀ ਕੂਟਨੀਤਕ ਨਿੱਕੀ ਹੇਲੀ ਨੇ ਹੀ ਸਿਰਫ਼ ਟਰੰਪ ਦੇ ਯੋਰੋਸ਼ਲਮ ਬਾਰੇ ਫ਼ੈਸਲੇ ਦਾ ਪੱਖ ਪੂਰਿਆ। ਸੰਯੁਕਤ ਰਾਸ਼ਟਰ ਦੀ 15 ਮੈਂਬਰੀ ਤਾਕਤਵਰ ਜਥੇਬੰਦੀ ਦੇ ਸਥਾਈ ਨੁਮਾਇੰਦਿਆਂ ਬ੍ਰਿਟੇਨ, ਫਰਾਂਸ, ਇਟਲੀ, ਜਰਮਨੀ ਅਤੇ ਸਵੀਡਨ ਨੇ ਸਾਂਝੇ ਬਿਆਨ 'ਚ ਕਿਹਾ, "ਅਸੀਂ ਯੋਰੋਸ਼ਲਮ ਨੂੰ ਇਜ਼ਰਾਈਲ ਦੀ ਰਾਜਧਾਨੀ ਵਜੋਂ ਮਾਨਤਾ ਦੇਣ ਅਤੇ ਤਲ ਅਵੀਵ ਤੋਂ ਯੋਰੋਸ਼ਲਮ 'ਚ ਅਮਰੀਕੀ ਸਫ਼ਾਰਤਖ਼ਾਨਾ ਖੋਲ੍ਹਣ ਦੀਆਂ ਤਿਆਰੀਆਂ ਦੇ ਫ਼ੈਸਲੇ ਤੋਂ ਅਸਹਿਮਤ ਹਾਂ। ਇਹ ਸੁਰੱਖਿਆ ਪ੍ਰੀਸ਼ਦ ਦੇ ਮਤਿਆਂ ਅਨੁਸਾਰ ਨਹੀਂ ਹੈ ਅਤੇ ਖ਼ਿੱਤੇ 'ਚ ਸ਼ਾਂਤੀ ਦੀਆਂ ਸੰਭਾਵਨਾਵਾਂ ਲਈ ਇਹ ਫ਼ੈਸਲਾ ਅੜਿੱਕਾ ਬਣ ਸਕਦਾ ਹੈ।" ਉਨ੍ਹਾਂ ਕਿਹਾ ਕਿ ਯੋਰੋਸ਼ਲਮ ਦਾ ਰੁਤਬਾ ਇਜ਼ਰਾਇਲੀਆਂ ਅਤੇ ਫਲਸਤੀਨੀਆਂ ਦਰਮਿਆਨ ਗੱਲਬਾਤ ਰਾਹੀਂ ਤੈਅ ਹੋਣਾ ਚਾਹੀਦਾ ਹੈ। ਹੰਗਾਮੀ ਬੈਠਕ ਦੀ ਅਗਵਾਈ ਜਾਪਾਨ ਵੱਲੋਂ ਕੀਤੀ ਗਈ ਜੋ ਦਸੰਬਰ ਤਕ ਸਲਾਮਤੀ ਪ੍ਰੀਸ਼ਦ ਦਾ ਪ੍ਰਧਾਨ ਹੈ। ਹੇਲੀ ਨੇ ਸਲਾਮਤੀ ਪ੍ਰੀਸ਼ਦ 'ਚ ਟਰੰਪ ਦੇ ਫ਼ੈਸਲੇ ਦਾ ਬਚਾਅ ਕਰਦਿਆਂ ਕਿਹਾ ਕਿ ਅਮਰੀਕਾ ਨੇ ਸੋਚ-ਵਿਚਾਰ ਕੇ ਕਦਮ ਚੁੱਕਿਆ ਹੈ ਅਤੇ ਉਹ ਜਾਣਦਾ ਸੀ ਕਿ ਇਸ ਨਾਲ ਸਵਾਲ ਉਠਣਗੇ। ਉਸ ਮੁਤਾਬਕ ਇਹ ਕਦਮ ਖ਼ਿੱਤੇ 'ਚ ਸ਼ਾਂਤੀ ਬਹਾਲੀ ਦੇ ਯਤਨਾਂ ਲਈ ਚੁੱਕਿਆ ਗਿਆ ਹੈ ਅਤੇ ਸਰਹੱਦਾਂ ਤੇ ਖ਼ੁਦਮੁਖਤਿਆਰੀ ਬਾਰੇ ਫ਼ੈਸਲਾ ਇਜ਼ਰਾਇਲੀਆਂ ਅਤੇ ਫਲਸਤੀਨੀਆਂ ਵੱਲੋਂ ਲਿਆ ਜਾਣਾ ਚਾਹੀਦਾ ਹੈ।



ਯੋਰੋਸ਼ਲਮ ਨੂੰ ਇਜ਼ਰਾਈਲ ਦੀ ਰਾਜਧਾਨੀ ਵਜੋਂ ਮਾਨਤਾ ਦੇਣ ਖ਼ਿਲਾਫ਼ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਖ਼ਿਲਾਫ਼ ਮਿਸ਼ੀਗਨ 'ਚ ਰੋਸ ਮੁਜ਼ਾਹਰਾ ਕਰਦੇ ਹੋਏ ਫਲਸਤੀਨੀ ਅਮਰੀਕੀ ਤੇ ਹਮਾਇਤੀ।

### ਇਜ਼ਰਾਈਲ ਦੇ ਹਵਾਈ ਹਮਲੇ 'ਚ ਦੋ ਹਲਾਕ

ਗਾਜ਼ਾ ਸਿਟੀ: ਗਾਜ਼ਾ ਪੱਟੀ 'ਚ ਇਜ਼ਰਾਈਲ ਵੱਲੋਂ ਕੀਤੇ ਗਏ ਜਵਾਬੀ ਹਵਾਈ ਹਮਲੇ 'ਚ ਹਮਾਸ ਦੇ ਦੋ ਕਾਰਕੁਨ ਹਲਾਕ ਹੋ ਗਏ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਯੋਰੋਸ਼ਲਮ ਨੂੰ ਇਜ਼ਰਾਈਲ ਦੀ ਰਾਜਧਾਨੀ ਐਲਾਨੇ ਜਾਣ ਮਗਰੋਂ ਫਲਸਤੀਨੀ ਇਲਾਕੇ 'ਚ ਅਸ਼ਾਂਤੀ ਦਾ ਦੌਰ ਮੁੜ ਸ਼ੁਰੂ ਹੋ ਗਿਆ ਹੈ। ਟਰੰਪ ਦੇ ਐਲਾਨ ਮਗਰੋਂ ਹੁਣ ਤਕ ਚਾਰ ਵਿਅਕਤੀਆਂ ਦੀ ਮੌਤ ਅਤੇ ਦਰਜਨਾਂ ਜ਼ਖ਼ਮੀ ਹੋ ਚੁੱਕੇ ਹਨ। ਪੱਛਮੀ ਕੰਢੇ 'ਚ ਫਲਸਤੀਨੀ ਪ੍ਰਦਰਸ਼ਨਕਾਰੀਆਂ ਨੇ ਸ਼ਨਿੱਚਰਵਾਰ ਨੂੰ ਇਜ਼ਰਾਇਲੀ ਜਵਾਨਾਂ 'ਤੇ ਪੱਥਰਾਅ ਕੀਤਾ ਜਿਸ ਦੇ ਜਵਾਬ 'ਚ ਇਜ਼ਰਾਇਲੀ ਫ਼ੌਜ ਨੇ ਹੰਝੂ ਗੈਸ ਦੇ ਗੋਲੇ ਦਾਗੇ ਅਤੇ ਰਬੜ ਦੀਆਂ ਗੋਲੀਆਂ ਦਾਗੀਆਂ।

### ਉੱਤਰੀ ਕੋਰੀਆ ਨੇ ਅਮਰੀਕਾ ਨੂੰ ਮੁੜ ਆੜੇ ਹੱਥੀਂ ਲਿਆ

ਸਿਓਲ: ਸੰਯੁਕਤ ਰਾਸ਼ਟਰ ਦੇ ਸੀਨੀਅਰ ਅਧਿਕਾਰੀ ਨਾਲ ਮੁਲਾਕਾਤ ਦੌਰਾਨ ਉੱਤਰੀ ਕੋਰੀਆ ਨੇ ਅਮਰੀਕਾ 'ਤੇ ਦੋਸ਼ ਲਾਇਆ ਹੈ ਕਿ ਉਹ ਹਥਿਆਰਾਂ ਬਾਰੇ ਪ੍ਰੋਗਰਾਮ 'ਤੇ ਤਣਾਅ ਫੈਲਾ ਰਿਹਾ ਹੈ। ਮੀਡੀਆ ਮੁਤਾਬਕ ਉੱਤਰੀ ਕੋਰੀਆ ਨੇ ਸੰਯੁਕਤ ਰਾਸ਼ਟਰ ਦੇ ਲਗਾਤਾਰ ਸੰਪਰਕ 'ਚ ਰਹਿਣ 'ਤੇ ਆਪਣੀ ਸਹਿਮਤੀ ਦੇ ਦਿੱਤੀ ਹੈ। ਸਯੁੰਕਤ ਰਾਸ਼ਟਰ ਦੇ ਸੀਨੀਅਰ ਦੂਤ ਜੈਫਰੀ ਫੈਲਟਮੈਨ ਪਯੋਂਗਯੈਂਗ ਦੇ ਪੰਜ ਦਿਨਾਂ ਦੌਰੇ ਦੀ ਸਮਾਪਤੀ ਤੋਂ ਬਾਅਦ ਪੇਈਚਿੰਗ ਲਈ ਰਵਾਨਾ ਹੋ ਗਏ। ਜੈਫਰੀ ਨੇ ਸੰਕਟ ਨੂੰ ਟਾਲਣ ਲਈ ਵਿਦੇਸ਼ ਮੰਤਰੀ ਰੀ ਯੋਂਗ ਹੋ ਅਤੇ ਉਪ ਵਿਦੇਸ਼ ਮੰਤਰੀ ਪਾਕ ਮਯੋਂਗ ਕੁਕ ਨਾਲ ਕਈ ਦੌਰ ਦੀ ਗੱਲਬਾਤ ਕੀਤੀ ਅਤੇ ਸੰਯੁਕਤ ਰਾਸ਼ਟਰ ਦੀ ਹਮਾਇਤ ਨਾਲ ਚਲਾਏ ਜਾ ਰਹੇ ਮੈਡੀਕਲ ਕੇਂਦਰਾਂ ਦਾ ਦੌਰਾ ਕੀਤਾ।

# ਬਰਤਾਨੀਆ ਸਰਕਾਰ ਨੂੰ ਹੁਣ ਜਲ੍ਹਿਆਂਵਾਲਾ ਬਾਗ਼ 'ਚ ਹੋਏ ਕਤਲੇਆਮ ਦੀ ਮਾਫੀ ਮੰਗ ਲੈਣੀ ਚਾਹੀਦੀ ਹੈ: ਸਾਦਿਕ ਖਾਨ

**ਅੰਮ੍ਰਿਤਸਰ/ਸਿੱਖ ਸਿਆਸਤ ਬਿਊਰੋ:**
ਲੰਡਨ ਦੇ ਮੇਅਰ ਸਾਦਿਕ ਖਾਨ ਨੇ ਬੀਤੇ ਦਿਨੀਂ ਇਥੇ ਜੱਲ੍ਹਿਆਂਵਾਲਾ ਬਾਗ ਵਿੱਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ 13 ਅਪਰੈਲ, 1919 ਨੂੰ ਹੋਏ ਇਸ ਕਾਂਡ ਲਈ ਬਰਤਾਨਵੀ ਸਰਕਾਰ ਨੂੰ ਇਥੋਂ ਦੇ ਲੋਕਾਂ ਕੋਲੋਂ ਮੁਆਫੀ ਮੰਗਣੀ ਚਾਹੀਦੀ ਹੈ। ਇਸ ਤੋਂ ਪਹਿਲਾਂ ਉਹ ਦਰਬਾਰ ਸਾਹਿਬ ਦਰਸ਼ਨਾਂ ਨੂੰ ਗਏ ਸੀ। ਜਲ੍ਹਿਆਂਵਾਲਾ ਬਾਗ ਦਾ ਦੌਰਾ ਕਰਦਿਆਂ ਅਤੇ ਇਸ ਦੇ ਇਤਿਹਾਸ ਨੂੰ ਪੜ੍ਹਦਿਆਂ ਸਾਦਿਕ ਖਾਨ ਨੇ ਕਿਹਾ ਕਿ ਉਸ ਵੇਲੇ ਬਰਤਾਨਵੀ ਸਾਮਰਾਜ ਦੇ ਅਫ਼ਸਰਾਂ ਵੱਲੋਂ ਚਲਾਈਆਂ ਗੋਲੀਆਂ ਨਾਲ ਸੈਂਕੜੇ ਲੋਕ ਮਾਰੇ ਗਏ ਸਨ, ਜੋ ਬੇਹੱਦ ਦੁਖਦਾਈ ਹੈ। ਇਥੇ ਯਾਤਰੀ ਕਿਤਾਬ 'ਚ ਉਨ੍ਹਾਂ ਨੇ ਆਪਣੀਆਂ ਭਾਵਨਾਵਾਂ ਦਰਜ ਕਰਦਿਆਂ ਕਿਹਾ ਕਿ ਬਰਤਾਨਵੀ ਸਾਮਰਾਜ ਦੀ ਇਹ ਕਾਰਵਾਈ ਮੰਦਭਾਗੀ ਸੀ, ਜਿਸ ਲਈ ਮੁਆਫੀ ਮੰਗੀ ਜਾਣੀ ਚਾਹੀਦੀ ਹੈ। ਉਨ੍ਹਾਂ ਨੇ ਯਾਦਗਾਰ 'ਤੇ ਫੁੱਲਾਂ ਦਾ ਗੁਲਦਸਤਾ ਰੱਖ ਕੇ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ।
ਇਸ ਤੋਂ ਪਹਿਲਾਂ ਸਵੇਰੇ ਉਹ ਦਰਬਾਰ ਸਾਹਿਬ ਗਏ ਜਿੱਥੇ ਸ਼੍ਰੋਮਣੀ ਕਮੇਟੀ ਨੇ ਉਨ੍ਹਾਂ ਨੂੰ ਦਰਬਾਰ ਸਾਹਿਬ ਦਾ ਸੁਨਹਿਰੀ ਮਾਡਲ ਅਤੇ ਕਿਤਾਬਾਂ ਭੇਟ ਕਰਕੇ ਸਨਮਾਨਿਤ ਕੀਤਾ। ਉਨ੍ਹਾਂ ਨੇ ਇੰਗਲੈਂਡ ਦੀ ਤਰੱਕੀ ਵਿੱਚ ਸਿੱਖਾਂ ਦੇ ਯੋਗਦਾਨ ਦੀ ਵੀ ਸ਼ਲਾਘਾ ਕੀਤੀ। ਇਹ ਜਾਣਕਾਰੀ ਦਿੱਤੀ ਗਈ ਕਿ ਦੂਜੀ ਸੰਸਾਰ ਜੰਗ ਦੌਰਾਨ ਮਾਰੇ ਗਏ ਸਿੱਖਾਂ ਦੀ ਯਾਦ 'ਚ ਮੇਅਰ ਵੱਲੋਂ ਲੰਡਨ 'ਚ ਯਾਦਗਾਰ ਬਣਾਉਣ ਦੀ ਯੋਜਨਾ ਹੈ। ਅੰਮ੍ਰਿਤਸਰ ਦੀ ਯਾਤਰਾ ਤੋਂ ਬਾਅਦ ਉਹ ਆਪਣੇ 16 ਮੈਂਬਰੀ ਵਫ਼ਦ ਸਮੇਤ ਅਟਾਰੀ-ਵਾਹਗਾ ਸਰਹੱਦ ਰਸਤੇ ਪਾਕਿਸਤਾਨ ਰਵਾਨਾ ਹੋ ਗਏ।
ਇਥੇ ਇਹ ਵੀ ਜ਼ਿਕਰਯੋਗ ਹੈ ਕਿ 4 ਨਵੰਬਰ, 2017 ਨੂੰ ਜਲੰਧਰ ਤੋਂ ਗ੍ਰਿਫਤਾਰ ਕੀਤੇ ਗਏ ਬਰਤਾਨਵੀ ਨਾਗਰਿਕ ਜਗਤਾਰ ਸਿੰਘ ਜੌਹਲ ਦੇ ਮਾਮਲੇ 'ਚ ਪੰਜਾਬ ਪੁਲਿਸ ਵਲੋਂ ਬਰਤਾਨਵੀ ਦੂਸਘਰ ਨੂੰ ਜਾਣਕਾਰੀ ਦੇਣੀ ਜ਼ਰੂਰੀ ਨਹੀਂ ਸਮਝੀ ਗਈ।


ਲੰਡਨ ਦੇ ਮੇਅਰ ਸਾਦਿਕ ਖਾਨ ਜਲ੍ਹਿਆਂਵਾਲਾ ਬਾਗ਼ 'ਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ।


JESSIE TAX SERVICES
We Provide Comprehensive Tax Services



JASWANT S. JESSIE
Enrolled Agent (EA), NTPI Fellow

Specializing in:
- Comprehensive Tax Return Preparation (including international income)
- Individual & All Business Tax Returns (Multiple States)
- Creation of Partnership, LLC & Corporation
- F-BAR, OVDPI & Streamline Filings
- Book keeping, Payroll & Sales Tax
- Audit Representations to IRS, Franchise Tax Board, EDD & Sales Tax

1491 S. Wolfe Road, Sunnyvale, CA 94087 | By Appointment Only
Phone (408) 736-2451 | Fax (408) 736-8626
Email: jessie@jessietax.com
www.jessietax.com


### ਨਿਊਯਾਰਕ ਦੇ ਮੈਟਰੋ ਸਟੇਸ਼ਨ 'ਤੇ ਬੰਬ ਧਮਾਕਾ

**ਨਿਊਯਾਰਕ/ਬਿਊਰੋ ਨਿਊਜ਼:** ਨਿਊਯਾਰਕ ਦੇ ਮੈਟਰੋ ਸਟੇਸ਼ਨ 'ਤੇ ਸੋਮਵਾਰ ਸਵੇਰੇ ਪਾਈਪ ਬੰਬ ਨਾਲ ਕੀਤੇ ਧਮਾਕੇ 'ਚ 4 ਵਿਅਕਤੀ ਜ਼ਖ਼ਮੀ ਹੋ ਗਏ ਹਨ। ਮੀਡੀਆ ਰਿਪੋਰਟਾਂ ਅਨੁਸਾਰ ਧਮਾਕੇ ਤੋਂ ਬਾਅਦ ਸ਼ਹਿਰ ਦੇ ਅਤਿ-ਵਿਅਸਤ ਇਲਾਕੇ 'ਚ ਅਫਰਾ-ਤਫਰੀ ਦਾ ਮਾਹੌਲ ਪੈਦਾ ਹੋ ਗਿਆ ਹੈ। ਪੁਲਿਸ ਵਿਭਾਗ ਨੇ ਮੁਢਲੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਧਮਾਕੇ ਤੋਂ ਬਾਅਦ ਮੈਟਰੋ ਸਟੇਸ਼ਨ ਦੀ ਏ., ਸੀ. ਤੇ ਈ. ਲਾਈਨ ਨੂੰ ਖਾਲੀ ਕਰਵਾਇਆ ਗਿਆ ਹੈ। ਧਮਾਕੇ ਦੇ ਸਬੰਧ 'ਚ ਆਈ. ਐਸ. ਆਈ. ਐਸ. ਤੋਂ ਪ੍ਰਭਾਵਿਤ ਬੰਗਲਾਦੇਸ਼ ਮੂਲ ਦੇ ਇਕ ਵਿਅਕਤੀ ਅਕਾਇਦ ਉੱਲਾ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧੀ ਨਿਊਯਾਰਕ ਪੋਸਟ ਨੇ ਦੱਸਿਆ ਕਿ 27 ਸਾਲਾ ਸ਼ੱਕੀ ਬੰਗਲਾਦੇਸ਼ੀ ਬੰਬਾਰ ਨਾਲ ਪਾਈਪ ਬੰਬ ਦੀ ਬੈਟਰੀ ਦੀਆਂ ਤਾਰਾਂ ਜੁੜੀਆਂ ਸਨ ਤੇ ਤਾਰਾਂ ਨੂੰ ਨਕਾਰਾ ਕਰਨ ਤੋਂ ਬਾਅਦ ਉਸ ਨੂੰ ਹਿਰਾਸਤ 'ਚ ਲਿਆ ਗਿਆ। ਇਸ ਸਬੰਧੀ ਨਿਊਯਾਰਕ ਪੁਲਿਸ ਵਿਭਾਗ ਦੇ ਸਾਬਕਾ ਪੁਲਿਸ ਕਮਿਸ਼ਨਰ ਬਿਲ ਬਰੈਟਨ ਨੇ ਦੱਸਿਆ ਕਿ ਫੜ੍ਹਿਆ ਗਿਆ ਬੰਗਲਾਦੇਸ਼ੀ ਇਸਲਾਮਿਕ ਸਟੇਟ ਅੱਤਵਾਦੀ ਸਮੂਹ ਤੋਂ ਪ੍ਰਭਾਵਿਤ ਸੀ। ਨਿਊਯਾਰਕ ਦੇ ਮੇਅਰ ਬਿਲ ਡੀ ਬਲੇਸੀਓ ਨੇ ਦੱਸਿਆ ਕਿ ਇਹ ਮੰਨਿਆ ਜਾ ਰਿਹਾ ਹੈ ਕਿ ਨਿਊਯਾਰਕ ਸਬ-ਵੇ 'ਤੇ ਕੀਤਾ ਗਿਆ ਧਮਾਕਾ ਅੱਤਵਾਦੀ ਹਮਲਾ ਸੀ। ਪੁਲਿਸ ਵਿਭਾਗ ਨੇ ਦੱਸਿਆ ਕਿ ਬੰਬ ਧਮਾਕੇ 'ਚ 4 ਵਿਅਕਤੀ ਜ਼ਖ਼ਮੀ ਹੋ ਗਏ ਹਨ, ਜਦਕਿ ਫੜੇ ਗਏ ਸ਼ੱਕੀ ਦੇ ਵੀ ਕੁਝ ਜ਼ਖ਼ਮਾਂ ਦੇ ਨਿਸ਼ਾਨ ਹਨ।

### ਨੌਜਵਾਨ ਭਾਰਤੀ ਖਿਡਾਰਨ ਦੀ ਆਸਟਰੇਲੀਆ 'ਚ ਡੁੱਬਣ ਕਾਰਨ ਮੌਤ

**ਐਡੀਲੇਡ/ਬਿਊਰੋ ਨਿਊਜ਼:** ਇੱਥੇ ਪੈਸੇਫ਼ਿਕ ਸਕੂਲ ਖੇਡਾਂ ਵਿੱਚ ਹਿੱਸਾ ਲੈਣ ਆਈ ਭਾਰਤੀ ਫੁਟਬਾਲ ਖਿਡਾਰਨ ਨਿਤੀਸ਼ਾ ਨੇਗੀ (15 ਸਾਲ) ਗਲੇਨਲੇਜ ਬੀਚ 'ਤੇ ਤੈਰਾਕੀ ਕਰਦੇ ਸਮੇਂ ਸਮੁੰਦਰ ਵਿੱਚ ਡੁੱਬ ਗਈ, ਜਦੋਂ ਕਿ ਚਾਰ ਹੋਰ ਭਾਰਤੀ ਖਿਡਾਰਨਾਂ ਨੂੰ ਬਚਾਅ ਲਿਆ ਗਿਆ। ਇਨ੍ਹਾਂ ਵਿੱਚੋਂ ਦੋ ਖਿਡਾਰਨਾਂ ਦੀ ਹਾਲਤ ਗੰਭੀਰ ਹੈ। ਭਾਰਤੀ ਟੀਮ ਦੀਆਂ ਖਿਡਾਰਨਾਂ ਐਤਵਾਰ ਸ਼ਾਮੀਂ ਗਲੇਨਲੇਜ ਬੀਚ 'ਤੇ ਤੈਰਾਕੀ ਕਰਨ ਗਈਆਂ ਸਨ ਅਤੇ ਉਹ ਸਮੁੰਦਰੀ ਲਹਿਰਾਂ ਦੀ ਲਪੇਟ ਵਿੱਚ ਆ ਗਈਆਂ। ਬੀਚ ਕੰਢੇ ਤਾਇਨਾਤ ਬਚਾਅ ਟੀਮ ਨੇ ਤੁਰੰਤ ਹਰਕਤ ਵਿੱਚ ਆ ਕੇ ਚਾਰ ਖਿਡਾਰਨਾਂ ਨੂੰ ਬਚਾਅ ਲਿਆ, ਜਦੋਂ ਕਿ ਨਿਤੀਸ਼ਾ ਨੇਗੀ ਦੀ ਲਾਸ਼ ਸਵੇਰੇ ਤੈਰਦੀ ਮਿਲੀ। ਰਾਇਲ ਐਡੀਲੇਡ ਹਸਪਤਾਲ ਵਿੱਚ ਦਾਖ਼ਲ 17 ਸਾਲ ਦੀ ਇਕ ਖਿਡਾਰਨ ਅਤੇ ਫ਼ਲਿੰਡਰ ਹਸਪਤਾਲ ਵਿੱਚ ਜ਼ੇਰੇ ਇਲਾਜ ਦੀਪਿਕਾ (17 ਸਾਲ) ਦੀ ਹਾਲਤ ਗੰਭੀਰ ਹੈ। ਚਿਲਡਰਨ ਤੇ ਵਿਮੈਨ ਹਸਪਤਾਲ ਵਿੱਚ ਇਲਾਜ ਅਧੀਨ 12 ਸਾਲ ਦੀ ਖਿਡਾਰਨ ਨੂੰ ਛੁੱਟੀ ਦੇ ਦਿੱਤੀ ਗਈ। ਸੂਬਾ ਸਾਊਥ ਆਸਟਰੇਲੀਆ ਦੀ ਸਰਕਾਰ ਨਿਤੀਸ਼ਾ ਨੇਗੀ ਦੀ ਲਾਸ਼ ਭਾਰਤ ਭੇਜਣ ਦਾ ਪ੍ਰਬੰਧ ਕਰ ਰਹੀ ਹੈ। ਸਾਊਥ ਆਸਟਰੇਲੀਆ ਦੇ ਸੈਰ-ਸਪਾਟਾ ਮੰਤਰੀ ਲਿਊਨ ਬਿਗੀਨਲ ਨੇ ਇਸ ਘਟਨਾ ਉਤੇ ਦੁੱਖ ਜ਼ਾਹਰ ਕੀਤਾ।

# ਭਾਰਤੀ ਮੀਡੀਆ ਵਲੋਂ ਬ੍ਰਿਟਿਸ਼ ਸਿੱਖਾਂ ਦੀਆਂ ਤਸਵੀਰਾਂ ਦਿਖਾ ਕੇ ਅੱਤਵਾਦੀ ਆਖਣਾ ਨਿਰਾ ਪੀਲੀ ਪੱਤਰਕਾਰੀ: ਯੁਨਾਈਟਿਡ ਖਾਲਸਾ ਦਲ ਯੂ ਕੇ

## *ਮਜੀਠੀਆ ਟਰੱਸਟ ਦੇ ਚੇਅਰਮੈਨ ਨੂੰ ਦਰਸਾਇਆ ਗਿਆ ਪਾਕਿਸਤਾਨੀ ਖੂਫੀਆ ਏਜੰਸੀ ਦਾ ਅਧਿਕਾਰੀ*

**ਲੰਡਨ/ਬਿਊਰੋ ਨਿਊਜ਼:**
ਯੁਨਾਈਟਿਡ ਖਾਲਸਾ ਦਲ ਯੂ.ਕੇ. ਨੇ ਦੋਸ਼ ਲਾਇਆ ਹੈ ਕਿ ਭਾਰਤ ਦੇ ਹਿੰਦੂਤਵੀ ਅਤੇ ਫਿਰਕਾਪ੍ਰਸਤ ਮੀਡੀਏ ਵਿੱਚ ਸਿੱਖਾਂ ਨੂੰ ਹਰ ਹੀਲੇ ਅੰਤਰਰਾਸ਼ਟਰੀ ਪੱਧਰ ਤੇ ਬਦਨਾਮ ਕਰਨ ਦੀ ਹੋੜ ਲੱਗੀ ਹੋਈ ਹੈ ।ਇਸ ਵਲੋਂ ਹਿੰਦੂਤਵ ਦੀ ਫਿਰਕਾਪ੍ਰਸਤੀ ਵਾਲੀ ਭਗਤੀ ਕਰਦਿਆਂ ਕਰਦਿਆਂ ਅਜਿਹੀਆਂ ਗੱਲਾਂ ਪ੍ਰਸਾਰਿਤ ਕਰ ਦਿੱਤੀਆਂ ਜਾਂਦੀਆਂ ਹਨ ਜਿਹਨਾਂ ਨੂੰ ਕੋਈ ਅਧਾਰ ਨਹੀਂ ਹੁੰਦਾ ਬਲਕਿ ਸੌ ਫੀਸਦੀ ਝੂਠੀਆਂ ਗੱਪਾਂ ਅਤੇ ਮਨਘੜਤ ਕਹਾਣੀਆਂ ਹੁੰਦੀਆਂ ਹਨ ।ਜਿਹਨਾਂ ਤੇ ਕੋਈ ਵੀ ਵਿਅਕਤੀ ਯਕੀਨ ਨਹੀਂ ਕਰ ਸਕਦਾ । ਬਰਤਾਨਵੀ ਨਾਗਰਿਕ ਜਗਤਾਰ ਸਿੰਘ ਜੌਹਲ ਦੀ ਬੇਬੁਨਿਆਦ ਅਤੇ ਨਜ਼ਾਇਜ਼ ਗ੍ਰਿਫਤਾਰੀ ਨੂੰ ਸਹੀ ਠਹਿਰਾਉਣ ਲਈ ਇਹ ਪੱਖਪਾਤੀ ਮੀਡੀਆ ਆਏ ਦਿਨ ਨਵੀਂ ਕਹਾਣੀ ਘੜ ਰਿਹਾ ਹੈ ।ਅਜਿਹਾ ਦੁਨੀਆਂ ਭਰ ਵਿੱਚ ਭਾਰਤ ਹੋ ਰਹੀ ਬਦਨਾਮੀ ਨੂੰ ਰੋਕਣ ਅਤੇ ਜਗਤਾਰ ਸਿੰਘ ਜੌਹਲ ਦੇ ਹੱਕ ਵਿੱਚ ਬੁਲੰਦ ਹੋ ਚੁੱਕੀ ਲਹਿਰ ਨੂੰ ਪ੍ਰਭਾਵਹੀਣ ਬਣਾਉਣ ਲਈ ਭਾਰਤ ਦੀ ਕੇਂਦਰ ਅਤੇ ਪੰਜਾਬ ਸਰਕਾਰ, ਭਾਰਤ ਦੀਆਂ ਹਿੰਦੂਤਵੀ ਏਜੰਸੀਆਂ ਅਤੇ ਪੰਜਾਬ ਪੁਲਿਸ ਦੀ ਮਿਲੀਭੁਗਤ ਰਾਹੀਂ ਕੀਤਾ ਜਾ ਰਿਹਾ ਹੈ ।

ਯੁਨਾਈਟਿਡ ਖਾਲਸਾ ਦਲ ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਇਸ ਸਿੱਖ ਵਿਰੋਧੀ ਝੂਠੇ ਅਤੇ ਬੇਤੁਕੇ ਪ੍ਰਚਾਰ ਦਾ ਮੁੱਢ ਬੰਨਣ ਲਈ ਮੁੱਖ ਤੌਰ ਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਇੰਦਰ ਸਿੰਘ ਅਤੇ ਪੁਲਿਸ ਮੁਖੀ ਸੁਰੇਸ਼ ਅਰੋੜਾ ਨੂੰ ਜਿੰਮੇਵਾਰ ਠਹਿਰਾਇਆ ਗਿਆ ।

ਜ਼ਿਕਰਯੋਗ ਹੈ ਕਿ ਪੰਜ ਸਾਲ ਪਹਿਲਾਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਤੇ ਪਾਕਿਤਸਾਨ ਯਾਤਰਾ ਤੇ ਗਏ ਬ੍ਰਿਟਿਸ਼ ਸਿੱਖ ਅਤੇ ਪੰਥਕ ਸੇਵਾਦਾਰ ਭਾਈ ਸਰਬਜੀਤ ਸਿੰਘ ਹੇਜ਼ (ਯੂ.ਕੇ.) ਅਤੇ ਜਥੇਦਾਰ ਰੇਸ਼ਮ ਸਿੰਘ ਜਰਮਨੀ ਸਮੇਤ ਕੁਝ ਸਿੱਖਾਂ ਨੂੰ ਦਿਆਲ ਸਿੰਘ ਮਜੀਠੀਆ ਟਰੱਸਟ ਦੇ ਚੇਅਰਮੈਨ ਅਹਿਸਾਨ ਨਦੀਮ ਵਲੋਂ ਸਨਮਾਨਿਤ ਕੀਤਾ ਗਿਆ ਸੀ ਅਤੇ ਉਹਨਾਂ ਤਸਵੀਰਾਂ ਨੂੰ ਅਧਾਰ ਬਣਾ ਕੇ ਭਾਰਤੀ ਮੀਡੀਏ ਵਲੋਂ ਮਨਘੜਤ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਇਹਨਾਂ ਸਿੱਖਾਂ ਨੇ ਪਾਕਿਸਤਾਨ ਦੀ ਖੂਫੀਆ ਏਜੰਸੀ ਦੇ ਅਧਿਕਾਰੀ ਨਾਲ ਮੀਟਿੰਗ ਕੀਤੀ ਅਤੇ ਪੰਜਾਬ ਵਿੱਚ ਹਥਿਆਰਬੰਦ ਖਾੜਕੂ ਲਹਿਰ ਦਾ ਮੁੜ ਆਗਾਜ਼ ਕਰਨ ਦੀ ਵਿਉਂਬੰਦੀ ਬਣਾਈ ਹੈ। ਦਿਆਲ ਸਿੰਘ ਮਜੀਠੀਆ ਟਰੱਸਟ ਦਾ ਤੱਤਕਾਲੀ ਚੇਅਰਮੈਨ ਅਹਿਸਾਨ ਨਦੀਮ ਪਾਕਿਸਤਾਨ ਦਾ ਨਾਮਵਰ ਲੇਖਕ ਵੀ ਹੈ, ਜਿਸ ਨੇ ਛੇ ਦਰਜਨ ਤੋਂ ਵੱਧ ਕਿਤਾਬਾਂ ਲਿਖੀਆ ਹਨ । ਭਾਰਤੀ ਮੀਡੀਏ ਵਲੋਂ ਉਸਨੂੰ ਖੂਫੀਆ ਏਜੰਸੀ ਆਈ.ਐੱਸ.ਆਈ ਦਾ ਅਧਿਕਾਰੀ ਦਰਸਾਇਆ ਗਿਆ ਹੈ । ਪਾਕਿਸਤਾਨ ਜਾਣ ਵਾਲੇ ਜਥਿਆਂ ਵਿੱਚ ਸ਼ਾਮਲ ਪੰਥਕ ਆਗੂਆਂ ਨੂੰ ਅਕਸਰ ਹੀ ਵੱਖ ਵੱਖ ਅਦਾਰਿਆਂ ਵਲੋਂ ਸਨਮਾਨਿਤ ਕੀਤਾ ਜਾਂਦਾ ਹੈ । ਯੁਨਾਈਟਿਡ ਖਾਲਸਾ ਦਲ ਵਲੋਂ ਸਿੱਖ ਵਿਰੋਧੀ ਭਾਰਤੀ ਤੰਤਰ ਨੂੰ ਕੰਧ ਤੇ ਲਿਖਿਆ ਪੜ੍ਹਨ ਦੀ ਨਸੀਹਤ ਦਿੰਦਿਆਂ ਆਖਿਆ ਗਿਆ ਕਿ ਸਿੱਖ ਅੱਤਵਾਦੀ ਨਹੀਂ ਹਨ,ਪਰ ਆਪਣੇ ਹੱਕਾਂ, ਹਿਤਾਂ ਅਤੇ ਕੌਮੀ ਅਜ਼ਾਦੀ ਲਈ ਸੰਘਰਸ਼ ਹਰ ਹਾਲਤ ਵਿੱਚ ਕਰਦਾ ਹੈ ।ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਬਚਨ ਹਨ ਕਿ 1947 ਵਿੱਚ ਅਸੀਂ ਟੋਪੀ ਅਜਾਦ ਕਰਵਾਈ ਸੀ ਅਤੇ ਹੁਣ ਪੱਗ ਅਜਾਦ ਕਰਵਾਉਣੀ ਹੈ, ਇਸ ਵਾਸਤੇ ਹੀ ਅਜਾਦ ਸਿੱਖ ਰਾਜ ਖਾਲਿਸਤਾਨ ਦਾ ਸੰਘਰਸ਼ ਸਿੱਖਾਂ ਦਾ ਕੌਮੀ ਨਿਸ਼ਾਨਾ ਅਤੇ ਸਿੱਖ ਸਮੱਸਿਆਵਾਂ ਦਾ ਸਥਾਈ ਹਲ ਹੈ ਜਿਸ ਵਿੱਚ ਹਰ ਸਿੱਖ ਨੂੰ ਯੋਗਦਾਨ ਪਾਉਣ ਦੀ ਲੋੜ ਹੈ । ਵਿਦੇਸ਼ਾਂ ਵਿੱਚ ਵਸਦੇ ਸਿੱਖ ਪਾਕਿਸਤਾਨ ਸਮੇਤ ਦੁਨੀਆਂ ਦੇ ਹਰ ਦੇਸ਼ ਵਿੱਚ ਜਾਣ ਦਾ ਹੱਕ ਰੱਖਦੇ ਹਨ, ਇਸ ਵਾਸਤੇ ਸਾਨੂੰ ਭਾਰਤੀ ਨਿਜ਼ਾਮ ਜਾਂ ਭਾਰਤ ਸਰਕਾਰ ਦੇ ਜ਼ਰਖਰੀਦ ਫੀਲਿਆਂ ਤੋਂ ਕਿਸੇ ਕਿਸਮ ਦੀ ਇਜ਼ਾਜਤ ਲੈਣ ਦੀ ਲੋੜ ਨਹੀਂ ਹੈ ।

## ਗੁਰਜਤਿੰਦਰ ਸਿੰਘ ਰੰਧਾਵਾ ਨੂੰ ਭਾਰੀ ਸਦਮਾ

### *ਪਿਤਾ ਸ : ਬਲਬੀਰ ਸਿੰਘ ਜੀ ਪਰਲੋਕ ਸਿਧਾਰੇ*

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:** ਸੈਕਰਾਮੈਂਟੋ ਤੋਂ ਨਿਕਲਦੀ ਅਖਬਾਰ ਪੰਜਾਬ ਮੇਲ ਦੇ ਅਡੀਟਰ ਗੁਰਜਤਿੰਦਰ ਸਿੰਘ ਰੰਧਾਵਾ ਦੇ ਮਾਣਯੋਗ ਪਿਤਾ ਸ. ਬਲਬੀਰ ਸਿੰਘ ਰੰਧਾਵਾ ਇਸ ਫਾਨੀ ਦੁਨੀਆਂ ਨੂੰ 7 ਦਸੰਬਰ 2017 ਨੂੰ ਸਦਾ ਲਈ ਅਲਵਿਦਾ ਆਖ ਗਏ। ਉਹ 85 ਵਰ੍ਹਿਆਂ ਦੇ ਸਨ। ਇਸ ਅਚਾਨਕ ਹੋਈ ਦੁਖਦਾਇਕ ਮੌਤ ਨਾਲ ਜਿੱਥੇ ਸਾਰੇ ਪਰਿਵਾਰ ਨੂੰ ਭਾਰੀ ਸਦਮਾ ਪਹੁੰਚਿਆ ਹੈ, ਉਥੇ ਸ. ਬਲਬੀਰ ਸਿੰਘ ਵਰਗੇ ਬੁੱਧੀਜੀਵੀ ਇਨਸਾਨ ਦੇ ਚਲੇ ਜਾਣ ਨਾਲ ਸਮਾਜ ਨੂੰ ਵੀ ਘਾਟਾ ਪਿਆ ਹੈ, ਜੋ ਕਦੀ ਵੀ ਨਾ ਪੂਰਾ ਹੋਣ ਵਾਲਾ ਹੈ। ਸ. ਬਲਬੀਰ ਸਿੰਘ ਰੰਧਾਵਾ ਦਾ ਜਨਮ 20 ਸਤੰਬਰ, 1932 ਗੁੱਜਰਾਂਵਾਲਾ, ਅਣਵੰਡੇ ਹਿੰਦੋਸਤਾਨ ਵਿਚ ਹੋਇਆ। ਉਨ੍ਹਾਂ ਬੀ.ਏ. ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਕੀਤੀ। ਉਪਰੰਤ ਭਾਰਤੀ ਫੌਜ ਵਿਚ ਭਰਤੀ ਹੋਏ। ਇਸ ਤੋਂ ਬਾਅਦ ਉਨ੍ਹਾਂ ਨੇ ਕੁੱਝ ਸਮਾਂ ਸਿੱਖਿਆ ਦੇ ਖੇਤਰ ਵਿਚ ਵੀ ਲਾਇਆ। ਫਿਰ ਭਾਰੀ ਜੀਵਨ ਬੀਮਾ ਨਿਗਮ ਵਿਚ ਉੱਚ ਅਹੁਦੇ 'ਤੇ ਸੇਵਾ ਨਿਭਾਉਣ ਉਪਰੰਤ 1992 ਵਿਚ ਰਿਟਾਇਰ ਹੋਏ। ਹੁਣ ਪਿਛਲੇ ਲੰਮੇ ਸਮੇਂ ਤੋਂ ਉਹ ਆਪਣੇ ਸਪੁੱਤਰ ਗੁਰਜਤਿੰਦਰ ਸਿੰਘ ਰੰਧਾਵਾ ਨਾਲ ਅਮਰੀਕਾ ਵਿਖੇ ਰਹਿ ਰਹੇ ਸਨ।



ਸ. ਬਲਬੀਰ ਸਿੰਘ ਰੰਧਾਵਾ ਵਧੀਆ ਤੇ ਨੇਕ ਇਨਸਾਨ ਹੋਣ ਦੇ ਨਾਲ-ਨਾਲ ਉਚ ਪਾਏ ਦੇ ਬੁੱਧੀਜੀਵੀ ਅਤੇ ਚੰਗਾ ਗਿਆਨ ਰੱਖਣ ਵਾਲੇ ਸਨ ਤੇ ਜਿਸ ਕਰਕੇ ਉਨ੍ਹਾਂ ਦਾ ਸਮਾਜ ਵਿਚ ਵੀ ਚੰਗਾ ਸਤਿਕਾਰ ਬਣਿਆ ਹੋਇਆ ਸੀ। ਉਨ੍ਹਾਂ ਦਾ ਸਭ ਤੋਂ ਵੱਡਾ ਗੁਣ ਇਹ ਸੀ ਕਿ ਉਹ ਸਮਾਜ ਦੇ ਹਰ ਕਾਰਜ ਵਿਚ ਹਿੱਸਾ ਲੈਣ ਲਈ ਸਦਾ ਤੱਤਪਰ ਰਹੇ। ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਵੀ ਉੱਚ ਸਿੱਖਿਆ ਦੇ ਕੇ ਚੰਗੇ ਗੁਣਾਂ ਦੇ ਧਾਰਨੀ ਅਤੇ ਸਮਾਜ ਸੇਵਾ ਨਾਲ ਜੋੜਿਆ।

ਉਨ੍ਹਾਂ ਦੀ ਦਿੱਤੀ ਸਿੱਖਿਆ ਦਾ ਹੀ ਅਸਰ ਹੈ ਕਿ ਅੱਜ ਦੇ ਸਮੇਂ ਵਿਚ ਵੀ ਗੁਰਜਤਿੰਦਰ ਸਿੰਘ ਰੰਧਾਵਾ ਦੇ ਘਰ ਵਿਚ ਚਾਰ ਪੀੜ੍ਹੀਆਂ ਇਕੋ ਘਰ, ਇਕੋ ਛੱਤ ਥੱਲੇ ਇਕੱਠੀਆਂ ਰਹਿ ਰਹੀਆਂ ਹਨ, ਜੋ ਅਜੋਕੇ ਸਮਾਜ ਲਈ ਇਕ ਮਿਸਾਲ ਹੈ। ਪਿੱਛੇ ਉਨ੍ਹਾਂ ਦੇ ਪਰਿਵਾਰ ਵਿਚ ਉਨ੍ਹਾਂ ਦੇ ਧਰਮਪਤਨੀ ਬੀਬੀ ਸਤਵੰਤ ਕੌਰ ਜੀ, ਸਪੁੱਤਰ ਗੁਰਜਤਿੰਦਰ ਸਿੰਘ ਰੰਧਾਵਾ, ਤਿੰਨ ਧੀਆਂ, ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਅਤੇ ਪੜਪੋਤੇ-ਪੜਪੋਤੀਆਂ ਨਾਲ ਭਰਿਆ ਪਰਿਵਾਰ ਖੁਸ਼ਹਾਲ ਜੀਵਨ ਜੀਅ ਰਿਹਾ ਹੈ ਅਤੇ ਸਾਰਾ ਪਰਿਵਾਰ ਅਮਰੀਕਾ ਵਿਚ ਵੈਲ ਸੈਟਲਡ ਹੈ।

ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸ. ਗੁਰਜਤਿੰਦਰ ਸਿੰਘ ਰੰਧਾਵਾ ਨਾਲ 916-320-9444 'ਤੇ ਸੰਪਰਕ ਕੀਤਾ ਜਾ ਸਕਦਾ ਹੈ।




ਮਾਤਾ ਗੁਜਰੀ ਜੀ ਅਤੇ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ

ਵਿਸ਼ੇਸ਼ ਕਥਾ ਅਤੇ ਕੀਰਤਨ ਸਮਾਗਮ

ਗੁਰਦੁਆਰਾ ਸਾਹਿਬ ਖਾਲਸਾ ਕੇਅਰ ਫਾਊਂਡੇਸ਼ਨ ਵਿਖੇ

AT GURDWARA SAHIB, KHALSA CARE FOUNDATION

9989 Laurel Canyon Blvd, Pacoima CA 91331

31 DEC (Evenning) 07.00pm-12.00am

07 JAN (Morning) 12.00pm-01.00pm

KIRTAN BHAI VARINDER SINGH JI &
KATHA BHAI PINDERPAL SINGH JI

01 JAN (MONDAY) TO 06 JAN (SATURDAY)

07.00pm-07.30pm KIRTAN BHAI VARINDER SINGH JI
07.30pm-08.30pm KATHA BHAI PINDERPAL SINGH JI



Followed by Ardas Samapti & Guru Ka Langar

BHAI KANHAIYA JEE LANGAR SEWA DAL
FOR MORE INFORMATION PLEASE CONTACT:
BALDEV SINGH (818) 468-9595 BALWINDER SINGH (818) 404-0811
MAKHAN SINGH (661) 225-7157 PARAMJIT SINGH (626) 354-6653

Printed by: SS #9873467767

# ਮੋਦੀ ਦੇ ਭਾਰਤ ਅੰਦਰ ਗਾਂਵਾਂ ਦੇ ਹੱਕ ਹਨ, ਮਨੁੱਖਾਂ ਦੇ ਨਹੀਂ : ਦਲ ਖਾਲਸਾ











**ਗੁਰਦਾਸਪੁਰ/ਬਿਊਰੋ ਨਿਊਜ਼:** ਦਲ ਖਾਲਸਾ ਨੇ ਭਾਰਤ ਸਰਕਾਰ ਨੂੰ ਕਸੂਤੀ ਸਥਿਤੀ ਵਿੱਚ ਪਾਉਂਦਿਆਂ ਕਿਹਾ ਕਿ ਭਾਰਤ ਸਰਕਾਰ ਜੇਕਰ ਝੂਠ ਨਹੀਂ ਬੋਲ ਰਹੀ ਤਾਂ ਉਹ ਐਮਨੇਸਟੀ ਇੰਟਰਨੈਸ਼ਨਲ ਅਤੇ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਪੰਜਾਬ ਅੰਦਰ ਲਗਾਤਾਰ ਹੋ ਰਹੇ ਮਨੁੱਖੀ ਅਧਿਕਾਰਾਂ ਦੇ ਘਾਣ ਸਬੰਧੀ ਸ਼ਿਕਾਇਤਾਂ ਦੀ ਜਾਂਚ ਕਰਨ ਦੀ ਇਜ਼ਾਜਤ ਦੇਵੇ।

ਦਲ ਖਾਲਸਾ ਵਲੋਂ 69ਵੇਂ ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਮੌਕੇ ਇਥੇ ਸ਼ਹਿਰ ਵਿੱਚ ਮਾਰਚ ਕੀਤਾ ਗਿਆ ਅਤੇ ਉਪਰੰਤ ਜਹਾਜ਼ ਚੌਂਕ ਵਿਖੇ ਇੱਕਤਰਤਾ ਕੀਤੀ ਗਈ।ਜਿਸ ਵਿੱਚ ਸਰਕਾਰੀ-ਦਹਿਸ਼ਤਗਰਦੀ ਦੇ ਸ਼ਿਕਾਰ ਪੀੜਤ ਪਰਿਵਾਰਾਂ ਨੇ ਵੀ ਹਿੱਸਾ ਲਿਆ। ਉਹਨਾਂ ਮਾਰਚ ਵਿੱਚ ਜਬਰੀ ਲਾਪਤਾ ਕੀਤੇ ਜਾਂ ਫਰਜ਼ੀ ਮੁਕਾਬਲਿਆਂ ਵਿੱਚ ਮਾਰੇ ਗਏ ਸਕੇ-ਸਬੰਧੀਆਂ ਦੀਆਂ ਤਸਵੀਰਾਂ ਫੜੀਆਂ ਹੋਈਆਂ ਸਨ।

ਮਾਰਚ ਵਿੱਚ ਸ਼ਾਮਿਲ ਕਾਰਜਕਰਤਾਵਾਂ ਨੇ ਬੈਨਰ ਫੜੇ ਸਨ ਜਿਸ ਉਤੇ ਸਵਾਲ ਖੜਾ ਕੀਤਾ ਗਿਆ ਸੀ ਕਿ 'ਕਿਥੇ ਹੈ ਇਨਸਾਫ', 'ਮਰ ਰਿਹਾ ਹੈ ਇਨਸਾਫ' ਅਤੇ ਕਿਥੇ ਹਨ ਪੰਜਾਬ ਦੇ ਜਬਰੀ ਚੁੱਕ ਕੇ ਲਾਪਤਾ ਕੀਤੇ ਪੁੱਤਰ? ਦੂਸਰੇ ਬੈਨਰ ਤੇ ਅੰਕਿਤ ਸੀ ਕਿ ਸਿੱਖਾਂ ਦੇ ਬੁੱਚੜ ਕਦੋਂ ਕਾਨੂੰਨ ਦੇ ਕਟਹਿਰੇ ਵਿੱਚ ਖੜੇ ਕੀਤੇ ਜਾਣਗੇ। ਪਾਰਟੀ ਪ੍ਰਧਾਨ ਹਰਪਾਲ ਸਿੰਘ ਚੀਮਾ ਨੇ ਬੋਲਦਿਆਂ ਕਿਹਾ ਕਿ ਅੱਜ ਪੰਜਾਬ ਅੰਦਰ ਮਨੁੱਖੀ ਅਧਿਕਾਰਾਂ ਦੇ ਸਤਿਕਾਰ ਦੀ ਗੱਲ ਕਰਨਾ ਬੇ-ਮਾਇਨੇ ਅਤੇ ਓਪਰਾ ਲੱਗਦਾ ਹੈ। ਉਹਨਾਂ ਕਿਹਾ ਕਿ ਇਹ ਬੇਹੱਦ ਅਫਸੋਸਨਾਕ ਹੈ ਕਿ ਅੰਤਰਰਾਸ਼ਟਰੀ ਮਾਹਿਰਾਂ ਅਤੇ ਸੰਸਥਾਵਾਂ ਦੀ ਰਿਪੋਰਟਾਂ ਵੀ ਪੰਜਾਬ ਪੁਲਿਸ ਦੇ ਜ਼ੁਲਮੀ ਤੌਰ-ਤਰੀਕਿਆਂ ਨੂੰ ਠੱਲ੍ਹ ਨਹੀਂ ਪਾ ਸਕੀਆਂ। ਨੈਸ਼ਨਲ ਜਾਂਚ ਏਜੰਸੀ ਨੂੰ ਡਰੈਗਨ ਦਸਦਿਆਂ ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਇਸ ਦੀ ਸਿਰਜਣਾ ਘੱਟ-ਗਿਣਤੀ ਕੌਮਾਂ ਵਿਚੋਂ ਉਠਣ ਵਾਲੀ ਵੱਖਰੀ ਸੁਰ ਨੂੰ ਨੱਪਣ ਦੇ ਮੰਤਵ ਨਾਲ ਕੀਤੀ ਹੈ। ਉਨ੍ਹਾਂ ਨੇ ਭਾਰਤ ਸਰਕਾਰ ਵਲੋ ਜਗਜੀਤ ਸਿੰਘ ਜੌਹਲ ਅਤੇ ਜਿੰਮੀ ਦੀ ਗ੍ਰਿਫਤਾਰੀ ਤੇ ਇੰਗਲੈਂਡ ਦੇ ਮੈਂਬਰ ਪਾਰਲੀਅਮੈਂਟ ਵਲੋਂ ਉਠਾਈ ਆਵਾਜ਼ ਤੇ ਪ੍ਰਗਟ ਕੀਤੀ ਚਿੰਤਾਵਾਂ ਨੂੰ ਨਜ਼ਰਅੰਦਾਜ ਕਰਨ ਦੀ ਨਿੰਦਾ ਕਰਦਿਆਂ ਇਸਨੂੰ ਹੈਂਕੜ ਵਾਲੇ ਰਵਈਆ ਦਸਿਆ ਹੈ।

ਹਾਲ ਹੀ ਵਿੱਚ ਹੋਏ ਸਿਆਸੀ ਕਤਲਾਂ ਦੇ ਦੋਸ਼ ਹੇਠ ਫੜੇ ਨੌਜਵਾਨਾਂ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਸਥਾਈ ਸ਼ਾਂਤੀ ਲਈ ਦਿੱਲੀ ਸਰਕਾਰ ਨੂੰ ਪੰਜਾਬ ਸਮਿਸਆ ਦਾ ਸਿਆਸੀ ਹੱਲ ਕੱਢਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਸਰਕਾਰੀ ਜ਼ੋਰ ਜਾਂ ਧੱਕੇ ਨਾਲ ਕਿਸੇ ਆਵਾਜ, ਇਛਾਵਾਂ ਜਾਂ ਸੋਚ ਨੂੰ ਮਾਰਿਆ ਨਹੀਂ ਜਾ ਸਕਦਾ। ਪੁਲਿਸ ਦਾਅਵਿਆਂ ਨੂੰ ਠੁੱਸ ਕਰਦਿਆਂ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਦਸਿਆ ਕਿ ਨੌਜਵਾਨਾਂ ਨੂੰ ਗ੍ਰਿਫਤਾਰ ਕਰਨ ਮੌਕੇ ਕਾਨੂੰਨ ਦੀ ਪਾਲਣਾ ਨਹੀਂ ਕੀਤੀ ਗਈ। ਉਹਨਾਂ ਕਿਹਾ ਕਿ ਕਈਆਂ ਉਤੇ ਹਿਰਾਸਤ ਵਿੱਚ ਤਸ਼ਦਦ ਕੀਤਾ ਗਿਆ ਹੈ ਅਤੇ ਕਈਆਂ ਨੂੰ ਜਲਾਲਤ ਝੱਲਣੀ ਪਈ ਹੈ। ਉਹਨਾਂ ਵਿਸਥਾਰ ਨਾਲ ਦਸਿਆ ਕਿ ਕਿਵੇਂ ਕਾਨੂੰਨ ਦੇ ਰਖਵਾਲੇ ਅਖਵਾਉਣ ਵਾਲੇ ਹੀ ਕਾਨੂੰਨ ਦੀਆਂ ਧੱਜੀਆਂ ਉਡਾ ਰਹੇ ਹਨ। ਪਾਰਟੀ ਦੇ ਜਨਰਲ ਸਕੱਤਰ ਅਤੇ ਪ੍ਰੋਗਰਾਮ ਦੇ ਪ੍ਰਬੰਧਕ ਪਰਮਜੀਤ ਸਿੰਘ ਟਾਂਡਾ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਕਾਨੂੰਨ ਵਿੱਚ ਪਹਿਲਾਂ ਹੀ ਪੁਲਿਸ ਨੂੰ ਅਨ੍ਹੀ ਸ਼ਕਤੀਆਂ ਮਿਲਿਆਂ ਹੋਈਆਂ ਪਰ ਇਸ ਦੇ ਬਾਵਜੂਦ ਪੰਜਾਬ ਸਰਕਾਰ ਗੈਂਗਵਾਰ ਨਾਲ ਨਜਿਠੱਣ ਦਾ ਨਾਮ ਹੇਠ ਪਕੋਕਾ ਵਰਗਾ ਕਾਲਾ ਕਾਨੂੰਨ ਲਿਆਉਣ ਲਈ ਤਰਲੋਮੱਛੀ ਹੋ ਰਹੀ ਹੈ।

ਸਿੱਖ ਯੂਥ ਆਫ ਪੰਜਾਬ ਦੇ ਪ੍ਰਧਾਨ ਪਰਮਜੀਤ ਸਿੰਘ ਮੰਡ ਨੇ ਜਬਰੀ ਲਾਪਤਾ ਕੀਤੇ ਇੰਦਰ ਪਾਲ ਸਿੰਘ ਉਪੱਲ ਦਾ ਕੇਸ ਬਿਆਨ ਕੀਤਾ। ਉਨ੍ਹਾਂ ਦਸਿਆ ਕਿ ਕਿਵੇਂ ਇੰਦਰਪਾਲ ਨੂੰ ਲੁਧਿਆਣਾ ਪੁਲਿਸ ਨੇ ਖਾੜਕੂਆਂ ਨੂੰ ਪਨਾਹ ਦੇਣ ਦੇ ਦੋਸ਼ ਹੇਠ 11 ਸਤੰਬਰ 1988 ਨੂੰ ਗ੍ਰਿਫਤਾਰ ਕੀਤਾ ਅਤੇ ਸਦਾ ਲਈ ਘੁੰਮ ਕਰ ਦਿੱਤਾ। ਉਨ੍ਹਾਂ ਦਸਿਆ ਕਿ ਪੁਲਿਸ ਨੇ ਅੱਜ ਤੱਕ ਉਹਨਾਂ ਬਾਰੇ ਕੋਈ ਉੱਘ-ਸੁੱਘ ਨਹੀਂ ਦਿੱਤੀ।ਉਨ੍ਹਾਂ ਮਾਹੌਲ ਨੂੰ ਜਜਬਾਤੀ ਕਰਦਿਆਂ ਦਸਿਆ ਕਿ ਕਿਵੇਂ ਉਸ ਵੇਲੇ ਦੇ ਸ਼ਹਿਰ ਦੇ ਪੁਲਿਸ ਮੁੱਖੀ ਸੁਮੇਧ ਸਿੰਘ ਸੈਣੀ ਨੇ ਪਰਿਵਾਰ ਨੂੰ ਮੂਰਖ ਬਣਾਈ ਰੱਖਿਆ ਅਤੇ ਗੇੜੇ ਕਢਾਉਂਦਾ ਰਿਹਾ ਜਦਕਿ ਇੰਦਰਪਾਲ ਉਸ ਕੋਲ ਨਜਾਇਜ਼ ਹਿਰਾਸਤ ਵਿੱਚ ਸੀ। ਨੌਜਵਾਨ ਬੁਲਾਰੇ ਨੇ ਦਸਿਆ ਕਿ ਏਸ਼ੀਆ ਵਾਚ ਦੀ ਇੱਕ ਰਿਪੋਰਟ ਵਿੱਚ ਇਸ ਕੇਸ ਬਾਬਤ ਲਿਖਿਆ ਹੈ ਕਿ ਇੰਦਰਪਾਲ ਦਾ ਪਰਿਵਾਰ ਅਸਰ-ਰਸੂਖ ਵਾਲਾ ਹੋਣ ਕਰਕੇ ਉਹਨਾਂ ਚੰਡੀਗੜ ਉੱਚ ਅਧਿਕਾਰੀਆਂ ਤੱਕ ਪੁਹੰਚ ਕੀਤੀ ।ਪੂਰੀ ਦੌੜ ਭੱਜ ਤੋਂ ਬਾਅਦ ਡੀ ਆਈ ਜੀ ਪਟਿਆਲਾ ਆਰ ਐਸ ਗਿੱਲ ਨੇ ਆਖਿਰ ਪਰਿਵਾਰ ਨੂੰ ਦਸਿਆ ਕਿ ਉਹਨਾਂ ਦਾ ਬੱਚਾ ਜਿਉਂਦਾ ਨਹੀਂ ਹੈ।ਉਸ ਦੀ ਮੌਤ ਹਿਰਾਸਤ ਦੇ ਪਹਿਲੇ ਦਿਨ ਹੀ ਹੋ ਗਈ ਸੀ ਅਤੇ ਉਹ ਮਾਸੌਮ ਸੀ ਅਤੇ ਲੁਧਿਆਣਾ ਪੁਲਿਸ ਉਹਨਾਂ ਨੂੰ ਮੂਰਖ ਬਨਾਉਂਦੀ ਆ ਰਹੀ ਹੈ।

ਦਲ ਖਾਲਸਾ ਨੇ ਮੰਗ ਕੀਤੀ ਕਿ ਇਸ ਕੇਸ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ ਅਤੇ ਸ਼੍ਰੀ ਸੈਣੀ ਨੂੰ ਕਾਨੂੰਨ ਦੇ ਕਟਹਿਰੇ ਵਿੱਚ ਖੜਾ ਕਰਨਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਉਹ ਬਹਿਬਲ ਕਲਾਂ ਪੁਲਿਸ ਗੋਲੀ ਕਾਂਡ ਲਈ ਵੀ ਦੋਸ਼ੀ ਹੈ। ਪੀੜਤ ਪਰਿਵਾਰਾਂ ਨੇ ਇੱਕਮੱਤ ਹੁੰਦਿਆਂ ਕਿ ਮਨੁੱਖੀ ਅਧਿਕਾਰਾਂ ਦੇ ਘਾਣ ਲਈ ਦੋਸ਼ੀ ਅਫਸਰਾਂ ਨੂੰ ਕਾਨੂੰਨ ਅੱਗੇ ਜ਼ਿੰਮੇਵਾਰ ਨਾ ਠਹਿਰਾ ਕੇ ਭਾਰਤੀ ਸਟੇਟ ਨੇ ਇਸ ਮਾਰੂ ਰੁਝਾਨ ਉਤੇ ਮੋਹਰ ਲਾਈ ਹੈ। ਇਸ ਮੌਕੇ ਸ਼ਹੀਦ ਜਸਪਾਲ ਸਿੰਘ ਚੌੜ ਸਿਧਵਾਂ ਦੇ ਪਰਿਵਾਰਿਕ ਮੈਂਬਰ ਵੀ ਹਾਜ਼ਿਰ ਸਨ। ਪੰਜ ਪਿਆਰਿਆਂ ਨੇ ਵੀ ਪਰੋਗਰਾਮ ਵਿੱਚ ਸ਼ਿਰਕਤ ਕੀਤੀ ਅਤੇ ਪਰਿਵਾਰਾਂ ਨੂੰ ਸ਼ਾਲ ਦੇਕੇ ਸਨਮਾਨਿਤ ਕੀਤਾ। ਇਸ ਮੌਕੇ ਬੀਬੀ ਸੰਦੀਪ ਕੌਰ, ਦਿਲਬਾਗ ਸਿੰਘ, ਮੋਹਨ ਸਿੰਘ, ਦਵਿੰਦਰ ਸਿੰਘ, ਰਣਬੀਰ ਸਿੰਘ, ਗੁਰਦੀਪ ਸਿੰਘ ਤੇ ਗੁਰਪ੍ਰੀਤ ਸਿੰਘ ਹਾਜ਼ਿਰ ਸਨ।

# ਗੁਜਰਾਤ ਚੋਣਾਂ ਦੇ ਪਹਿਲੇ ਗੇੜ 'ਚ ਵੋਟਰਾਂ ਦਾ ਮੱਠਾ ਹੁੰਗਾਰਾ

## *68 .ਫੀਸਦੀ ਲੋਕਾਂ ਨੇ ਪਾਈਆਂ ਵੋਟਾਂ, ਕਈ ਥਾਈਂ ਮਸ਼ੀਨਾਂ 'ਚ ਗੜਬੜ ਨਾਲ ਵੋਟਰ ਪ੍ਰੇਸ਼ਾਨ*

**ਨਵੀਂ ਦਿੱਲੀ/ਬਿਊਰੋ ਨਿਊਜ਼:** ਘਮਸਾਨ ਰਾਜਸੀ ਯੁੱਧ ਖੇਤਰ ਬਣੇ ਗੁਜਰਾਤ ਦੀਆਂ ਵਿਧਾਨ ਸਭਾਈ ਚੋਣਾਂ ਦੇ ਪਹਿਲੇ ਗੇੜ 'ਚ ਵੋਟਰਾਂ ਦਾ ਹੁੰਗਾਰਾ ਮੱਠਾ ਹੀ ਰਿਹਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪਿਤਰੀ ਰਾਜ ਵਿੱਚ ਸੱਤਾਧਾਰੀ ਭਾਜਪਾ ਤੇ ਕਾਂਗਰਸ ਪਾਰਟੀ ਵਿਚਾਲੇ ਫੈਸਲਾਕੁਨ ਲੜਾਈ ਦੌਰਾਨ ਗੁਜਰਾਤ ਚੋਣਾਂ ਉੱਤੇ ਸਭਨਾਂ ਭਾਰਤ ਵਾਸੀਆਂ ਦੀਆਂ ਨਿਗਾਹਾਂ ਟਿਕੀਆਂ ਹੋਈਆਂ ਹਨ।

ਇਨ੍ਹਾਂ ਚੋਣਾਂ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਈ ਵੱਕਾਰ ਦਾ ਸਵਾਲ ਮੰਨਿਆ ਜਾ ਰਿਹਾ ਹੈ, ਜਦੋਂ ਕਿ ਇਹ ਕਾਂਗਰਸ ਦੇ ਜਲਦੀ ਪ੍ਰਧਾਨ ਬਣਨ ਜਾ ਰਹੇ ਰਾਹੁਲ ਗਾਂਧੀ ਦੀ ਲੀਡਰਸ਼ਿਪ ਦੀ ਵੀ ਕਰੜੀ ਪਰਖ ਹਨ।

ਸੀਨੀਅਰ ਉਪ ਚੋਣ ਕਮਿਸ਼ਨਰ ਉਨਮੇਸ਼ ਸਿਨਹਾ ਨੇ ਦੱਸਿਆ ਕਿ ਗੁਜਰਾਤ ਚੋਣਾਂ ਦੇ ਪਹਿਲੇ ਗੇੜ ਵਿੱਚ 68 ਫੀਸਦੀ ਵੋਟਿੰਗ ਹੋਈ। ਕੁੱਲ 182 ਵਿਧਾਨ ਸਭਾ ਹਲਕਿਆਂ ਵਿੱਚੋਂ 89 ਵਿੱਚ ਪਹਿਲੇ ਗੇੜ ਵਿੱਚ ਵੋਟਾਂ ਪਈਆਂ ਅਤੇ ਮੁੱਖ ਮੰਤਰੀ ਵਿਜੈ ਰੂਪਾਨੀ (ਰਾਜਕੋਟ ਪੱਛਮੀ), ਕਾਂਗਰਸ ਦੇ ਸ਼ਕਤੀਸਿੰਹ ਗੋਹਿਲ (ਮਾਂਡਵੀ) ਤੇ ਪਰੇਸ਼ ਧਨਾਨੀ (ਅਮਰੇਲੀ) ਵਰਗੇ ਮਸ਼ਹੂਰ ਉਮੀਦਵਾਰਾਂ ਦਾ ਭਵਿੱਖ ਵੋਟਿੰਗ ਮਸ਼ੀਨਾਂ ਵਿੱਚ ਬੰਦ ਹੋਇਆ। ਦੂਜੇ ਗੇੜ ਵਿੱਚ ਰਹਿੰਦੇ 93 ਹਲਕਿਆਂ ਵਿੱਚ 14 ਦਸੰਬਰ ਨੂੰ ਵੋਟਾਂ ਪੈਣਗੀਆਂ ਅਤੇ ਗਿਣਤੀ 18 ਦਸੰਬਰ ਨੂੰ ਹੋਵੇਗੀ। ਇਸ ਦੌਰਾਨ ਮੋਰਬੀ ਜ਼ਿਲ੍ਹੇ ਦੇ ਪਿੰਡ ਗਜੜੀ ਵਿੱਚ ਅੱਜ ਕੋਈ ਵੋਟ ਨਹੀਂ ਪਈ ਕਿਉਂਕਿ ਪਾਣੀ ਦੀ ਕਿੱਲਤ ਨਾਲ ਜੂਝ ਰਹੇ ਪਿੰਡ ਵਾਸੀਆਂ ਨੇ ਚੋਣਾਂ ਦਾ ਬਾਈਕਾਟ ਕੀਤਾ।

ਅਧਿਕਾਰੀਆਂ ਨੇ ਕਿਹਾ ਕਿ ਸੌਰਾਸ਼ਟਰ ਤੇ ਦੱਖਣੀ ਗੁਜਰਾਤ ਦੇ ਚੋਣ ਬੂਥਾਂ ਬਾਹਰ ਲੰਮੀਆਂ ਕਤਾਰਾਂ ਦੇਖੀਆਂ ਗਈਆਂ ਪਰ ਗਜੜੀ ਵਿੱਚ ਇਕ ਹਜ਼ਾਰ ਰਜਿਸਟਰਡ ਵੋਟਰਾਂ ਵਿੱਚੋਂ ਕਿਸੇ ਨੇ ਵੀ ਵੋਟ ਨਹੀਂ ਪਾਈ। ਮੋਰਬੀ ਦੀ ਤਨਕਾਰਾ ਤਹਿਸੀਲ ਵਿੱਚ ਸਥਿਤ ਇਹ ਪਿੰਡ ਜਾਮਨਗਰ ਜ਼ਿਲ੍ਹੇ ਦੇ ਕਾਲਾਵਾੜ ਹਲਕੇ ਵਿੱਚ ਆਉਂਦਾ ਹੈ। ਮੋਰਬੀ ਦੇ ਕੁਲੈਕਟਰ ਤੇ ਜ਼ਿਲ੍ਹਾ ਚੋਣ ਅਫ਼ਸਰ ਆਈ.ਕੇ. ਪਟੇਲ ਨੇ ਦੱਸਿਆ ਕਿ ਪਿੰਡ ਵਾਸੀਆਂ ਨੇ ਕੁੱਝ ਮਹੀਨੇ ਪਹਿਲਾਂ ਵੋਟ ਨਾ ਪਾਉਣ ਦਾ ਐਲਾਨ ਕੀਤਾ ਸੀ। ਉਨ੍ਹਾਂ ਦੀ ਮੁੱਖ ਸ਼ਿਕਾਇਤ ਪਾਣੀ ਸਪਲਾਈ ਬਾਰੇ ਹੈ। ਪਿੰਡ ਵਾਸੀਆਂ ਨੂੰ ਇਕ ਪਾਈਪ ਲਾਈਨ ਰਾਹੀਂ ਪਾਣੀ ਸਪਲਾਈ ਹੋ ਰਿਹਾ ਹੈ ਪਰ ਇਹ ਨਾਕਾਫ਼ੀ ਹੈ ਅਤੇ ਪਿੰਡ ਵਾਸੀ ਇਕ ਹੋਰ ਪਾਈਪ ਲਾਈਨ ਦੀ ਮੰਗ ਕਰ ਰਹੇ ਹਨ।



ਸ਼ਨਿੱਚਰਵਾਰ ਨੂੰ ਸੂਰਤ 'ਚ ਵੋਟ ਪਾਉਣ ਮਗਰੋਂ ਪੋਲਿੰਗ ਬੂਥ 'ਤੇ ਉਂਗਲਾਂ ਨੂੰ ਲੱਗੀ ਸਿਆਹੀ ਦਿਖਾਉਂਦੀਆਂ ਹੋਈਆਂ ਮੁਸਲਿਮ ਵੋਟਰ।

### ਈਵੀਐਮ ਨਾਲ ਛੇੜਛਾੜ ਦੇ ਤੌਖਲੇ ਨਿਰਾਧਾਰ: ਚੋਣ ਕਮਿਸ਼ਨ

ਅਹਿਮਦਾਬਾਦ: ਗੁਜਰਾਤ ਵਿੱਚ ਚੋਣ ਕਮਿਸ਼ਨ ਨੇ ਅੱਜ ਕਿਹਾ ਕਿ ਬਲੂਟੁੱਥ ਤਕਨੀਕ ਰਾਹੀਂ ਈਵੀਐਮ ਨਾਲ ਸੰਭਾਵੀ ਛੇੜਛਾੜ ਬਾਰੇ ਵਿਰੋਧੀ ਧਿਰ ਵੱਲੋਂ ਪ੍ਰਗਟਾਏ ਤੌਖਲੇ ਨਿਰਾਧਾਰ ਹਨ। ਕਮਿਸ਼ਨ ਨੇ ਕਿਹਾ ਕਿ ਸ਼ਿਕਾਇਤਕਰਤਾ ਦੇ ਮੋਬਾਈਲ ਫੋਨ ਨੇ ਜਿਹੜਾ ਬਲੂਟੁੱਥ ਸੰਕੇਤ ਫੜਿਆ, ਉਹ ਈਵੀਐਮ ਦਾ ਨਹੀਂ, ਸਗੋਂ ਇਕ ਪੋਲਿੰਗ ਏਜੰਟ ਦੇ ਮੋਬਾਈਲ ਫੋਨ ਦਾ ਸੀ।

# ਅਈਅਰ ਨੇ ਮੈਨੂੰ ਰਾਹ 'ਚੋਂ ਹਟਾਉਣ ਲਈ ਪਾਕਿਸਤਾਨ 'ਚ ਰਚੀ ਸੀ ਸਾਜ਼ਿਸ਼: ਮੋਦੀ

**ਭਾਬਹਾਰ/ਬਿਊਰੋ ਨਿਊਜ਼:**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੋਸ਼ ਲਾਇਆ ਕਿ ਕਾਂਗਰਸੀ ਆਗੂ ਮਣੀ ਸ਼ੰਕਰ ਅਈਅਰ ਨੇ ਆਪਣੀ ਪਾਕਿਸਤਾਨ ਫੇਰੀ ਦੌਰਾਨ ਭਾਰਤ ਤੇ ਇਸ ਗੁਆਂਢੀ ਮੁਲਕ ਦਰਮਿਆਨ ਸ਼ਾਂਤੀ ਯਕੀਨੀ ਬਣਾਉਣ ਲਈ ਉਨ੍ਹਾਂ ਨੂੰ ਰਸਤੇ ਵਿੱਚੋਂ 'ਹਟਾਉਣ' ਲਈ 'ਸੁਪਾਰੀ' ਦਿੱਤੀ ਸੀ। ਸਫ਼ੀਰ ਤੋਂ ਸਿਆਸਤਦਾਨ ਬਣੇ ਸ੍ਰੀ ਅਈਅਰ ਨੇ ਬੀਤੇ ਦਿਨ ਪ੍ਰਧਾਨ ਮੰਤਰੀ ਬਾਰੇ 'ਨੀਚ ਕਿਸਮ ਕਾ ਆਦਮੀ' ਵਾਲੀ ਟਿੱਪਣੀ ਕੀਤੀ ਸੀ। ਸ੍ਰੀ ਮੋਦੀ ਨੇ ਦੋਸ਼ ਲਾਇਆ ਕਿ ਕਾਂਗਰਸ ਇਸ ਮਾਮਲੇ ਨੂੰ ਦਬਾਉਣ ਦਾ ਯਤਨ ਕਰ ਰਹੀ ਹੈ ਅਤੇ ਸ੍ਰੀ ਅਈਅਰ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਹੈ। ਕਾਂਗਰਸ ਦੇ ਕੰਮ ਸੱਭਿਆਚਾਰ 'ਤੇ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਪਾਰਟੀ 'ਅਟਕਾਉਣ', 'ਲਟਕਾਉਣ' ਅਤੇ 'ਭਟਕਾਉਣ' ਵਿੱਚ ਵਿਸ਼ਵਾਸ ਰੱਖਦੀ ਹੈ। ਉਨ੍ਹਾਂ ਕਿਹਾ, 'ਮੇਰੇ ਪ੍ਰਧਾਨ ਮੰਤਰੀ ਬਣਨ ਬਾਅਦ ਇਹ ਸ਼ਖ਼ਸ (ਅਈਅਰ) ਪਾਕਿਸਤਾਨ ਗਿਆ ਸੀ ਅਤੇ ਕੁੱਝ ਪਾਕਿਸਤਾਨੀਆਂ ਨੂੰ ਮਿਲਿਆ ਸੀ। ਇਹ ਸਾਰੀਆਂ ਚੀਜ਼ਾਂ ਸੋਸ਼ਲ ਮੀਡੀਆ ਉਤੇ ਹਨ। ਉਸ ਬੈਠਕ ਵਿੱਚ ਉਹ ਪਾਕਿਸਤਾਨੀਆਂ ਨਾਲ ਚਰਚਾ ਕਰ ਰਿਹਾ ਹੈ ਕਿ ਜਦੋਂ ਤਕ ਮੋਦੀ ਨੂੰ ਰਸਤੇ ਵਿੱਚੋਂ ਹਟਾਇਆ ਨਹੀਂ ਜਾਂਦਾ ਉਦੋਂ ਤਕ ਭਾਰਤ ਤੇ ਪਾਕਿ ਦਰਮਿਆਨ ਰਿਸ਼ਤਾ ਸੁਧਰ ਨਹੀਂ ਸਕਦਾ। ਪਰ ਲੋਕਾਂ ਨੂੰ ਮੇਰੀ ਫਿਕਰ ਕਰਨ ਦੀ ਲੋੜ ਨਹੀਂ ਹੈ ਕਿਉਂਕਿ ਮਾਂ ਅੰਬੇ ਮੇਰੀ ਰੱਖਿਆ ਕਰ ਰਹੀ ਹੈ।' ਕਾਂਗਰਸ 'ਚੋਂ ਮੁਅੱਤਲ ਕੀਤੇ ਜਾਣ ਦੇ ਇਕ ਦਿਨ ਬਾਅਦ ਸ੍ਰੀ ਅਈਅਰ ਨੇ ਅੱਜ ਕਿਹਾ ਕਿ ਉਸ ਦੀ 'ਨੀਚ ਆਦਮੀ' ਵਾਲੀ ਟਿੱਪਣੀ ਕਾਰਨ ਜੇਕਰ ਕਾਂਗਰਸ ਦਾ ਗੁਜਰਾਤ ਚੋਣਾਂ ਵਿੱਚ ਨੁਕਸਾਨ ਹੋਇਆ ਤਾਂ ਉਹ ਪਾਰਟੀ ਦੀ ਕੋਈ ਵੀ ਸਜ਼ਾ ਕਬੂਲ ਕਰਨਗੇ।



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

### ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੀ ਬੇਅਦਬੀ ਮਾਮਲਾ:

# ਸ਼੍ਰੋਮਣੀ ਕਮੇਟੀ ਦੇ ਸਾਬਕਾ ਮੁਲਾਜ਼ਮ ਨੇ ਜਸਟਿਸ ਰਣਜੀਤ ਸਿੰਘ ਨਾਲ ਮੁਲਾਕਾਤ ਕਰਕੇ ਬਾਦਲਾਂ ਦੇ ਨਾਰਕੋ ਟੈਸਟ ਕਰਵਾਉਣ ਦੀ ਕੀਤੀ ਮੰਗ

**ਅੰਮ੍ਰਿਤਸਰ/ਨਰਿੰਦਰ ਪਾਲ ਸਿੰਘ:** ਤਖਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਮੁਖ ਸਿੰਘ ਦੇ ਭਰਾ ਹਿੰਮਤ ਸਿੰਘ ਨੇ ਪਿਛਲੀ ਬਾਦਲ ਸਰਕਾਰ ਵੇਲੇ ਪੰਜਾਬ ਵਿੱਚ ਵਾਪਰੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਹੋਰ ਧਰਮ ਗ੍ਰੰਥਾਂ ਦੀ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਕਰ ਰਹੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਸਾਹਮਣੇ ਪੇਸ਼ ਹੋ ਕੇ ਉਪਰੋਕਤ ਘਟਨਾਵਾਂ ਲਈ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਦੀ ਸੱਤਾ ਭੁੱਖ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਹਿੰਮਤ ਸਿੰਘ ਨੇ ਮੰਗਲਵਾਰ 12 ਦਸੰਬਰ ਨੂੰ ਜਸਟਿਸ ਰਣਜੀਤ ਸਿੰਘ ਕਮਿਸ਼ਨ ਨਾਲ ਮੁਲਾਕਾਤ ਮੌਕੇ ਮੰਗ ਕੀਤੀ ਕਿ ਮਾਮਲੇ ਦੀ ਤਹਿ ਤੀਕ ਜਾਣ ਲਈ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਅਤੇ ਪੰਜਾਬ ਵਿਚਲੇ ਤਿੰਨਾਂ ਤਖਤਾਂ ਦੇ ਜਥੇਦਾਰਾਂ ਦੇ ਨਾਰਕੋ ਟੈਸਟ ਕਰਵਾਏ ਜਾਣ ਤਾਂ ਜੋ ਡੇਰਾ ਮੁਖੀ ਨੂੰ ਦਿੱਤੀ ਮੁਆਫ਼ੀ, ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਪੁਲੀਸ ਵੱਲੋਂ ਸ਼ਾਂਤਮਈ ਧਰਨਾ ਦੇ ਰਹੇ ਨਿਹੱਥੇ ਸਿੱਖਾਂ 'ਤੇ ਕੀਤੀ ਫਾਈਰਿੰਗ ਦੇ ਭੇਤ ਖੁੱਲ੍ਹ ਸਕਣ।

ਉਨ੍ਹਾਂ ਨੇ ਬੇਅਦਬੀ ਸਮੇਤ ਕਮਿਸ਼ਨ ਕੋਲ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਦਿੱਤੀ ਮੁਆਫ਼ੀ ਸਬੰਧੀ ਵੀ ਕਈ ਤੱਥ ਉਜਾਗਰ ਕੀਤੇ। ਉਨ੍ਹਾਂ ਰਾਮ ਰਹੀਮ ਵੱਲੋਂ ਮੁਆਫ਼ੀਨਾਮੇ ਲਈ ਭੇਜੀ ਚਿੱਠੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਦਿੱਤੀ ਮੁਆਫ਼ੀਨਾਮੇ ਵਾਲੀ ਚਿੱਠੀ ਅਤੇ ਕਈ ਹੋਰ ਦਸਤਾਵੇਜ਼ ਅਤੇ ਗੁਪਤ ਭੇਤ ਬਾਰੇ ਆਪਣੀ ਲੰਮੀ ਚਿੱਠੀ ਵੀ ਕਮਿਸ਼ਨ ਨੂੰ ਦਿੱਤੀ। ਉਨ੍ਹਾਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਸਿੱਖ ਕੌਮ ਨਾਲ ਧ੍ਰੋਹ ਕਮਾਉਣ ਦਾ ਦੋਸ਼ ਵੀ ਲਾਇਆ ਕਮਿਸ਼ਨ ਨੂੰ ਸੌਂਪੇ 6 ਪੰਨਿਆਂ ਦੇ ਦਸਤਾਵੇਜ਼ ਵਿੱਚ ਹਿੰਮਤ ਸਿੰਘ ਨੇ ਦੱਸਿਆ ਕਿ ਵਿਵਾਦਤ ਡੇਰਾ ਸਿਰਸਾ ਦੇ ਮੁਖੀ ਰਾਮ ਰਹੀਮ ਨੂੰ ਮੁਆਫੀ ਦਿੱਤੇ ਜਾਣ ਦੀ ਪ੍ਰਕਿਰਿਆ 16 ਸਤੰਬਰ 2015 ਨੂੰ ਸ਼ੁਰੂ ਹੋਈ ਜਦੋਂ ਸ਼੍ਰੋਮਣੀ ਕਮੇਟੀ ਵਲੋਂ ਥਾਪੇ ਗਏ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਉਸ ਵੇਲੇ ਦੇ ਜਥੇਦਾਰ ਗਿਆਨੀ ਮੱਲ੍ਹ ਸਿੰਘ ਅਤੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਗੁਰਮੁਖ ਸਿੰਘ, ਸ਼੍ਰੋਮਣੀ ਕਮੇਟੀ ਦੇ ਚੰਡੀਗੜ੍ਹ ਸਥਿਤ ਸਬ ਆਫਿਸ ਵਿਖੇ ਸ਼ਾਮ 6.00 ਵਜੇ ਪੁਜੇ ਅਤੇ ਉਥੋਂ ਗਿਆਨੀ ਗੁਰਬਚਨ ਸਿੰਘ ਦੀ ਸਰਕਾਰੀ ਗੱਡੀ (ਸ਼੍ਰੋਮਣੀ ਕਮੇਟੀ ਵਲੋਂ ਦਿੱਤੀ ਹੋਈ ਇਨੋਵਾ) ਪੀ.ਬੀ-02 ਸੀ.ਬੀ. 9513 ਵਿੱਚ ਬੈਠ ਕੇ ਇਹ ਤਿੰਨੋਂ ਜਥੇਦਾਰ ਉਸ ਵੇਲੇ ਦੇ ਮੁੱਖ ਮੰਤਰੀ ਪੰਜਾਬ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰੀ ਕੋਠੀ ਪੁੱਜੇ ਜਿਥੇ ਉਸ ਵੇਲੇ ਦੇ ਮੰਤਰੀ ਪੰਜਾਬ ਡਾ. ਦਲਜੀਤ ਸਿੰਘ ਚੀਮਾ ਦੀ ਮੌਜੂਦਗੀ ਵਿੱਚ ਦੇਰ ਰਾਤ ਤੀਕ ਮੀਟਿੰਗ ਹੋਈ।


ਭਾਈ ਹਿੰਮਤ ਸਿੰਘ ਮੁਹਾਲੀ ਵਿੱਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੂੰ ਸਬੂਤ ਵਜੋਂ ਦਸਤਾਵੇਜ਼ ਸੌਂਪਦੇ ਹੋਏ।

ਹਿੰਮਤ ਸਿੰਘ ਨੇ ਕਮਿਸ਼ਨ ਨੂੰ ਦੱਸਿਆ ਕਿ ਬਾਦਲ ਤੇ ਜਥੇਦਾਰਾਂ ਦਰਮਿਆਨ ਹੋਈ ਮੀਟਿੰਗ ਦੌਰਾਨ ਡੇਰਾ ਸਿਰਸਾ ਮੁਖੀ ਵਲੋਂ ਭੇਜਿਆ ਹਿੰਦੀ ਵਿੱਚ ਮੁਆਫੀਨਾਮਾ ਪੜ੍ਹ ਕੇ ਸੁਣਾਇਆ ਗਿਆ ਸੀ ਜਿਸ ਬਾਰੇ ਬਾਦਲ ਨੇ ਜਥੇਦਾਰਾਂ ਨੂੰ ਡੇਰਾ ਮੁਖੀ ਨੂੰ ਮੁਆਫ ਕਰਨ ਦਾ ਹੁਕਮ ਸੁਣਾਇਆ ਸੀ। ਹਿੰਮਤ ਸਿੰਘ ਨੇ ਦੱਸਿਆ ਕਿ 24 ਸਤੰਬਰ 2015 ਦੀ ਜਥੇਦਾਰਾਂ ਦੀ ਇੱਕਤਰਤਾ ਵਿੱਚ ਡੇਰਾ ਮੁਖੀ ਦਾ ਜੋ ਮੁਆਫੀਨਾਮਾ ਪੇਸ਼ ਕੀਤਾ ਗਿਆ ਉਹ ਪੰਜਾਬੀ ਵਿੱਚ ਸੀ। ਉਨ੍ਹਾਂ ਕਮਿਸ਼ਨ ਪਾਸੋਂ ਮੰਗ ਕੀਤੀ ਹੈ ਕਿ ਡੇਰਾ ਸਿਰਸਾ ਮੁਖੀ ਦੇ ਇਸ ਪੰਜਾਬੀ ਭਾਸ਼ਾ ਵਾਲੇ ਮੁਆਫੀਨਾਮੇ ਉਪਰ ਡੇਰਾ ਮੁਖੀ ਦੇ ਕੀਤੇ ਦਸਤਖਤਾਂ, ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ 'ਤੇ ਮੌਜੂਦ ਗੇਟ ਰਜਿਸਟਰ ਦੀ ਚੈਕਿੰਗ ਦੇ ਨਾਲ-ਨਾਲ ਬਾਦਲ ਪਿਉ-ਪੁਤਰ ਅਤੇ ਜਥੇਦਾਰਾਂ ਦਾ ਨਾਰਕੋ ਟੈਸਟ ਕਰਵਾਇਆ ਜਾਵੇ।

ਹਿੰਮਤ ਸਿੰਘ ਨੇ ਸਾਫ ਲਿਖਿਆ ਹੈ ਕਿ ਡੇਰਾ ਮੁਖੀ ਨੂੰ ਮੁਆਫ ਕਰਨ ਦੇ ਜਥੇਦਾਰਾਂ ਦੇ ਫੈਸਲੇ ਬਾਅਦ ਹੀ ਸਿੱਖਾਂ ਅੰਦਰ ਰੋਹ ਤੇ ਰੋਸ ਜਾਗਿਆ ਤੇ ਡੇਰੇ ਵਾਲਿਆਂ ਨੇ ਪ੍ਰਤੀਕਰਮ ਵਜੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਕੁਰਾਨ ਸ਼ਰੀਫ ਦੇ ਨਿਰਾਦਰ ਦਾ ਰਾਹ ਅਪਣਾਇਆ ਪਰ ਬਾਦਲ ਸਰਕਾਰ ਇਸ ਪ੍ਰਤੀ ਖਾਮੋਸ਼ ਰਹੀ। ਹਿੰਮਤ ਸਿੰਘ ਨੇ ਕਮਿਸ਼ਨ ਨੂੰ ਇਹ ਵੀ ਸੁਝਾਅ ਦਿੱਤੇ ਕਿ ਮਾਮਲੇ ਦੀ ਤਹਿ ਤੀਕ ਜਾਣ ਲਈ ਬਾਦਲਾਂ ਦੇ ਨੇੜਲੇ ਨਿੱਜੀ ਸਹਾਇਕਾਂ ਤੇ ਜਥੇਦਾਰਾਂ ਦੇ ਮੋਬਾਇਲ ਫੋਨਾਂ ਦਾ ਡਾਟਾ ਰਿਕਾਰਡ ਚੈਕ ਕੀਤਾ ਜਾਵੇ।

ਉਨ੍ਹਾਂ ਨੇ ਜਥੇਦਾਰ ਗੁਰਬਚਨ ਸਿੰਘ ਅਤੇ ਗਿਆਨੀ ਇਕਬਾਲ ਸਿੰਘ ਵਲੋਂ ਬਣਾਈਆਂ ਜਾਇਦਾਦਾਂ ਦੀ ਜਾਂਚ ਕਰਵਾਏ ਜਾਣ ਦੀ ਵੀ ਮੰਗ ਕੀਤੀ ਹੈ। ਉਨ੍ਹਾਂ ਕਮਿਸ਼ਨ ਦੇ ਧਿਆਨ ਵਿੱਚ ਲਿਆਂਦਾ ਕਿ ਐਸਜੀਪੀਸੀ ਗੁਰਦੁਆਰਾ ਐਕਟ ਅਨੁਸਾਰ ਤਖ਼ਤਾਂ ਦੇ ਜਥੇਦਾਰਾਂ ਦੀ ਕੋਈ ਅਸਾਮੀ ਨਹੀਂ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ 'ਤੇ ਵੀ ਡੇਰਾ ਮੁਖੀ ਨੂੰ ਮੁਆਫ਼ੀ ਦੇਣ ਸਬੰਧੀ ਗੁਰੂ ਘਰ ਦੀ ਗੋਲਕ 'ਚੋਂ ਕਥਿਤ ਤੌਰ 'ਤੇ 93 ਲੱਖ ਦੇ ਇਸ਼ਤਿਹਾਰ ਅਖ਼ਬਾਰਾਂ ਨੂੰ ਦੇ ਕੇ ਗੋਲਕ ਨੂੰ ਚੂਨਾ ਲਗਾਉਣ ਦੀ ਗੱਲ ਕਹੀ। ਉਨ੍ਹਾਂ ਨੇ ਤਖ਼ਤਾਂ ਦੇ ਜਥੇਦਾਰਾਂ ਵੱਲੋਂ ਡੇਰਾ ਵਿਵਾਦ ਨੂੰ ਹੁਲਾਰਾ ਦੇਣ ਤੇ ਅਕਾਲ ਤਖ਼ਤ ਸਾਹਿਬ ਦੀ ਰਹਿਤ ਮਰਿਆਦਾ ਦੀ ਧੱਜੀਆਂ ਉਡਾਉਣ ਵਾਲੇ ਡੇਰਿਆਂ ਨਾਲ ਗੰਢ-ਤੁੱਪ ਕੀਤੇ ਜਾਣ ਦੇ ਦੋਸ਼ ਵੀ ਲਾਏ। ਜ਼ਿਕਰਯੋਗ ਹੈ ਕਿ ਡੇਰਾ ਸਿਰਸਾ ਮੁਆਫੀ ਮਾਮਲੇ ਵਿੱਚ ਮੁਆਫੀ ਪੱਤਰ ਬਾਰੇ ਸਵਾਲ ਚੁੱਕਣ 'ਤੇ ਸ਼੍ਰੋਮਣੀ ਕਮੇਟੀ ਨੇ ਗਿਆਨੀ ਗੁਰਮੁਖ ਸਿੰਘ ਪਾਸੋਂ ਤਖਤ ਦਮਦਮਾ ਸਾਹਿਬ ਦੀ ਜਥੇਦਾਰੀ ਖੋਹ ਲਈ ਸੀ ਤੇ ਉਨ੍ਹਾਂ ਨੂੰ ਹਰਿਆਣਾ ਸਥਿਤ ਗੁਰਦੁਆਰਾ ਧਮਤਾਨ ਸਾਹਿਬ ਤਬਦੀਲ ਕਰ ਦਿੱਤਾ ਸੀ। ਇਹ ਵੀ ਜ਼ਿਕਰਯੋਗ ਹੈ ਕਿ ਜਦੋਂ ਗਿਆਨੀ ਗੁਰਮੁਖ ਸਿੰਘ 'ਤੇ ਦਬਾਅ ਵਧਾਉਣ ਲਈ ਸ਼੍ਰੋਮਣੀ ਕਮੇਟੀ ਨੇ ਗਿਆਨੀ ਗੁਰਮੁਖ ਸਿੰਘ ਦੇ ਭਰਾਤਾ ਹਿੰਮਤ ਸਿੰਘ ਦੀ ਵੀ ਤਬਦੀਲੀ ਧਮਤਾਨ ਸਾਹਿਬ ਹੀ ਕਰ ਦਿੱਤੀ ਤਾਂ ਉਸਨੇ ਨੌਕਰੀ ਤੋਂ ਅਸਤੀਫਾ ਦੇ ਦਿੱਤਾ।

ਦਸਿਆ ਜਾਂਦਾ ਹੈ ਕਿ ਕਮਿਸ਼ਨ ਨੇ ਭਾਈ ਹਿੰਮਤ ਸਿੰਘ ਨੂੰ ਨਿਰਪੱਖ ਜਾਂਚ ਅਤੇ ਬਣਦੀ ਕਾਰਵਾਈ ਦਾ ਭਰੋਸਾ ਦਿੱਤਾ।

# ਤਖ਼ਤ ਕੇਸਗੜ੍ਹ ਸਾਹਿਬ ਤੇ ਦਮਦਮਾ ਸਾਹਿਬ ਵਿਖੇ ਸ਼੍ਰੋਮਣੀ ਕਮੇਟੀ ਦੇ ਉਪ ਦਫ਼ਤਰ ਖੋਲ੍ਹਣ ਦਾ ਫੈਸਲਾ

**ਦੋਰਾਹਾ/ਬਿਊਰੋ ਨਿਊਜ਼:** ਇੱਥੋਂ ਨੇੜਲੇ ਇਤਿਹਾਸਕ ਗੁਰਦੁਆਰਾ ਦੇਗਸਰ ਸਾਹਿਬ (ਕਟਾਣਾ ਸਾਹਿਬ) ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਨਵੇਂ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੀ ਅਗਵਾਈ ਹੇਠ ਹੋਈ। ਇਸ ਮੀਟਿੰਗ ਵਿੱਚ ਸ਼੍ਰੋਮਣੀ ਕਮੇਟੀ ਨਾਲ ਸਬੰਧਤ ਵਿਦਿਅਕ ਅਦਾਰਿਆਂ ਵਿੱਚ ਧਰਮ ਪ੍ਰਚਾਰ ਦੇ ਪ੍ਰੋਗਰਾਮ, ਕਥਾ-ਕੀਰਤਨ, ਸਿੱਖ ਇਤਿਹਾਸ ਨਾਲ ਸਬੰਧਤ ਪ੍ਰਸ਼ਨੋਤਰੀ ਤੇ ਗੁਰਬਾਣੀ ਕੰਠ ਆਦਿ ਮੁਕਾਬਲੇ ਕਰਵਾਉਣ ਦਾ ਫ਼ੈਸਲਾ ਕੀਤਾ ਗਿਆ। ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਦੀਆਂ ਸਰਗਰਮੀਆਂ ਅਤੇ ਧਰਮ ਪ੍ਰਚਾਰ ਦੇ ਨਾਲ-ਨਾਲ ਵਿਦਿਅਕ ਅਤੇ ਸਿੱਖ ਸੱਭਿਆਚਾਰ ਨੂੰ ਦਰਸਾਉਂਦੇ ਕਾਰਜਾਂ ਨੂੰ ਸੋਸ਼ਲ ਮੀਡੀਆ ਰਾਹੀਂ ਸੰਗਤ ਤੱਕ ਪਹੁੰਚਾਉਣ ਲਈ ਇਕ ਵੱਖਰਾ ਵਿੰਗ ਬਣਾਉਣ ਅਤੇ ਇਸ ਕਾਰਜ ਲਈ ਤਕਨੀਕੀ ਮਾਹਿਰਾਂ ਦੀਆਂ ਸੇਵਾਵਾਂ ਲੈਣ ਨੂੰ ਪ੍ਰਵਾਨਗੀ ਦਿੱਤੀ ਗਈ। ਅੰਤ੍ਰਿੰਗ ਕਮੇਟੀ ਨੇ ਸਿੱਖ ਨੌਜਵਾਨਾਂ ਨੂੰ ਆਈਏਐਸ ਅਤੇ ਆਈਪੀਐਸ ਦੀ ਉੱਚ ਪੱਧਰੀ ਕੋਚਿੰਗ ਦੇਣ ਲਈ ਅਕੈਡਮੀ ਖੋਲ੍ਹਣ ਦਾ ਫ਼ੈਸਲਾ ਵੀ ਕੀਤਾ।


ਸ਼੍ਰੋਮਣੀ ਕਮੇਟੀ ਦੇ ਨਵੇਂ ਅਹੁਦੇਦਾਰਾਂ ਦੀ ਪਲੇਠੀ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਗੋਬਿੰਦ ਸਿੰਘ ਲੌਂਗੋਵਾਲ।

ਨਵੀਂ ਅੰਤ੍ਰਿੰਗ ਕਮੇਟੀ ਦੀ ਪਲੇਠੀ ਇਕੱਤਰਤਾ ਤੋਂ ਬਾਅਦ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਜ਼ੋਰਦਾਰ ਧਰਮ ਪ੍ਰਚਾਰ ਲਹਿਰ ਚਲਾਈ ਜਾਵੇਗੀ। ਉਨ੍ਹਾਂ ਕਿਹਾ ਕਿ ਨਵੰਬਰ 2018 ਤੱਕ ਸ਼੍ਰੋਮਣੀ ਕਮੇਟੀ ਇਕ ਲੱਖ ਪ੍ਰਾਣੀਆਂ ਨੂੰ ਅੰਮ੍ਰਿਤਧਾਰੀ ਬਣਨ ਲਈ ਪ੍ਰੇਰਿਤ ਕਰੇਗੀ। ਉਨ੍ਹਾਂ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਖ਼ਾਲਸਾਈ ਪ੍ਰੰਪਰਾਵਾਂ ਅਤੇ ਰਵਾਇਤਾਂ ਅਨੁਸਾਰ ਕੌਮਾਂਤਰੀ ਪੱਧਰ 'ਤੇ ਮਨਾਉਣ ਲਈ ਵਿਚਾਰ-ਵਟਾਂਦਰੇ ਮਗਰੋਂ ਕੇਂਦਰੀ ਅਤੇ ਸੂਬਾ ਪੱਧਰੀ ਕਮੇਟੀਆਂ ਬਣਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਇਹ ਕਮੇਟੀਆਂ ਸ੍ਰੀ ਨਨਕਾਣਾ ਸਾਹਿਬ (ਪਾਕਿਸਤਾਨ), ਗੁਰਦੁਆਰਾ ਬੇਰ ਸਾਹਿਬ ਸੁਲਤਾਨਪੁਰ ਲੋਧੀ (ਕਪੂਰਥਲਾ) ਤੇ ਗੁਰਦੁਆਰਾ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ (ਗੁਰਦਾਸਪੁਰ) ਵਿਖੇ ਕਰਵਾਏ ਜਾਣ ਵਾਲੇ ਸਮਾਗਮਾਂ ਦੀ ਰੂਪ-ਰੇਖਾ ਤਿਆਰ ਕਰਨਗੀਆਂ। ਉਨ੍ਹਾਂ ਦੱਸਿਆ ਕਿ ਦਸਮ ਪਾਤਸ਼ਾਹ ਦੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ (22 ਦਸੰਬਰ) ਨੂੰ ਗੁਰਬਾਣੀ ਦਿਵਸ ਵਜੋਂ ਮਨਾਉਣ ਦਾ ਫ਼ੈਸਲਾ ਵੀ ਕੀਤਾ ਗਿਆ ਹੈ। ਭਾਈ ਲੌਂਗੋਵਾਲ ਨੇ ਕਿਹਾ ਕਿ ਤਖ਼ਤ ਕੇਸਗੜ੍ਹ ਸਾਹਿਬ ਤੇ ਤਖ਼ਤ ਦਮਦਮਾ ਸਾਹਿਬ ਵਿਖੇ ਧਰਮ ਪ੍ਰਚਾਰ ਕੇਂਦਰ ਅਤੇ ਸ਼੍ਰੋਮਣੀ ਕਮੇਟੀ ਦੇ ਉਪ ਦਫ਼ਤਰ ਖੋਲ੍ਹੇ ਜਾਣਗੇ। ਪੰਜਾਬ ਵਿੱਚ ਸਥਿਤ ਤਿੰਨੋਂ ਤਖ਼ਤ ਸਹਿਬਾਨ 'ਤੇ ਹਰ ਐਤਵਾਰ ਨੂੰ ਗੁਰਮਤਿ ਸਮਾਗਮਾਂ ਦਾ ਪ੍ਰਬੰਧ ਕੀਤਾ ਜਾਵੇਗਾ। ਵੱਖ-ਵੱਖ ਇਲਾਕਿਆਂ ਤੋਂ ਸੰਗਤ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਇਸ਼ਨਾਨ ਲਈ ਮੁਫ਼ਤ ਬੱਸ ਸੇਵਾ ਦੀ ਸਹੂਲਤ ਸ਼ੁਰੂ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਤੇ ਸਬੰਧਤ ਗੁਰਦੁਆਰਿਆਂ, ਟਰੱਸਟਾਂ ਤੇ ਵਿਦਿਅਕ ਅਦਾਰਿਆਂ ਵਿੱਚ ਕੰਮ ਕਰਨ ਵਾਲੇ ਮੁਲਾਜ਼ਮਾਂ ਨੂੰ ਰਹਿਤ ਮਰਿਆਦਾ ਦੀ ਉਲੰਘਣਾ ਕਰਨ, ਨਸ਼ਿਆਂ ਦੀ ਵਰਤੋਂ ਤੇ ਸੰਗੀਨ ਦੋਸ਼ ਸਾਹਮਣੇ ਆਉਣ 'ਤੇ ਸੇਵਾ ਤੋਂ ਮੁਅੱਤਲ ਕਰਨ ਦੀ ਬਜਾਏ ਸਿੱਧਾ ਫਾਰਗ ਕੀਤਾ ਜਾਵੇਗਾ। ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਵਿੱਚ ਅਨੁਸ਼ਾਸਨ ਬਣਾਈ ਰੱਖਣ ਲਈ ਬਾਇਓਮੈਟ੍ਰਿਕ ਹਾਜ਼ਰੀ ਤਕਨੀਕ ਸ਼ੁਰੂ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਅਤੇ ਸਬੰਧਤ ਅਦਾਰਿਆਂ ਵਿੱਚ ਪਿਛਲੇ ਸਮੇਂ ਦੌਰਾਨ ਵਿਵਾਦਾਂ ਵਿੱਚ ਆਈਆਂ ਨਵੀਆਂ ਨਿਯੁਕਤੀਆਂ ਤੇ ਤਰੱਕੀਆਂ ਸਬੰਧੀ ਪੜਤਾਲ ਕਰਵਾਈ ਜਾਵੇਗੀ ਅਤੇ ਅੰਤ੍ਰਿੰਗ ਕਮੇਟੀ ਵੱਲੋਂ ਇੱਕ ਸਬ-ਕਮੇਟੀ ਬਣਾਈ ਗਈ ਹੈ। ਉਨ੍ਹਾਂ ਦੱਸਿਆ ਕਿ ਸਿੱਖ ਕੇਂਦਰੀ ਅਜਾਇਬ ਘਰ ਵਿੱਚ ਬਾਬਾ ਹਜ਼ਾਰਾ ਸਿੰਘ ਅੱਲ੍ਹਾਦੀਨਪੁਰ, ਮਲਾਹ ਕੁੰਮਾ ਮਾਸ਼ਕੀ, ਗਿਆਨੀ ਬਾਦਲ ਸਿੰਘ ਪ੍ਰਚਾਰਕ, ਅੱਲ੍ਹਾ ਯਾਰ ਖਾਂ ਜੋਗੀ, ਭਾਈ ਗਨੀ ਖਾਂ ਤੇ ਭਾਈ ਨਬੀ ਖਾਂ ਤੇ ਭਾਈ ਹਰੀ ਸਿੰਘ ਦੀਆਂ ਤਸਵੀਰਾਂ ਲਗਾਉਣ ਨੂੰ ਪ੍ਰਵਾਨਗੀ ਦਿੱਤੀ ਗਈ ਹੈ।






# ਆਪਣੇ ਕੰਮਾਂ ਰਾਹੀਂ ਹਕੂਮਤੀ ਜਲਵਾ ਦਿਖਾਉਣ ਕੈਪਟਨ

**ਕੈਪਟਨ ਅਮਰਿੰਦਰ ਸਿੰਘ ਪੰਜਾਬ ਵਿੱਚ ਨਸ਼ਿਆਂ ਦਾ ਖਾਤਮਾ ਕਰਨ, ਕੇਬਲ ਮਾਫੀਆ ਦਾ ਸਫਾਇਆ ਅਤੇ ਟਰਾਂਸਪੋਰਟ ਮਾਫੀਆ ਦਾ ਅੰਤ ਕਰਨ ਸਮੇਤ ਨੌਜਵਾਨਾਂ ਨੂੰ ਸਮਾਰਟ ਫੋਨ ਅਤੇ ਨੌਕਰੀਆਂ ਦੇਣ ਦੇ ਵਾਅਦੇ ਨਾਲ ਸੱਤਾ ਵਿੱਚ ਆਏ ਹਨ। ਇਨ੍ਹਾਂ ਵਾਅਦਿਆਂ ਨੇ ਕਾਂਗਰਸ ਦੀ ਜਿੱਤ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਪਰ ਅਫਸੋਸ ਇਨ੍ਹਾਂ ਵਿੱਚੋਂ ਇਕ ਵੀ ਵਾਅਦਾ ਹੁਣ ਤੱਕ ਵਫਾ ਨਹੀਂ ਹੋਇਆ। ਇਨ੍ਹਾਂ ਵਾਅਦਿਆਂ ਦੇ ਪੂਰੇ ਹੋਣ ਤੋਂ ਕਿਨਾਰਾ ਕਰਨ ਲਈ ਕੈਪਟਨ ਕੋਲ ਸੌਖਾ ਜਵਾਬ ਇਹ ਹੈ ਕਿ ਪੰਜਾਬ ਸਰਕਾਰ ਕੋਲ ਫੰਡ ਨਹੀਂ ਹਨ। ਇਹ ਕਹਿਣਾ ਵਿਲੱਖਣ ਗੱਲ ਨਹੀਂ ਹੈ। ਇਹ ਤਾਂ ਰਟਿਆ-ਰਟਾਇਆ ਜਵਾਬ ਹੈ। ਅਸਲ ਵਿੱਚ ਇਨ੍ਹਾਂ ਮਾਮਲਿਆਂ ਬਾਰੇ ਕੈਪਟਨ ਦੀ 'ਰਣਨੀਤਿਕ ਕਲਾ','ਪਹੁੰਚ' ਬਹੁਤੀ ਦਮਦਾਰ ਨਹੀਂ ਹੈ। ਕੈਪਟਨ ਅਮਰਿੰਦਰ ਸਿੰਘ ਨੂੰ ਲੋਕਾਂ ਵਿੱਚ ਆਪਣੀ ਹਰਮਨ-ਪਿਆਰਤਾ ਵਧਾਉਣ ਅਤੇ ਅਕਾਲੀਆਂ ਵੱਲੋਂ ਖਤਮ ਕੀਤੇ 'ਨਿਜ਼ਾਮ' ਦੀ ਮੁੜ-ਸੁਰਜੀਤੀ ਲਈ ਤੇਜ਼ੀ ਨਾਲ ਬਦਲਾਅ ਲਿਆਉਣ ਵਾਸਤੇ ਸਮਰਪਣ ਭਾਵਨਾ ਨਾਲ ਕੰਮ ਕਰਨਾ ਚਾਹੀਦਾ ਹੈ।**

**ਟੀ.ਐਸ. ਚਾਵਲਾ**, ਸੀਨੀਅਰ ਪੱਤਰਕਾਰ
(ਸੰਪਰਕ : 93169-17706)

ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਵਜੋਂ ਆਪਣੀ ਮੌਜੂਦਾ ਪਾਰੀ ਨੂੰ ਮੁਕੰਮਲ ਕਰਨ ਤੋਂ ਬਾਅਦ ਅਗਲੀਆਂ ਵਿਧਾਨ ਚੋਣਾਂ ਲੜ ਕੇ ਇਕ ਵਾਰ ਫਿਰ ਪੰਜਾਬ ਦਾ ਮੁੱਖ ਮੰਤਰੀ ਬਣਨ ਦੀ ਅੰਦਰੂਨੀ ਇੱਛਾ ਜ਼ਾਹਿਰ ਕੀਤੀ ਹੈ ਅਤੇ ਇਸ ਤਰ੍ਹਾਂ ਆਪਣੇ 'ਜੁਝਾਰੂ' ਨੌਜਵਾਨ ਸਾਥੀਆਂ ਵਿੱਚ ਦੁਬਿੱਧਾ ਪੈਦਾ ਕਰ ਦਿੱਤੀ ਹੈ। ਵਿਧਾਨ ਸਭਾ ਚੋਣ ਦੀ ਪ੍ਰਚਾਰ ਮੁਹਿੰਮ ਦੌਰਾਨ ਉਹ ਵਾਰ-ਵਾਰ ਇਹ ਐਲਾਨ ਕਰਦੇ ਰਹੇ ਸਨ ਕਿ ਇਹ ਉਨ੍ਹਾਂ ਦੀ ਆਖ਼ਰੀ ਚੋਣ ਹੋਵੇਗੀ। ਇਹ ਐਲਾਨ ਕਰਕੇ ਉਨ੍ਹਾਂ ਨੇ ਇਕ ਪੱਥਰ ਨਾਲ ਦੋ ਪੰਛੀ ਫੁੰਡ ਲਏ ਸਨ; ਪਹਿਲਾ, ਲੋਕਾਂ ਨੂੰ ਉਨ੍ਹਾਂ ਨਾਲ ਹਮਦਰਦੀ ਹੋ ਗਈ ਸੀ; ਉਹ ਮਹਿਸੂਸ ਕਰਦੇ ਸਨ ਕਿ ਕੈਪਟਨ ਨੂੰ ਇਕ ਮੌਕਾ ਜ਼ਰੂਰ ਮਿਲਣਾ ਚਾਹੀਦਾ ਹੈ; ਅਤੇ ਦੂਸਰਾ, 'ਜੁਝਾਰੂ' ਨੌਜਵਾਨ ਤੇ ਕੈਪਟਨ ਦੇ ਪਾਰਟੀ ਅੰਦਰਲੇ ਵਿਰੋਧੀ ਸ਼ਾਂਤ ਹੋ ਗਏ ਸਨ ਅਤੇ ਉਨ੍ਹਾਂ ਨੇ ਕੈਪਟਨ ਰਾਜ ਦੇ ਪੰਜ ਸਾਲ ਪੂਰੇ ਹੋਣ ਦੀ ਉਡੀਕ ਕਰਨ ਦੇ ਇਰਾਦੇ ਨਾਲ ਉਨ੍ਹਾਂ ਨੂੰ ਸਹਿਯੋਗ ਦੇਣਾ ਸ਼ੁਰੂ ਕਰ ਦਿੱਤਾ ਸੀ।

ਕਾਂਗਰਸ ਵਿੱਚ ਤਿੰਨ ਨੇਤਾ- ਪ੍ਰਤਾਪ ਸਿੰਘ ਬਾਜਵਾ, ਨਵਜੋਤ ਸਿੰਘ ਸਿੱਧੂ ਅਤੇ ਮਨਪ੍ਰੀਤ ਸਿੰਘ ਬਾਦਲ ਮੁੱਖ ਮੰਤਰੀ ਦੇ ਅਹੁਦੇ ਦੇ 'ਦਾਅਵੇਦਾਰ' ਹਨ। ਇਨ੍ਹਾਂ ਤਿੰਨਾਂ ਕੋਲ ਲੋਕਾਂ ਅਤੇ ਹੋਰ ਕਾਂਗਰਸੀ ਸਾਥੀਆਂ ਤੱਕ ਆਪਣੀ ਗੱਲ ਪਹੁੰਚਾਉਣ ਦੀ ਵੱਖਰੀ ਕਲਾ ਹੈ। ਇਨ੍ਹਾਂ ਤਿੰਨਾਂ ਵਿੱਚੋਂ ਨਵਜੋਤ ਸਿੰਘ ਸਿੱਧੂ ਆਪਣੀ ਜ਼ਿੰਮੇਵਾਰੀ ਹਮਲਾਵਾਰਾਨਾ ਢੰਗ ਨਾਲ ਨਿਭਾਅ ਰਹੇ ਹਨ। ਉਹ ਕੇਬਲ ਮਾਫੀਆ, ਟਰਾਂਸਪੋਰਟ ਮਾਫੀਆ ਅਤੇ ਡਰੱਗ ਮਾਫੀਆ ਰਾਹੀਂ ਪੰਜਾਬ ਦੀ 'ਲੁੱਟ' ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਖ਼ਿਲਾਫ਼ ਕਾਰਵਾਈ ਲਈ ਕੈਪਟਨ ਅਮਰਿੰਦਰ ਸਿੰਘ 'ਤੇ ਲਗਾਤਾਰ ਦਬਾਅ ਬਣਾ ਰਹੇ ਹਨ। ਸ੍ਰੀ ਸਿੱਧੂ ਪੰਜਾਬ ਵਿੱਚ ਡਰੱਗ ਮਾਫੀਆ ਦੇ ਕਥਿਤ 'ਸਰਗਨਾ' ਕਹੇ ਜਾਂਦੇ ਇਕ ਸੀਨੀਅਰ ਅਕਾਲੀ ਆਗੂ ਖ਼ਿਲਾਫ਼ ਸਖ਼ਤ ਕਾਰਵਾਈ ਕਰਵਾਉਣ ਲਈ ਦ੍ਰਿੜ ਹਨ। ਇਸ ਤੋਂ ਇਲਾਵਾ ਕੈਪਟਨ ਅਮਰਿੰਦਰ ਸਿੰਘ ਨੇ ਕਈ ਚੋਣ ਰੈਲੀਆਂ ਦੌਰਾਨ ਇਹ ਐਲਾਨ ਕੀਤਾ ਸੀ ਕਿ ਉਹ ਮੁੱਖ ਮੰਤਰੀ ਬਣਨ ਤੋਂ ਬਾਅਦ ਪੰਜਾਬ ਵਿੱਚ ਨਸ਼ਿਆਂ ਦੀ ਤਸਕਰੀ ਲਈ 'ਜ਼ਿੰਮੇਵਾਰ' ਅਕਾਲੀ ਆਗੂ ਨੂੰ ਸੀਖਾਂ ਪਿੱਛੇ ਸੁੱਟਣਗੇ ਪ੍ਰੰਤੂ ਹਾਲੇ ਤੱਕ ਉਨ੍ਹਾਂ ਨੇ ਇਸ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ। ਇਸ ਮਾਮਲੇ ਵਿੱਚ ਇਕ ਵਾਰ ਨਵਜੋਤ ਸਿੰਘ ਸਿੱਧੂ 40 ਵਿਧਾਇਕਾਂ ਨੂੰ ਆਪਣੇ ਨਾਲ ਤੋਰਨ ਵਿੱਚ ਕਾਮਯਾਬ ਰਹੇ ਅਤੇ ਉਨ੍ਹਾਂ ਨੇ ਉਸ ਅਕਾਲੀ ਆਗੂ ਖ਼ਿਲਾਫ਼ ਕਾਰਵਾਈ ਲਈ ਮੁੱਖ ਮੰਤਰੀ ਨੂੰ ਵਿਧਾਇਕਾਂ ਦੇ ਦਸਤਖ਼ਤਾਂ ਵਾਲਾ ਮੈਮੋਰੰਡਮ ਵੀ ਸੌਂਪਿਆ ਸੀ ਪਰ ਕੈਪਟਨ ਕਾਰਵਾਈ ਲਈ ਕਾਨੂੰਨੀ 'ਸਬੂਤ' ਮੰਗ ਰਹੇ ਹਨ।

ਕੈਪਟਨ ਅਮਰਿੰਦਰ ਸਿੰਘ ਅਤੇ ਨਵਜੋਤ ਸਿੰਘ ਸਿੱਧੂ ਦੀ ਅੰਦਰੂਨੀ ਅਣਬਣ ਉਦੋਂ ਸ਼ੁਰੂ ਹੋ ਗਈ ਸੀ ਜਦੋਂ ਸ੍ਰੀ ਸਿੱਧੂ ਨੇ ਭਾਜਪਾ ਤੋਂ ਅਸਤੀਫਾ ਦਿੱਤਾ ਸੀ ਪ੍ਰੰਤੂ ਕੈਪਟਨ ਉਸ ਨੂੰ ਕਾਂਗਰਸ ਵਿੱਚ ਸ਼ਾਮਲ ਕਰਨ ਦੇ ਇਛੁੱਕ ਨਹੀਂ ਸਨ। ਕੈਪਟਨ ਉਸ ਦੀ ਰਾਜਨੀਤੀਵਾਨ ਵਜੋਂ ਬਹੁ-ਪੱਖੀ ਸਮਰੱਥਾ ਤੋਂ ਜਾਣੂ ਸਨ। ਇਸ ਵਿਰੋਧ ਤੋਂ ਬਾਅਦ ਸ੍ਰੀ ਸਿੱਧੂ ਦਾ ਕਾਂਗਰਸ ਵਿੱਚ ਦਾਖਲਾ ਪਾਰਟੀ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨਾਲ ਹੋਈਆਂ ਕਾਫੀ ਮੀਟਿੰਗਾਂ ਤੋਂ ਬਾਅਦ ਹੋਇਆ ਸੀ। ਸ੍ਰੀ ਸਿੱਧੂ ਦਾ ਲੋਕਾਂ ਵਿੱਚ ਅਕਸ ਇਮਾਨਦਾਰ ਤੇ ਆਪਣੇ ਕੰਮ ਨੂੰ ਸਮਰਪਿਤ ਵਰਕਰ ਵਾਲਾ ਹੈ। ਹੁਣ ਕੈਪਟਨ ਅਮਰਿੰਦਰ ਸਿੰਘ ਨੇ ਖੜ੍ਹੇ ਪਾਣੀ ਵਿੱਚ 'ਰੋੜਾ' ਸੁੱਟ ਦਿੱਤਾ ਹੈ ਅਤੇ ਪਾਣੀ ਦੀਆਂ ਲਹਿਰਾਂ ਲੋਕਾਂ ਦੇ ਦਿਮਾਗ ਨੂੰ ਛੂਹ ਰਹੀਆਂ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕੈਪਟਨ ਅਮਰਿੰਦਰ



ਸਿੰਘ ਮਜ਼ਬੂਤ ਮੁੱਖ ਮੰਤਰੀ ਹਨ ਅਤੇ ਉਨ੍ਹਾਂ ਵਿੱਚ ਸਰਕਾਰ ਲਈ ਲੋੜੀਂਦੀਆਂ ਸਾਰੀਆਂ ਸਮਰੱਥਾਵਾਂ ਹਨ। ਇਸ ਤੋਂ ਪਹਿਲਾਂ ਉਹ ਪੰਜ ਸਾਲ ਪੰਜਾਬ 'ਤੇ ਰਾਜ ਕਰਕੇ ਆਪਣੀ ਮੁੱਖ ਮੰਤਰੀ ਵਜੋਂ ਕਾਬਲੀਅਤ ਸਿੱਧ ਕਰ ਚੁੱਕੇ ਹਨ। ਉਨ੍ਹਾਂ ਦੀ ਪਹਿਲੀ ਪਾਰੀ ਕਾਫੀ ਚੰਗੀ ਸੀ, ਜੋ ਲੋਕਾਂ ਨੂੰ ਹਾਲੇ ਤੱਕ ਚੇਤੇ ਹੈ। ਲੋਕ ਉਨ੍ਹਾਂ ਕੋਲੋਂ ਇਸ ਵਾਰ ਵੀ ਪਹਿਲਾਂ ਵਰਗੇ 'ਕਰਿਸ਼ਮੇ' ਦਾ ਇੰਤਜ਼ਾਰ ਕਰ ਰਹੇ ਹਨ ਪਰ ਕੈਪਟਨ ਨੇ ਹੁਣ ਤੱਕ ਅਜਿਹਾ ਕੋਈ ਮਾਅਰਕਾ ਨਹੀਂ ਮਾਰਿਆ ਜਿਹੜਾ ਪੰਜਾਬੀਆਂ ਨੂੰ ਸੰਤੁਸ਼ਟ ਕਰ ਸਕੇ।

ਕੈਪਟਨ ਅਮਰਿੰਦਰ ਸਿੰਘ ਪੰਜਾਬ ਵਿੱਚ ਨਸ਼ਿਆਂ ਦਾ ਖਾਤਮਾ ਕਰਨ, ਕੇਬਲ ਮਾਫੀਆ ਦਾ ਸਫਾਇਆ ਅਤੇ ਟਰਾਂਸਪੋਰਟ ਮਾਫੀਆ ਦਾ ਅੰਤ ਕਰਨ ਸਮੇਤ ਨੌਜਵਾਨਾਂ ਨੂੰ ਸਮਾਰਟ ਫੋਨ ਅਤੇ ਨੌਕਰੀਆਂ ਦੇਣ ਦੇ ਵਾਅਦੇ ਨਾਲ ਸੱਤਾ ਵਿੱਚ ਆਏ ਹਨ। ਇਨ੍ਹਾਂ ਵਾਅਦਿਆਂ ਨੇ ਕਾਂਗਰਸ ਦੀ ਜਿੱਤ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਪਰ ਅਫਸੋਸ ਇਨ੍ਹਾਂ ਵਿੱਚੋਂ ਇਕ ਵੀ ਵਾਅਦਾ ਹੁਣ ਤੱਕ ਵਫਾ ਨਹੀਂ ਹੋਇਆ। ਇਨ੍ਹਾਂ ਵਾਅਦਿਆਂ ਦੇ ਪੂਰੇ ਹੋਣ ਤੋਂ ਕਿਨਾਰਾ ਕਰਨ ਲਈ ਕੈਪਟਨ ਕੋਲ ਸੌਖਾ ਜਵਾਬ ਇਹ ਹੈ ਕਿ ਪੰਜਾਬ ਸਰਕਾਰ ਕੋਲ ਫੰਡ ਨਹੀਂ ਹਨ। ਇਹ ਕਹਿਣਾ ਵਿਲੱਖਣ ਗੱਲ ਨਹੀਂ ਹੈ। ਇਹ ਤਾਂ ਰਟਿਆ-ਰਟਾਇਆ ਜਵਾਬ ਹੈ। ਅਸਲ ਵਿੱਚ ਇਨ੍ਹਾਂ ਮਾਮਲਿਆਂ ਬਾਰੇ ਕੈਪਟਨ ਦੀ 'ਰਣਨੀਤਿਕ ਕਲਾ','ਪਹੁੰਚ' ਬਹੁਤੀ ਦਮਦਾਰ ਨਹੀਂ ਹੈ।

ਉਨ੍ਹਾਂ ਨੂੰ ਲੋਕਾਂ ਵਿੱਚ ਆਪਣੀ ਹਰਮਨ-ਪਿਆਰਤਾ ਵਧਾਉਣ ਅਤੇ ਅਕਾਲੀਆਂ ਵੱਲੋਂ ਖਤਮ ਕੀਤੇ 'ਨਿਜ਼ਾਮ' ਦੀ ਮੁੜ-ਸੁਰਜੀਤੀ ਲਈ ਤੇਜ਼ੀ ਨਾਲ ਬਦਲਾਅ ਲਿਆਉਣ ਵਾਸਤੇ ਸਮਰਪਣ ਭਾਵਨਾ ਨਾਲ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਆਪਣੇ ਭਵਿੱਖੀ ਟੀਚਿਆਂ ਬਾਰੇ ਐਲਾਨ ਕਰਨ ਦੀ ਕੋਈ ਲੋੜ ਨਹੀਂ ਹੈ। ਮੈਨੂੰ ਯਾਦ ਹੈ ਕਿ ਚੋਣਾਂ ਤੋਂ ਪਹਿਲਾਂ ਇਕ ਵਾਰ ਕੈਪਟਨ ਨੇ ਕਿਹਾ ਸੀ, "ਮੈਂ ਹੁਣ ਬਦਲ ਗਿਆ ਹਾਂ।" ਫਿਰ ਹੁਣ ਉਹ ਬਦਲਾਅ ਨੂੰ ਕਿਉਂ ਉਲਟਾ ਰਹੇ ਹਨ? ਹਾਲਾਂਕਿ ਸੂਬੇ ਨੂੰ ਚਿੰਤਾਜਨਕ ਸਥਿਤੀ ਵਿੱਚੋਂ ਕੱਢਣ ਲਈ ਉਨ੍ਹਾਂ ਕੋਲ ਅਹਿਮ ਮੌਕਾ ਹੈ। ਖ਼ੈਰ, ਕੈਪਟਨ ਅਮਰਿੰਦਰ ਸਿੰਘ ਬਹੁਤ ਸੁਲਝੇ ਹੋਏ ਵਿਅਕਤੀ ਹਨ ਅਤੇ ਉਨ੍ਹਾਂ ਨੂੰ ਆਪਣੇ ਕੰਮ 'ਤੇ ਪੂਰਾ ਭਰੋਸਾ ਹੈ। ਸੂਬੇ ਵਿੱਚ ਅਮਨ-ਕਾਨੂੰਨੀ ਦੀ ਸਥਿਤੀ ਵਿਗੜੀ ਹੋਈ ਹੈ ਅਤੇ ਕਿਸੇ ਵੀ ਮਹਿਕਮੇ ਵਿੱਚ ਠੀਕ ਕੰਮ ਨਹੀਂ ਹੋ ਰਿਹਾ। ਪ੍ਰਸ਼ਾਸਨ ਨੂੰ ਮੁੱਖ ਮੰਤਰੀ ਦੀ ਸੰਤੁਸ਼ਟੀ ਮੁਤਾਬਕ ਕੰਮ ਕਰਨਾ ਚਾਹੀਦਾ ਹੈ।

ਸੱਤਾਚਾਪਲੂਸੀ ਤੇ ਖੁਸ਼ਾਮਦੀਆਂ ਨੂੰ ਆਕਰਸ਼ਿਤ ਕਰਦੀ ਹੈ। ਪੰਜਾਬ ਦੇ ਮੁੱਖ ਮੰਤਰੀ ਦੇ ਨਿਵਾਸ ਤੱਕ ਆਮ ਲੋਕਾਂ ਦੀ ਪਹੁੰਚ 'ਦੁਰਲੱਭ' ਹੈ। ਲੋਕਾਂ ਨੇ ਅਕਾਲੀ ਦਲ ਦੇ ਰਾਜ ਦੌਰਾਨ ਹੋਏ 'ਗਲਤ' ਕੰਮਾਂ ਤੋਂ ਨਿਜਾਤ ਪਾਉਣ ਦੀ ਆਸ ਨਾਲ ਕਾਂਗਰਸ ਨੂੰ ਵੋਟਾਂ ਪਾਈਆਂ ਸਨ। ਇਸ ਤੋਂ ਇਲਾਵਾ 'ਜਨਤਾ' ਦੀਆਂ ਬਹੁਤ ਸ਼ਿਕਾਇਤਾਂ ਹਨ ਕਿ ਉਨ੍ਹਾਂ ਦੀ 'ਨਿਯਮ ਤੇ ਕਾਨੂੰਨ' ਅਨੁਸਾਰ ਸੁਣਵਾਈ ਨਹੀਂ ਹੈ। ਭਾਵੇਂ ਕੈਪਟਨ ਅਮਰਿੰਦਰ ਸਿੰਘ ਨੇ ਲੋਕਾਂ ਦੇ ਹੱਕਾਂ ਦੀ ਪੂਰਤੀ ਲਈ ਸਲਾਹਕਾਰਾਂ ਦੀ 'ਫੌਜ' ਭਰਤੀ ਕੀਤੀ ਹੋਈ ਹੈ ਪਰ ਇਹ ਫੌਜ ਹੀ ਉਨ੍ਹਾਂ ਦਾ ਅਕਸ ਵਿਗਾੜ ਰਹੀ ਹੈ। ਸਲਾਹਕਾਰ ਲੋਕਾਂ ਦੇ ਫੋਨ ਚੁੱਕਣ ਤੋਂ ਕੇਵਲ ਝਿਜਕਦੇ ਹੀ ਨਹੀਂ, ਉਨ੍ਹਾਂ ਦੇ ਫੋਨ ਵੀ ਕੱਟ ਦਿੰਦੇ ਹਨ। ਜੇਕਰ ਦੁਬਾਰਾ ਫੋਨ ਕਰੋ ਤਾਂ ਮੋਬਾਈਲ ਬੰਦ ਕਰ ਦਿੱਤਾ ਜਾਂਦਾ ਹੈ। ਜੇਕਰ ਕੋਈ ਦੁਖੀ ਬੰਦਾ ਕੈਪਟਨ ਨੂੰ ਮਿਲਣਾ ਚਾਹੁੰਦਾ ਹੈ ਅਤੇ ਲੋਚਦਾ ਹੈ ਕਿ ਉਸ ਦੀ ਸ਼ਿਕਾਇਤ ਨੂੰ ਕੈਪਟਨ ਖੁਦ ਦੇਖਣ ਤਾਂ ਉਹ ਕਲਪਨਾ ਕਰ ਸਕਦਾ ਹੈ ਕਿ ਸ਼ਿਕਾਇਤਾਂ ਨਾਲ ਕਿਵੇਂ ਨਜਿੱਠਿਆ ਜਾ ਰਿਹਾ ਹੈ। ਇਸ ਗੱਲ ਦਾ ਕੋਈ ਜਵਾਬ ਨਹੀਂ ਹੈ। ਪ੍ਰਸ਼ਾਸਕੀ ਪ੍ਰਬੰਧ ਠੀਕ ਕੀਤਾ ਜਾਵੇ ਅਤੇ ਮੁੱਖ ਮੰਤਰੀ ਦੇ ਸਾਰੇ ਸਲਾਹਕਾਰ ਦਫਤਰੀ ਸਮੇਂ ਦੌਰਾਨ ਆਪੋ ਆਪਣੇ ਮੋਬਾਈਲ ਚਾਲੂ ਰੱਖਣ। ਸਿਰਫ ਹੰਗਾਮੀ ਹਾਲਾਤਵਿੱਚ ਹੀ ਲੋਕਾਂ ਦੇ ਫੋਨ ਕੱਟਿਆ ਕਰਨ। ਆਪਣੇ ਫੋਨ ਬੰਦ ਕਰਨ ਦੀ ਬਜਾਏ, ਉਨ੍ਹਾਂ ਨੂੰ ਐੱਸ.ਐੱਮ.ਐੱਸ. ਕਰਕੇ ਫੋਨ ਬੰਦ ਕੀਤਾ ਹੋਣ ਦਾ ਕਾਰਨ ਦੱਸਣ। ਅਜਿਹੀ 'ਪਹੁੰਚ' ਤੋਂ ਬਗੈਰ ਕੋਈ ਵੀ ਰਾਜ ਜਾਂ ਰਾਸ਼ਟਰ ਤਰੱਕੀ ਨਹੀਂ ਕਰ ਸਕਦਾ।

## ਕਿਸਾਨ ਮੰਗਾਂ ਮਨਵਾਉਣ ਲਈ ਮੁੜ ਮੈਦਾਨ 'ਚ ਨਿਤਰਣਗੀਆਂ ਸੱਤ ਜਥੇਬੰਦੀਆਂ

**ਪਟਿਆਲਾ/ਬਿਊਰੋ ਨਿਊਜ਼:** ਕਿਸਾਨ ਮਸਲਿਆਂ ਤਹਿਤ 22 ਤੋਂ 27 ਸਤੰਬਰ ਤੱਕ ਪਟਿਆਲਾ ਨੇੜੇ ਮਹਿਮਦਪੁਰ ਪਿੰਡ ਵਿੱਚ ਧਰਨਾ ਦੇਣ ਵਾਲੀਆਂ ਸੱਤ ਕਿਸਾਨ ਜਥੇਬੰਦੀਆਂ ਮੰਗਾਂ ਦੀ ਪੂਰਤੀ ਯਕੀਨੀ ਬਣਾਉਣ ਲਈ ਸੂਬਾ ਸਰਕਾਰ ਨੂੰ ਮੁੜ ਹਲੂਣਾ ਦੇਣ ਜਾ ਰਹੀਆਂ ਹਨ ਜਿਸ ਤਹਿਤ ਕਿਸਾਨ ਸੰਗਠਨ ਵੱਲੋਂ 13 ਦਸੰਬਰ ਨੂੰ ਪੰਜਾਬ ਦੇ ਸਮੂਹ ਡਿਪਟੀ ਕਮਿਸ਼ਨਰਾਂ ਦੇ ਦਫ਼ਤਰਾਂ ਮੂਹਰੇ ਧਰਨੇ ਦੇਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਬੂਟਾ ਸਿੰਘ ਬੁਰਜਗਿੱਲ, ਜੋਗਿੰਦਰ ਸਿੰਘ ਉਗਰਾਹਾਂ, ਕੰਵਲਪ੍ਰੀਤ ਪਨੂੰ, ਨਿਰਭੈ ਸਿੰਘ ਢੁੱਡੀਕੇ, ਸੁਰਜੀਤ ਸਿੰਘ ਫੂਲ, ਹਰਜਿੰਦਰ ਟਾਂਡਾ ਅਤੇ ਸ਼ਿੰਦਰਪਾਲ ਸਿੰਘ ਨੱਥੂਵਾਲ ਦੀ ਅਗਵਾਈ ਹੇਠਲੀਆਂ ਇਨ੍ਹਾਂ ਜਥੇਬੰਦੀਆਂ ਵਿੱਚ ਕਿਸਾਨ ਯੂਨੀਅਨ ਡਕੌਂਦਾ, ਕਿਸਾਨ ਯੂਨੀਅਨ ਉਗਰਾਹਾਂ, ਕਿਸਾਨ ਸੰਘਰਸ਼ ਕਮੇਟੀ ਪੰਨੂ, ਕਿਰਤੀ ਕਿਸਾਨ ਯੂਨੀਅਨ ਪੰਜਾਬ, ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਅਤੇ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਸ਼ਾਮਲ ਹਨ। ਸਤੰਬਰ ਵਿੱਚ ਇਹ ਧਰਨਾ ਦਿੱਤਾ ਗਿਆ ਸੀ। ਇਹ ਧਰਨਾ ਮੁੱਖ ਮੰਤਰੀ ਦੇ ਮਹਿਲ ਅੱਗੇ ਦੇਣਾ ਸੀ, ਪਰ ਅਦਾਲਤੀ ਦਖਲ ਤਹਿਤ ਇਹ ਮਹਿਮਦਪੁਰ ਮੰਡੀ ਵਿਚ ਤਬਦੀਲ ਹੋਇਆ ਸੀ? ਕਿਸਾਨ ਯੂਨੀਅਨ ਡਕੌਂਦਾ ਦੇ ਸੂਬਾ ਜਨਰਲ ਸਕੱਤਰ ਜਗਮੋਹਣ ਸਿੰਘ ਉਪਲ ਨੇ ਇਥੇ ਹੋਈ ਗੱਲਬਾਤ ਦੌਰਾਨ ਕਿਹਾ ਕਿ ਮੰਗਾਂ ਦੀ ਪੂਰਤੀ ਲਈ ਸਰਕਾਰੀ ਭਰੋਸੇ ਮਗਰੋਂ ਹੀ ਧਰਨਾ ਚੁੱਕਿਆ ਗਿਆ ਸੀ। ਫਿਰ ਸਰਕਾਰ ਮੁੱਖ ਮੰਤਰੀ ਨਾਲ਼ 10 ਨਵੰਬਰ ਦੀ ਮੀਟਿੰਗ ਮੁਕੱਰਰ ਕਰਕੇ ਵੀ ਮੀਟਿੰਗ ਤੋਂ ਵੀ ਭੱਜ ਗਈ। ਇਸ ਤਰ੍ਹਾਂ ਮੰਗ ਪੱਤਰ ਪ੍ਰਤੀ ਵੀ ਸੰਜੀਦਗੀ ਨਹੀਂ ਵਿਖਾਉਣ ਕਰਕੇ ਹੀ ਹੁਣ ਸੱਤ ਜਥੇਬੰਦੀਆਂ ਵੱਲੋਂ ਮੁੜ ਸੰਘਰਸ਼ ਸ਼ੁਰੂ ਕੀਤਾ ਜਾ ਰਿਹਾ ਹੈ।

### ਸੇਵਾਮੁਕਤ ਮੁਲਾਜ਼ਮਾਂ ਵਲੋਂ ਵੀ ਸੰਘਰਸ਼ ਦਾ ਐਲਾਨ

ਚੰਡੀਗੜ੍ਹ: ਪੰਜਾਬ ਜਲ ਸਰੋਤ ਨਿਗਮ ਦੇ ਸੇਵਾਮੁਕਤ ਮੁਲਾਜ਼ਮਾਂ ਵੱਲੋਂ 13 ਦਸੰਬਰ ਨੂੰ ਇੱਥੇ ਸੈਕਟਰ-26 ਸਥਿਤ ਮੁੱਖ ਦਫ਼ਤਰ ਅੱਗੇ ਧਰਨਾ ਦੇ ਕੇ ਅਦਾਇਗੀਆਂ ਰੋਕਣ ਵਾਲੇ ਅਧਿਕਾਰੀਆਂ ਦੇ ਪੋਲ ਖੋਲ੍ਹਣ ਦਾ ਐਲਾਨ ਕੀਤਾ ਗਿਆ ਹੈ। ਯੂਨੀਅਨ ਦੇ ਪ੍ਰਧਾਨ ਓਮ ਪ੍ਰਕਾਸ਼ ਨੇ ਦੱਸਿਆ ਕਿ ਅਧਿਕਾਰੀਆਂ ਨੇ ਸਰਕਾਰੀ ਨਿਯਮਾਂ ਅਤੇ ਕਾਇਦੇ-ਕਾਨੂੰਨਾਂ ਦੇ ਉਲਟ ਸੇਵਾਮੁਕਤੀ ਮੌਕੇ ਮੁਲਾਜ਼ਮਾਂ ਦੀਆਂ ਤਿੰਨ ਕਰੋੜ ਰੁਪਏ ਦੀਆਂ ਰਿਕਵਰੀਆਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਅਧਿਕਾਰੀ ਗ਼ੈਰਕਾਨੂੰਨੀ ਢੰਗ ਨਾਲ ਕੀਤੀਆਂ ਰਿਕਵਰੀਆਂ ਨੂੰ ਵਾਪਸ ਕਰਨ ਤੋਂ ਇਨਕਾਰੀ ਹਨ, ਜਿਸ ਕਾਰਨ ਯੂਨੀਅਨ ਵੱਲੋਂ 13 ਦਸੰਬਰ ਨੂੰ ਮੁੱਖ ਦਫ਼ਤਰ ਅੱਗੇ ਧਰਨਾ ਦੇ ਕੇ ਇਹ ਮੁੱਦਾ ਉਚ ਪੱਧਰ 'ਤੇ ਪਹੁੰਚਾਇਆ ਜਾਵੇਗਾ।

## ਕਰਜ਼ੇ ਮਾਫ਼ ਕਰਨ ਦੇ ਮਾਮਲੇ 'ਚ ਮੋਤੀਆਂ ਵਾਲੀ ਸਰਕਾਰ ਨੇ ਛੋਟੇ ਕਿਸਾਨਾਂ ਨੂੰ 'ਛੁਣਛੁਣਾ' ਦੇ ਕੇ ਠੱਗਣ ਦੀ ਨੀਤੀ ਘੜੀ

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ 'ਚ ਕੁੱਲ ਖੇਤੀ ਕਰਜ਼ਾ ਮੁਆਫ਼ੀ ਦਾ ਭਾਰ ਪਹਿਲਾਂ ਲਾਏ 9500 ਕਰੋੜ ਰੁਪਏ ਦੇ ਅੰਦਾਜ਼ੇ ਤੋਂ ਬਹੁਤ ਘੱਟ ਸਕਦਾ ਹੈ। ਕੈਪਟਨ ਅਮਰਿੰਦਰ ਸਿੰਘ ਸਰਕਾਰ ਦਾ ਖੇਤੀ ਕਰਜ਼ਾ ਮੁਆਫ਼ੀ ਬਾਰੇ ਨੋਟੀਫਿਕੇਸ਼ਨ ਉਨ੍ਹਾਂ ਛੋਟੇ ਕਿਸਾਨਾਂ ਨੂੰ ਇਸ ਯੋਜਨਾ ਵਿੱਚੋਂ ਬਾਹਰ ਕਰ ਰਿਹਾ ਹੈ, ਜਿਨ੍ਹਾਂ ਕੋਲ ਪੰਜ ਏਕੜ ਤੋਂ ਘੱਟ ਜ਼ਮੀਨ ਹੈ ਪਰ ਉਨ੍ਹਾਂ ਨੇ ਦੋ ਲੱਖ ਰੁਪਏ ਤੋਂ ਵੱਧ ਕਰਜ਼ਾ ਚੁੱਕਿਆ ਹੋਇਆ ਹੈ। ਇਸ ਕਾਰਨ ਲਾਭਪਾਤਰੀਆਂ ਦੀ ਗਿਣਤੀ 10 ਲੱਖ ਕਿਸਾਨਾਂ ਨੂੰ ਰਾਹਤ ਦੇਣ ਵਾਲੇ ਪ੍ਰਚਾਰ ਨਾਲੋਂ ਕਿਤੇ ਜ਼ਿਆਦਾ ਘੱਟ ਸਕਦੀ ਹੈ। ਸਾਰੇ ਸੀਮਾਂਤ ਕਿਸਾਨਾਂ, ਜਿਨ੍ਹਾਂ ਕੋਲ ਢਾਈ ਏਕੜ ਤੋਂ ਘੱਟ ਜ਼ਮੀਨ ਹੈ, ਨੂੰ ਇਸ ਯੋਜਨਾ ਦਾ ਲਾਭ ਮਿਲੇਗਾ ਅਤੇ ਉਨ੍ਹਾਂ ਦਾ 2 ਲੱਖ ਰੁਪਏ ਕਰਜ਼ਾ ਮੁਆਫ਼ ਹੋਵੇਗਾ ਭਾਵੇਂ ਉਨ੍ਹਾਂ ਨੇ ਦੋ ਲੱਖ ਤੋਂ ਵੱਧ ਕਰਜ਼ਾ ਚੁੱਕਿਆ ਹੋਵੇ।

ਖੇਤੀਬਾੜੀ ਤੇ ਵਿੱਤ ਵਿਭਾਗ ਦੇ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਹੈ ਕਿ ਦੋ ਲੱਖ ਤੋਂ ਵੱਧ ਫ਼ਸਲੀ ਕਰਜ਼ਾ ਚੁੱਕਣ ਵਾਲੇ ਛੋਟੇ ਕਿਸਾਨਾਂ ਨੂੰ ਖੇਤੀ ਕਰਜ਼ਾ ਮੁਆਫ਼ੀ ਯੋਜਨਾ ਤਹਿਤ ਕੋਈ ਲਾਭ ਨਹੀਂ ਦਿੱਤਾ ਜਾਵੇਗਾ। ਜਾਣਕਾਰੀ ਮੁਤਾਬਕ ਜ਼ਿਆਦਾਤਰ ਛੋਟੇ ਕਿਸਾਨਾਂ ਵੱਲੋਂ ਦੋ ਲੱਖ ਤੋਂ ਵੱਧ ਕਰਜ਼ਾ ਚੁੱਕਿਆ ਹੋਇਆ ਹੈ। ਭਾਵੇਂ



ਇਕ ਕਿਸਾਨ ਪ੍ਰਤੀ ਏਕੜ ਦੇ ਹਿਸਾਬ ਨਾਲ 40 ਹਜ਼ਾਰ ਰੁਪਏ ਜਾਂ ਪੰਜ ਏਕੜ ਜ਼ਮੀਨ ਲਈ ਵੱਧ ਤੋਂ ਵੱਧ ਦੋ ਲੱਖ ਰੁਪਏ ਫ਼ਸਲੀ ਕਰਜ਼ਾ ਲੈ ਸਕਦਾ ਹੈ। ਕਿਸਾਨਾਂ ਵੱਲੋਂ ਅਕਸਰ ਕਈ ਬੈਂਕਾਂ ਤੋਂ ਕਰਜ਼ਾ ਲਿਆ ਜਾਂਦਾ ਹੈ। ਕਈ ਕੇਸਾਂ ਵਿੱਚ ਪਰਿਵਾਰਾਂ 'ਚ ਜ਼ਮੀਨ ਦੀ ਵੰਡ ਹੋਣ ਦੇ ਬਾਵਜੂਦ ਇੰਤਕਾਲ ਨਹੀਂ ਹੋਇਆ। ਅਜਿਹੇ ਕੇਸਾਂ ਵਿੱਚ ਕਿਸੇ ਵਿਅਕਤੀ ਕੋਲ ਜ਼ਮੀਨ ਪੰਜ ਏਕੜ ਤੋਂ ਘੱਟ ਹੋ ਸਕਦੀ ਹੈ ਪਰ ਉਹ ਵੀ ਇਸ ਯੋਜਨਾ ਦੇ ਹੱਕਦਾਰ ਨਹੀਂ ਹੋਣਗੇ।

ਪੰਜਾਬ ਮੰਡੀ ਬੋਰਡ ਵੱਲੋਂ ਛੇ ਬੈਂਕਾਂ ਕੋਲੋਂ 4680 ਕਰੋੜ ਰੁਪਏ ਇਕੱਤਰ ਕੀਤੇ ਜਾ ਰਹੇ ਹਨ ਤਾਂ ਜੋ ਸਹਿਕਾਰੀ ਬੈਂਕਾਂ ਤੋਂ ਕਰਜ਼ਾ ਲੈਣ ਵਾਲੇ ਕਿਸਾਨਾਂ ਨੂੰ ਰਾਹਤ ਦਿੱਤੀ ਜਾ ਸਕੇ। ਮੰਡੀ ਬੋਰਡ ਵੱਲੋਂ ਕਰਜ਼ਾ ਮੁਆਫ਼ੀ ਲਈ ਛੇ ਕੌਮੀਕ੍ਰਿਤ ਬੈਂਕਾਂ ਕੋਲੋਂ ਇਕ ਹਜ਼ਾਰ ਕਰੋੜ ਕਰਜ਼ਾ ਚੁੱਕਿਆ ਜਾਵੇਗਾ। ਹਾਲ ਹੀ 'ਚ ਵਧਾਈ ਇਕ ਫ਼ੀਸਦ ਮਾਰਕੀਟ ਫੀਸ ਅਤੇ ਪੇਂਡੂ ਵਿਕਾਸ ਫੰਡ ਰਾਹੀਂ ਸਾਲਾਨਾ 9 ਹਜ਼ਾਰ ਕਰੋੜ ਰੁਪਏ ਇਕੱਤਰ ਹੋਣਗੇ। ਇਸ ਰਾਸ਼ੀ ਨੂੰ ਇਸ ਕਰਜ਼ੇ ਦਾ ਵਿਆਜ ਮੋੜਨ ਲਈ ਵਰਤਿਆ ਜਾਵੇਗਾ।

# ਅਕਾਲੀ ਦਲ ਬਾਦਲ ਵੱਲੋਂ ਜੇਲ੍ਹਾਂ ਭਰਨ ਦੀ ਧਮਕੀ

**ਚੰਡੀਗੜ੍ਹ/ਬਿਊਰੋ ਨਿਊਜ਼:**
ਕੈਪਟਨ ਸਰਕਾਰ ਵੱਲੋਂ ਅਕਾਲੀ ਆਗੂਆਂ ਖ਼ਿਲਾਫ਼ ਦਰਜ ਕੀਤੇ ਕੇਸਾਂ ਦਾ ਮਾਮਲਾ ਦਿਨੋਂ ਦਿਨ ਭਖ਼ਦੇ ਜਾਣ ਦੌਰਾਨ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਜੇਲ੍ਹਾਂ ਭਰਨ ਦੀ ਧਮਕੀ ਦਿੱਤੀ ਹੈ।

ਪਾਰਟੀ ਦੀ ਕੋਰ ਕਮੇਟੀ ਨੇ ਐਤਵਾਰ ਨੂੰ ਇੱਥੇ ਮੀਟਿੰਗ ਦੌਰਾਨ ਫ਼ੈਸਲਾ ਕੀਤਾ ਕਿ ਕਾਂਗਰਸ ਸਰਕਾਰ ਦੇ ਤਾਨਾਸ਼ਾਹੀ ਰਵੱਈਏ ਦਾ ਹਰ ਪੱਧਰ ਉੱਤੇ ਡੱਟ ਕੇ ਮੁਕਾਬਲਾ ਕੀਤਾ ਜਾਵੇਗਾ। ਇਹ ਫੈਸਲਾ ਵੀ ਲਿਆ ਗਿਆ ਕਿ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਉੱਤੇ ਝੂਠੇ ਕੇਸ ਬਣਾਉਣ ਦਾ ਮਾਮਲਾ ਪੰਜਾਬ-ਹਰਿਆਣਾ ਹਾਈ ਕੋਰਟ 'ਚ ਲਿਜਾਇਆ ਜਾਵੇਗਾ।

ਪਾਰਟੀ ਸਰਪ੍ਰਸਤ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਹੋਈ ਇਸ ਬੈਠਕ ਦੌਰਾਨ ਫ਼ੈਸਲਾ ਕੀਤਾ ਕਿ ਅਕਾਲੀਆਂ ਖ਼ਿਲਾਫ਼ ਦਰਜ ਕੀਤੇ ਕੇਸਾਂ ਦੀ ਸੀਬੀਆਈ ਜਾਂਚ ਵੀ ਮੰਗੀ ਜਾਵੇਗੀ। ਅਕਾਲੀ ਦਲ ਵੱਲੋਂ ਇਹ ਮੁੱਦਾ ਪੰਜਾਬ ਦੇ ਰਾਜਪਾਲ ਵੀ.ਪੀ. ਸਿੰਘ ਬਦਨੌਰ ਅਤੇ ਦਿੱਲੀ 'ਚ ਕੌਮੀ ਘੱਟ ਗਿਣਤੀ ਕਮਿਸ਼ਨ ਕੋਲ ਵੀ ਉਠਾਇਆ ਜਾਵੇਗਾ। ਅਕਾਲੀ ਦਲ ਵੱਲੋਂ ਪੰਜਾਬ ਦੇ ਹਰੇਕ ਪਿੰਡ 'ਚੋਂ 10-10 ਵਰਕਰ ਤਿਆਰ ਕਰਕੇ ਅਜਿਹੇ 1.20 ਲੱਖ ਵਰਕਰਾਂ ਦੀ 'ਫੌਜ' ਖੜ੍ਹੀ ਕੀਤੀ ਜਾਵੇਗੀ, ਜੋ ਸਰਕਾਰੀ ਤਸ਼ੱਦਦ ਵਿਰੁੱਧ ਹੰਗਾਮੀ ਐਕਸ਼ਨ ਕਰੇਗੀ। ਕੋਰ ਕਮੇਟੀ ਦੀ ਮੀਟਿੰਗ 'ਚ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸੁਖਦੇਵ ਸਿੰਘ ਢੀਂਡਸਾ, ਰਣਜੀਤ ਸਿੰਘ ਬ੍ਰਹਮਪੁਰਾ, ਬਲਵਿੰਦਰ ਸਿੰਘ ਭੂੰਦੜ,



ਜਗੀਰ ਕੌਰ, ਪ੍ਰੇਮ ਸਿੰਘ ਚੰਦੂਮਾਜਰਾ, ਬਿਕਰਮ ਸਿੰਘ ਮਜੀਠੀਆ, ਡਾ. ਦਲਜੀਤ ਸਿੰਘ ਚੀਮਾ, ਚਰਨਜੀਤ ਸਿੰਘ ਅਟਵਾਲ, ਸਿਕੰਦਰ ਸਿੰਘ ਮਲੂਕਾ ਅਤੇ ਤੋਤਾ ਸਿੰਘ ਸ਼ਾਮਲ ਸਨ। ਮੀਟਿੰਗ ਬਾਅਦ ਸੁਖਬੀਰ ਬਾਦਲ ਨੇ ਦੋਸ਼ ਲਾਇਆ ਕਿ ਕੈਪਟਨ ਸਰਕਾਰ ਗੁੰਡਾਗਰਦੀ 'ਤੇ ਉਤਰ ਆਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਨਗਰ ਨਿਗਮ ਚੋਣਾਂ 'ਚ ਹਾਰ ਨਜ਼ਰ ਆਉਂਦੀ ਦੇਖ ਬੁਖਲਾਈ ਕਾਂਗਰਸ ਪਾਰਟੀ ਨੇ ਅਕਾਲੀ ਉਮੀਦਵਾਰਾਂ ਨੂੰ ਕਾਗਜ਼ ਭਰਨ ਤੋਂ ਰੋਕਣ ਲਈ ਪੁਲੀਸ ਨਾਲ ਮਿਲ ਕੇ ਗੋਲੀਆਂ ਚਲਾਉਣ ਸਮੇਤ ਹੋਰ ਤਸ਼ੱਦਦ ਢਾਹੇ ਹਨ। ਇਸ ਵੇਲੇ ਪੰਜਾਬ ਦੇ ਡੀਜੀਪੀ ਅਤੇ ਮੁੱਖ ਮੰਤਰੀ ਦੀਆਂ ਸ਼ਕਤੀਆਂ ਵਰਤ ਕੇ ਕਾਂਗਰਸੀ ਵਿਧਾਇਕ ਥਾਣੇ ਚਲਾ ਰਹੇ ਹਨ। ਡੀਐਸਪੀਜ਼ ਅਤੇ ਐਸਐਚਓਜ਼ ਨੇ ਪੁਲੀਸ ਦੀਆਂ ਵਰਦੀਆਂ ਲਾਹ ਕੇ ਕਾਂਗਰਸੀਆਂ ਵਰਕਰਾਂ ਦਾ ਰੂਪ ਧਾਰ ਲਿਆ ਹੈ, ਜਿਸ ਦਾ ਸਮਾਂ ਆਉਣ 'ਤੇ ਹਿਸਾਬ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪੁਲੀਸ ਅਕਾਲੀਆਂ ਉਪਰ ਤਸ਼ੱਦਦ ਢਾਹ ਕੇ ਉਲਟਾ ਉਨ੍ਹਾਂ 'ਤੇ ਹੀ 307 ਦੇ ਪਰਚੇ ਠੋਕ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਖੇਮਕਰਨ, ਰਾਜਾਸਾਂਸੀ, ਘਨੌਰ ਆਦਿ ਵਿਖੇ ਅਕਾਲੀ ਉਮੀਦਵਾਰਾਂ ਦੇ ਵੱਡੇ ਪੱਧਰ 'ਤੇ ਕਾਗਜ਼ ਰੱਦ ਕੀਤੇ ਗਏ ਹਨ। ਉਨ੍ਹਾਂ ਦੋਸ਼ ਲਾਇਆ ਕਿ ਢਿਲਵਾਂ ਪੁਲੀਸ ਨੇ ਪਿਛਲੇ ਇਕ ਸਾਲ ਤੋਂ ਇਟਲੀ ਰਹਿ ਰਹੇ ਲਖਵਿੰਦਰ ਸਿੰਘ ਖ਼ਿਲਾਫ਼ ਸੜਕ ਜਾਮ ਕਰਨ ਦੇ ਦੋਸ਼ ਹੇਠ ਕੇਸ ਦਰਜ ਕਰਕੇ ਬੇਇਨਸਾਫ਼ੀ ਦੀ ਇੰਤਹਾ ਕਰ ਦਿੱਤੀ ਹੈ।

ਸ੍ਰੀ ਬਾਦਲ ਨੇ ਕੈਪਟਨ ਅਮਰਿੰਦਰ ਨੂੰ ਅਕਾਲੀ ਆਗੂਆਂ ਨੂੰ ਗ੍ਰਿਫਤਾਰ ਕਰਨ ਦੀ ਚੁਣੌਤੀ ਦਿੰਦਿਆਂ ਕਿਹਾ ਕਿ ਜੇ ਲੋੜ ਪਈ ਤਾਂ ਇਕ ਲੱਖ ਅਕਾਲੀ ਵਰਕਰ ਜੇਲ੍ਹਾਂ ਭਰਨਗੇ। ਉਹ ਝੂਠੇ ਕੇਸ ਦਰਜ ਕਰਨ ਦੀ ਸਾਜ਼ਿਸ਼ ਰਚਣ ਵਾਲੇ ਪੁਲੀਸ ਅਧਿਕਾਰੀਆਂ ਅਤੇ ਕਾਂਗਰਸੀ ਆਗੂਆਂ ਦੇ ਨਾਂ ਸਬੂਤਾਂ ਸਮੇਤ ਹਾਈ ਕੋਰਟ 'ਚ ਪੇਸ਼ ਕਰਕੇ ਇਨ੍ਹਾਂ ਖ਼ਿਲਾਫ਼ ਕਾਰਵਾਈ ਮੰਗਣਗੇ। ਉਨ੍ਹਾਂ ਕਿਹਾ ਕਿ ਪਾਰਟੀ ਦੇ ਮੁੱਖ ਦਫ਼ਤਰ 'ਚ ਇਕ ਵਿਸ਼ੇਸ਼ ਸੈੱਲ ਬਣਾਇਆ ਜਾ ਰਿਹਾ ਹੈ, ਜਿਥੇ ਤਸ਼ੱਦਦ ਕਰਨ ਵਾਲੇ ਪੁਲੀਸ ਅਧਿਕਾਰੀਆਂ ਦੀਆਂ ਰਿਪੋਰਟਾਂ ਤਿਆਰ ਕੀਤੀਆਂ ਜਾਣਗੀਆਂ। ਅਕਾਲੀ ਦਲ ਦੇ ਸੱਤਾ ਵਿੱਚ ਆਉਣ ਬਾਅਦ ਮੌਜੂਦਾ ਜੱਜ ਦੀ ਅਗਵਾਈ ਹੇਠ ਕਮਿਸ਼ਨ ਬਣਾ ਕੇ ਅਜਿਹੇ ਪੁਲੀਸ ਅਫ਼ਸਰਾਂ ਅਤੇ ਕਾਂਗਰਸੀ ਨੇਤਾਵਾਂ ਵਿਰੁੱਧ ਛੇ ਮਹੀਨਿਆਂ ਅੰਦਰ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਅੱਜ ਫਿਰ ਧਰਨਿਆਂ ਦੌਰਾਨ ਲੋਕਾਂ ਨੂੰ ਆਈਆਂ ਮੁਸ਼ਕਲਾਂ ਲਈ ਮੁਆਫੀ ਮੰਗੀ ਪਰ ਨਾਲ ਹੀ ਕਿਹਾ ਕਿ ਜਮਹੂਰੀਅਤ ਬਚਾਉਣ ਲਈ ਇਹ ਕਦਮ ਚੁੱਕਣਾ ਜ਼ਰੂਰੀ ਸੀ।

## ਖੁਦ ਘਿਓ-ਖਿਚੜੀ, ਕੈਪਟਨ ਅਤੇ ਬਾਦਲ ਲੋਕਾਂ 'ਚ ਵਧਾ ਰਹੇ ਨੇ ਧੜੇਬਾਜ਼ੀ ਅਤੇ ਦੁਸ਼ਮਣੀ: ਆਮ ਆਦਮੀ ਪਾਰਟੀ

**ਚੰਡੀਗੜ੍ਹ/ਸਿੱਖ ਸਿਆਸਤ ਬਿਊਰੋ:** ਆਮ ਆਦਮੀ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਅਤੇ ਵਿਧਾਇਕ ਅਮਨ ਅਰੋੜਾ ਨੇ ਪ੍ਰੈਸ ਬਿਆਨ ਜਾਰੀ ਕਰਕੇ ਕਿਹਾ ਕਿ ਕਾਂਗਰਸ ਅਤੇ ਬਾਦਲ-ਭਾਜਪਾ ਗਠਜੋੜ ਨੇ ਸੱਤਾ 'ਤੇ ਕਬਜ਼ਾ ਰੱਖਣ ਲਈ ਅੰਗ੍ਰੇਜ਼ਾਂ ਦੀ 'ਫੁੱਟ ਪਾਓ ਅਤੇ ਰਾਜ ਕਰੋ' ਨੀਤੀ ਨੂੰ ਵੀ ਮਾਤ ਦੇ ਦਿੱਤੀ ਹੈ। ਜਿੱਥੇ ਕਾਂਗਰਸ ਅਤੇ ਬਾਦਲ-ਭਾਜਪਾ ਦੇ ਵੱਡੇ ਆਗੂ ਉਪਰਲੇ ਪੱਧਰ 'ਤੇ ਇਕ-ਮਿੱਕ ਹਨ, ਉਥੇ ਹੇਠਲੇ ਪੱਧਰ 'ਤੇ ਲੋਕਾਂ ਨੂੰ ਆਪਸ 'ਚ ਪਾੜੇ



ਰੱਖਣ ਲਈ ਲੜਾਈਆਂ ਕਰਵਾ ਰਹੇ ਹਨ ਅਤੇ ਦੁਸ਼ਮਣੀਆਂ ਪਵਾ ਰਹੇ ਹਨ, ਕਿਉਂਕਿ ਪਾਰਟੀ ਦੇ ਨਾਂ 'ਤੇ ਪੈਦਾ ਕੀਤੀ ਧੜੇਬੰਦੀ ਜਿੰਨੀ ਤਿੱਖੀ ਹੋਵੇਗੀ ਉਨੀਂ ਹੀ ਇਨਾਂ ਦੀ ਸਿਆਸੀ ਦੁਕਾਨ ਵੱਧ ਚੱਲੇਗੀ। ਅਮਨ ਅਰੋੜਾ ਨੇ ਕਿਹਾ ਕਿ ਬਿਜਲੀ, ਪਾਣੀ, ਸੀਵਰੇਜ, ਸਫ਼ਾਈ, ਬਿਜਲੀ ਦੀਆਂ ਤਾਰਾਂ ਦੇ ਜਾਲ, ਗਲੀਆਂ-ਨਾਲੀਆਂ, ਸਿਹਤ ਸੇਵਾਵਾਂ ਅਤੇ ਸਕੂਲ ਸਿੱਖਿਆ, ਭ੍ਰਿਸ਼ਟਾਚਾਰ ਵਰਗੀਆਂ ਬੁਨਿਆਦੀ ਸਹੂਲਤਾਂ ਦੀ ਅਣਹੋਂਦ ਅੱਜ ਵੀ ਉਵੇਂ ਹੀ ਹੈ ਜਿਵੇਂ 10 ਸਾਲ ਦੇ ਬਾਦਲ ਰਾਜ ਵਿਚ ਸੀ। ਅਮਨ ਅਰੋੜਾ ਨੇ ਜਾਰੀ ਪ੍ਰੈਸ ਬਿਆਨ 'ਚ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪਾਰਟੀਬਾਜ਼ੀ ਤੋਂ ਉੱਪਰ ਉਠ ਕੇ ਚੰਗੇ ਉਮੀਦਵਾਰਾਂ ਨੂੰ ਜਿਤਾਉਣ।

## ਨਿਗਮ ਚੋਣਾਂ ਮਗਰੋਂ ਬਣਾਵਾਂਗੇ ਨਵੇਂ ਵਜ਼ੀਰ: ਕੈਪਟਨ

**ਅੰਮ੍ਰਿਤਸਰ/ਬਿਊਰੋ ਨਿਊਜ਼:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਵਿੱਚ ਉਪ ਮੁੱਖ ਮੰਤਰੀ ਦੀ ਨਿਯੁਕਤੀ ਦੀ ਯੋਜਨਾ ਨੂੰ ਮੁੱਢੋਂ ਰੱਦ ਕਰਦਿਆਂ ਆਖਿਆ ਕਿ ਕਾਂਗਰਸ ਸਰਕਾਰ ਦੇ ਮੰਤਰੀ ਮੰਡਲ ਦਾ ਵਿਸਥਾਰ ਨਗਰ ਨਿਗਮ ਚੋਣਾਂ ਅਤੇ ਗੁਜਰਾਤ ਚੋਣਾਂ ਦੇ ਨਤੀਜੇ ਆਉਣ ਤੋਂ ਫ਼ੌਰੀ ਬਾਅਦ ਕੀਤਾ ਜਾਵੇਗਾ। ਮੁੱਖ ਮੰਤਰੀ ਅੱਜ ਇਥੇ ਨਿਗਮ ਚੋਣਾਂ ਦੌਰਾਨ ਸੂਬੇ ਦੇ ਸ਼ਹਿਰੀ ਵਿਕਾਸ ਲਈ ਕਾਂਗਰਸ ਦਾ 'ਵਿਜ਼ਨ ਪੱਤਰ' ਜਾਰੀ ਕਰਨ ਲਈ ਪੁੱਜੇ ਸਨ।

ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਦੱਸਿਆ ਕਿ ਉਹ ਤਾਂ ਪੰਜਾਬ ਵਜ਼ਾਰਤ ਦਾ ਵਿਸਥਾਰ ਹੋਰ ਵੀ ਪਹਿਲਾਂ ਕਰਨਾ ਚਾਹੁੰਦੇ ਹਨ, ਪਰ ਚੋਣ ਜ਼ਾਬਤੇ ਕਰਕੇ ਇਹ ਵਿਸਥਾਰ 17 ਦਸੰਬਰ ਨੂੰ ਨਿਗਮ ਚੋਣਾਂ ਅਤੇ 18 ਦਸੰਬਰ ਨੂੰ ਗੁਜਰਾਤ ਚੋਣਾਂ ਦੇ ਨਤੀਜੇ ਮਗਰੋਂ ਕੀਤਾ ਜਾਵੇਗਾ। ਉਪ ਮੁੱਖ ਮੰਤਰੀ ਦੀ ਨਿਯੁਕਤੀ ਬਾਰੇ ਪੁੱਛਣ 'ਤੇ ਉਨ੍ਹਾਂ ਕਿਹਾ ਕਿ ਕਾਂਗਰਸ ਵਿਚ ਉਪ ਮੁੱਖ ਮੰਤਰੀ ਦੇ ਅਹੁਦੇ ਦੀ ਕੋਈ ਰਵਾਇਤ ਨਹੀਂ ਹੈ। ਗੁਜਰਾਤ ਚੋਣਾਂ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਉਥੇ ਕਾਂਗਰਸ, ਭਾਜਪਾ ਨੂੰ ਸਖ਼ਤ ਮੁਕਾਬਲਾ ਦੇ ਰਹੀ ਹੈ ਅਤੇ ਵੋਟਰਾਂ ਦੀ ਚੁੱਪੀ ਕਿਸੇ ਵੱਡੇ ਬਦਲਾਅ ਦਾ ਸੰਕੇਤ ਹੈ। ਉਨ੍ਹਾਂ ਆਸ ਜਤਾਈ ਕਿ ਗੁਜਰਾਤ ਚੋਣਾਂ ਵਿੱਚ ਕਾਂਗਰਸ ਦਾ ਹੱਥ ਉਪਰ ਰਹੇਗਾ। ਗੁਜਰਾਤ ਵਿੱਚ ਚੋਣ ਪ੍ਰਚਾਰ ਲਈ ਨਾ ਜਾਣ ਬਾਰੇ ਕੈਪਟਨ ਨੇ ਕਿਹਾ ਕਿ ਉਥੇ ਸਮੁੰਦਰੀ ਤੂਫਾਨ ਦੀ ਚੇਤਾਵਨੀ ਕਰਕੇ ਦੌਰਾ ਰੱਦ ਕੀਤਾ ਹੈ ਸੂਬੇ ਵਿਚ ਆਈਐਸਆਈ ਵੱਲੋਂ ਅਮਨ ਤੇ ਸ਼ਾਂਤੀ ਭੰਗ ਕਰਨ ਦੀਆਂ ਸਾਜ਼ਿਸ਼ਾਂ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਆਈਐਸਆਈ ਦੇ ਇਸ਼ਾਰੇ 'ਤੇ ਕੈਨੇਡਾ, ਅਮਰੀਕਾ, ਯੂ.ਕੇ. ਅਤੇ ਜਰਮਨੀ ਸਮੇਤ ਹੋਰ ਮੁਲਕਾਂ ਤੋਂ ਕੁਝ ਤਾਕਤਾਂ ਕੰਮ ਕਰ ਰਹੀਆਂ ਹਨ। ਹਾਲੀਆ ਗ੍ਰਿਫ਼ਤਾਰੀਆਂ ਤੋਂ ਤਸਵੀਰ ਹੋਰ ਸਾਫ਼ ਹੋ ਗਈ ਹੈ। ਕੈਪਟਨ ਨੇ ਕਿਹਾ ਕਿ ਉਹ ਗੁਰਦੁਆਰਿਆਂ ਨੂੰ ਜੀਐਸਟੀ ਤੋਂ ਮੁਕਤ ਰੱਖਣ ਦੇ ਹਾਮੀ ਹਨ। ਇਸ ਮੌਕੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ, ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ, ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਅਤੇ ਵਿਧਾਇਕਾਂ ਸਮੇਤ ਹੋਰ ਆਗੂ ਹਾਜ਼ਰ ਸਨ।

## ਪੰਜਾਬ ਵਿੱਚ ਅਫੀਮ ਦੀ ਖੇਤੀ ਸ਼ੁਰੂ ਹੋਵੇ: ਡਾ. ਗਾਂਧੀ

**ਅੰਮ੍ਰਿਤਸਰ/ਬਿਊਰੋ ਨਿਊਜ਼:** ਇਥੇ ਸਾਈਂ ਮੀਆਂ ਮੀਰ ਫਾਊਂਡੇਸ਼ਨ ਵੱਲੋਂ ਚੇਅਰਮੈਨ ਹਰਭਜਨ ਸਿੰਘ ਬਰਾੜ ਦੀ ਅਗਵਾਈ ਹੇਠ ਪੰਜਾਬ ਵਿੱਚ ਅਫੀਮ ਤੇ ਭੁੱਕੀ ਦੀ ਖੇਤੀ ਸ਼ੁਰੂ ਕਰਨ ਸਬੰਧੀ ਕਰਵਾਈ ਗਈ ਵਿਚਾਰ-ਚਰਚਾ ਵਿੱਚ ਬੁਲਾਰਿਆਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਜੇ ਪੰਜਾਬ ਨੂੰ ਘਾਤਕ ਨਸ਼ਿਆਂ ਤੋਂ ਮੁਕਤ ਕਰਨਾ ਹੈ ਤਾਂ ਇਸ ਦਾ ਇਕੋ-ਇਕ ਹੱਲ ਹੈ ਕਿ ਇਥੇ ਅਫੀਮ ਦੀ ਕੁਦਰਤੀ ਖੇਤੀ ਸ਼ੁਰੂ ਕੀਤੀ ਜਾਵੇ। ਇਹ ਵੀ ਕਿਹਾ ਗਿਆ ਕਿ ਨਸ਼ਾ ਵਿਰੋਧੀ ਐਕਟ 1985 ਨਾਲ ਨਸ਼ਿਆਂ ਵਿੱਚ ਵਾਧਾ ਹੋਇਆ ਹੈ, ਡਰੱਗ ਮਾਫੀਆ ਦਾ ਪਾਸਾਰ ਹੋਇਆ ਹੈ, ਇਸ ਲਈ ਇਸ ਐਕਟ ਵਿਚ ਸੋਧ ਕੀਤੀ ਜਾਵੇ। ਲੋਕ ਸਭਾ ਮੈਂਬਰ ਡਾ. ਧਰਮਵੀਰ ਗਾਂਧੀ ਨੇ ਕਿਹਾ ਕਿ ਅੱਜ ਪੰਜਾਬ ਨਸ਼ਿਆਂ ਕਾਰਨ ਬਹੁਤ ਹੀ ਨਾਜ਼ੁਕ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸਮੈਕ, ਹੈਰੋਇਨ, ਸ਼ਰਾਬ ਤੇ ਹੋਰ ਘਾਤਕ ਸਿੰਥੈਟਿਕ ਨਸ਼ਿਆਂ ਨੂੰ ਖਤਮ ਕਰਨ ਲਈ ਅਫੀਮ ਤੇ ਭੁੱਕੀ ਦੀ ਕੁਦਰਤੀ ਖੇਤੀ ਪੰਜਾਬ ਵਿੱਚ ਸ਼ੁਰੂ ਕਰਨੀ ਪਵੇਗੀ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ



ਖਾਤਮੇ ਲਈ ਪੁਲੀਸ ਦਾ ਗ਼ੈਰ-ਸਿਆਸੀਕਰਨ ਅਤੇ ਗ਼ੈਰ-ਅਪਰਾਧੀਕਰਨ ਬਹੁਤ ਜ਼ਰੂਰੀ ਹੈ। ਸਿਹਤ ਵਿਭਾਗ ਪੰਜਾਬ ਦੇ ਸਾਬਕਾ ਡਿਪਟੀ ਡਾਇਰੈਕਟਰ ਡਾ. ਜਗਜੀਤ ਸਿੰਘ ਚੀਮਾ ਨੇ ਕਿਹਾ ਕਿ ਜੇ ਪੰਜਾਬ ਵਿਚ ਕੁਦਰਤੀ ਨਸ਼ਿਆਂ ਦੀ ਖੇਤੀ ਸ਼ੁਰੂ ਹੋ ਜਾਵੇ ਤਾਂ ਡਰਗ ਮਾਫੀਆ ਅਤੇ ਨਸ਼ਿਆਂ ਦੀ ਮੰਡੀ ਆਪਣੇ ਆਪ ਖਤਮ ਹੋ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਸਿੰਥੈਟਿਕ ਨਸ਼ੇ ਖਾਣ ਵਾਲਿਆਂ ਨੂੰ ਕੁਦਰਤੀ ਨਸ਼ੇ ਦਿਓਗੇ ਤਾਂ ਉਨ੍ਹਾਂ ਦੀ ਜ਼ਿੰਦਗੀ ਬਚ ਜਾਵੇਗੀ। ਉਨ੍ਹਾਂ ਕਿਹਾ ਕਿ ਜੇ ਪੰਜਾਬ ਨੂੰ ਡਰੱਗ ਮਾਫੀਆ ਤੋਂ ਬਚਾਉਣਾ ਹੈ ਤਾਂ ਨਸ਼ਾ ਵਿਰੋਧੀ ਐਕਟ ਵਿੱਚ ਸੋਧ ਕੀਤੀ ਜਾਵੇ। ਸ੍ਰੀ ਰਣਜੀਤ ਸਿੰਘ ਨੇ ਕਿਹਾ ਕਿ ਸਿੰਥੈਟਿਕ ਨਸ਼ੇ, ਸ਼ਰਾਬ, ਮੈਡੀਕਲ ਨਸ਼ੇ ਜਵਾਨੀ ਨੂੰ ਤਬਾਹ ਕਰ ਰਹੇ ਹਨ। ਉਨ੍ਹਾਂ ਸੁਝਾਅ ਦਿੱਤਾ ਕਿ ਪਾਣੀ, ਜਵਾਨੀ ਤੇ ਕਿਰਸਾਨੀ ਨੂੰ ਅਫੀਮ ਦੀ ਖੇਤੀ ਸ਼ੁਰੂ ਕਰਕੇ ਹੀ ਬਚਾਇਆ ਜਾ ਸਕਦਾ ਹੈ। ਹਰਿਆਲ ਸਿੰਘ ਘਰਿਆਲਾ ਨੇ ਕਿਹਾ ਕਿ ਜੇ ਦੇਸ਼ ਦੇ 12 ਸੂਬਿਆਂ ਵਿੱਚ ਅਫੀਮ ਦੀ ਖੇਤੀ ਹੋ ਸਕਦੀ ਹੈ ਤਾਂ ਪੰਜਾਬ ਵਿੱਚ ਕਿਉਂ ਨਹੀਂ ? ਸੁਨਾਮ ਤੋਂ ਆਏ ਐਡਵੋਕੇਟ ਸੰਪੂਰਨ ਸਿੰਘ ਨੇ ਵੀ ਪੰਜਾਬ ਵਿਚ ਅਫੀਮ ਦੀ ਖੇਤੀ ਸ਼ੁਰੂ ਕਰਨ ਦਾ ਸੁਝਾਅ ਦਿੱਤਾ। ਸਰਬਜੀਤ ਸਿੰਘ ਸੋਹਲ, ਬਲਵਿੰਦਰ ਸਿੰਘ ਝਬਾਲ ਨੇ ਵੀ ਆਪਣੇ ਵਿਚਾਰ ਰੱਖੇ। ਹਰਭਜਨ ਸਿੰਘ ਬਰਾੜ ਨੇ ਸਭ ਦਾ ਧੰਨਵਾਦ ਕੀਤਾ ਅਤੇ ਮੰਚ ਦੇ ਸੰਚਾਲਨ ਦੀ ਭੂਮਿਕਾ ਸ੍ਰੀ ਕੰਵਲਜੀਤ ਸਿੰਘ ਸਿਧੂ ਨੇ ਨਿਭਾਈ। ਸੈਮੀਨਾਰ ਤੋਂ ਪਹਿਲਾਂ ਡਾ. ਗਾਂਧੀ ਨੇ ਸਾਈਂ ਮੀਆਂ ਮੀਰ ਸਰਾਂ ਦਾ ਉਦਘਾਟਨ ਕੀਤਾ। ਇਸ ਮੌਕੇ ਹੋਏ ਸੰਗੀਤ ਪ੍ਰੋਗਰਾਮ ਵਿੱਚ ਗਾਇਕ ਦਲਵਿੰਦਰ ਦਿਆਲਪੁਰੀ ਨੇ ਰੰਗ ਬੰਨ੍ਹਿਆ।

## ਸ਼ਹੀਦੀ ਪੁਰਬ ਤੇ ਪ੍ਰਕਾਸ਼ ਪੁਰਬ ਨੇੜੇ ਨੇੜੇ ਹੋਣ ਕਾਰਨ ਸਿੱਖ ਸੰਗਤ ਦੁਬਿਧਾ 'ਚ

**ਅੰਮ੍ਰਿਤਸਰ/ਬਿਊਰੋ ਨਿਊਜ਼:**
ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਅਤੇ ਛੋਟੇ ਤੇ ਵੱਡੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਪੁਰਬ ਦੋ ਦੋ ਦਿਨ ਦੇ ਫਰਕ 'ਤੇ ਆਉਣ ਕਾਰਨ ਇਸ ਵਾਰ ਪ੍ਰਕਾਸ਼ ਪੁਰਬ ਪਹਿਲਾਂ ਨਾਲੋਂ ਘੱਟ ਉਤਸ਼ਾਹ ਨਾਲ ਮਨਾਏ ਜਾਣ ਦਾ ਖ਼ਦਸ਼ਾ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ 25 ਦਸੰਬਰ ਨੂੰ, ਵੱਡੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 22 ਦਸੰਬਰ ਤੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 27 ਦਸੰਬਰ ਨੂੰ ਮਨਾਇਆ ਜਾ ਰਿਹਾ ਹੈ। ਇਹ ਦਿਹਾੜੇ ਇਕੱਠੇ ਆਉਣ ਕਾਰਨ ਸਿੱਖ ਸੰਗਤ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਕਿਸੇ ਹੋਰ ਤਰੀਕ 'ਤੇ ਮਨਾਉਣ ਦੇ ਸੁਝਾਅ ਦਿੱਤੇ ਗਏ ਸਨ।

ਇਸੇ ਸੰਦਰਭ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਵੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਪ੍ਰਕਾਸ਼ ਪੁਰਬ ਪੰਜ ਜਨਵਰੀ ਨੂੰ ਮਨਾਉਣ ਦਾ ਸੁਝਾਅ ਦਿੱਤਾ ਗਿਆ ਸੀ। ਪਰ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿੱਚ ਸ਼੍ਰੋਮਣੀ ਕਮੇਟੀ ਦੇ ਇਸ ਸੁਝਾਅ ਨੂੰ ਰੱਦ ਕਰ ਕੇ ਗੁਰਪੁਰਬ ਪਹਿਲਾਂ ਵਾਲੀ ਤਰੀਕ 25 ਦਸੰਬਰ ਨੂੰ ਹੀ ਮਨਾਉਣ ਦਾ ਐਲਾਨ ਕੀਤਾ ਗਿਆ ਹੈ।

ਹੁਣ ਇਸ ਮਾਮਲੇ ਨੂੰ ਲੈ ਕੇ ਸੰਗਤ ਦੁਬਿਧਾ ਵਿੱਚ ਹੈ ਕਿ ਪ੍ਰਕਾਸ਼ ਪੁਰਬ ਤੋਂ ਦੋ ਦਿਨ ਪਹਿਲਾਂ ਅਤੇ ਦੋ ਦਿਨ ਬਾਅਦ ਸ਼ਹੀਦੀ ਪੁਰਬ ਹੈ। ਇਸ ਲਈ ਪ੍ਰਕਾਸ਼ ਪੁਰਬ ਜ਼ਿਆਦਾ ਉਤਸ਼ਾਹ ਨਾਲ ਨਹੀਂ ਮਨਾਇਆ ਜਾ ਸਕੇਗਾ। ਖ਼ਾਸ ਕਰ ਕੇ ਫ਼ਤਹਿਗੜ੍ਹ ਸਾਹਿਬ ਜਿੱਥੇ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਪੁਰਬ ਦੇ ਸਬੰਧ ਵਿੱਚ ਸ਼ਹੀਦੀ ਜੋੜ ਮੇਲ ਵੱਡੇ ਪੱਧਰ 'ਤੇ ਹੁੰਦਾ ਹੈ, ਉਥੇ ਪ੍ਰਕਾਸ਼ ਪੁਰਬ ਵੀ ਸਾਦੇ ਢੰਗ ਨਾਲ ਹੀ ਮਨਾਇਆ ਜਾਵੇਗਾ। ਵੇਰਵਿਆਂ ਮੁਤਾਬਕ ਸ਼ਹੀਦੀ ਜੋੜ ਮੇਲ 25, 26, 27 ਨੂੰ ਮਨਾਇਆ ਜਾ ਰਿਹਾ ਹੈ, ਇਸ ਲਈ ਪ੍ਰਕਾਸ਼ ਪੁਰਬ ਮੌਕੇ ਸਿਰਫ਼ ਅਖੰਡ ਪਾਠ ਦੇ ਭੋਗ ਹੀ ਪਾਏ ਜਾਣਗੇ, ਜਦੋਂਕਿ ਸ਼੍ਰੋਮਣੀ ਕਮੇਟੀ ਵੱਲੋਂ ਅੰਮ੍ਰਿਤਸਰ ਤੇ ਹੋਰ ਥਾਵਾਂ 'ਤੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਪਹਿਲਾ ਵਾਂਗ ਹੀ ਨਗਰ ਕੀਰਤਨ ਸਜਾਇਆ ਜਾਵੇਗਾ, ਪਰ ਕੁਝ ਸਿੱਖ ਸੰਸਥਾਵਾਂ ਜੋ ਸ਼੍ਰੋਮਣੀ ਕਮੇਟੀ ਦੇ ਨਗਰ ਕੀਰਤਨ ਤੋਂ ਇਕ ਦਿਨ ਪਹਿਲਾਂ ਆਪੋ ਆਪਣੇ ਨਗਰ ਕੀਰਤਨ ਸਜਾਉਂਦੀਆਂ ਹਨ, ਇਸ ਵਾਰ ਦੁਬਿਧਾ ਵਿੱਚ ਹਨ ਕਿ ਵੱਡੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਪੁਰਬ ਕਾਰਨ ਉਹ ਨਗਰ ਕੀਰਤਨ ਅਤੇ ਪ੍ਰਭਾਤ ਫੇਰੀਆਂ ਨਹੀਂ ਕੱਢ ਸਕਣਗੀਆਂ।

ਇਸ ਦੌਰਾਨ ਸੋਸ਼ਲ ਮੀਡੀਆ 'ਤੇ ਵੀ ਇਸ ਮੁੱਦੇ ਨੂੰ ਲੈ ਕੇ ਜ਼ੋਰ-ਸ਼ੋਰ ਨਾਲ ਪ੍ਰਚਾਰ ਚੱਲ ਰਿਹਾ ਹੈ ਕਿ ਗੁਰਪੁਰਬ 5 ਜਨਵਰੀ ਨੂੰ ਹੀ ਮਨਾਇਆ ਜਾਵੇ। ਵਿਦੇਸ਼ਾਂ ਵਿਚਲੀਆਂ ਕਈ ਸਿੱਖ ਜਥੇਬੰਦੀਆਂ ਵੱਲੋਂ ਗੁਰਪੁਰਬ 5 ਜਨਵਰੀ ਨੂੰ ਮਨਾਉਣ ਦਾ ਐਲਾਨ ਕੀਤਾ ਜਾ ਚੁੱਕਾ ਹੈ। ਦੂਜੇ ਪਾਸੇ, ਸ਼੍ਰੋਮਣੀ ਕਮੇਟੀ ਦੇ ਉਚ ਅਧਿਕਾਰੀਆਂ ਨੇ ਖ਼ੁਲਾਸਾ ਕੀਤਾ ਕਿ ਅਕਾਲ ਤਖ਼ਤ ਦੇ ਆਦੇਸ਼ ਮੁਤਾਬਕ ਗੁਰਪੁਰਬ 25 ਦਸੰਬਰ ਨੂੰ ਹੀ ਮਨਾਇਆ ਜਾਵੇਗਾ।

### ਪ੍ਰਕਾਸ਼ ਪੁਰਬ 5 ਜਨਵਰੀ ਨੂੰ ਮਨਾਇਆ ਜਾਵੇ: ਗਿਆਨੀ ਕੇਵਲ ਸਿੰਘ

ਪੰਥਕ ਤਾਲਮੇਲ ਸੰਗਠਨ ਅਤੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਆਖਿਆ ਕਿ



ਗੁਰਪੁਰਬ ਅਤੇ ਸ਼ਹੀਦੀ ਪੁਰਬ ਇਕੱਠੇ ਆਉਣ ਕਾਰਨ ਇਸ ਵਾਰ 95 ਫ਼ੀਸਦ ਸੰਗਤ ਦਾ ਧਿਆਨ ਸ਼ਹੀਦੀ ਪੁਰਬ ਵੱਲ ਹੋਵੇਗਾ। ਉਨ੍ਹਾਂ ਆਖਿਆ ਕਿ ਉਹ ਮੂਲ ਨਾਨਕਸ਼ਾਹੀ ਕੈਲੰਡਰ ਦੇ ਹਾਮੀ ਹਨ ਅਤੇ ਉਨ੍ਹਾਂ ਨਾਲ ਜੁੜੀਆਂ ਜਥੇਬੰਦੀਆਂ ਇਹ ਪ੍ਰਕਾਸ਼ ਪੁਰਬ 5 ਜਨਵਰੀ ਨੂੰ ਮਨਾਉਣਗੀਆਂ। ਉਨ੍ਹਾਂ ਦਾਅਵਾ ਕੀਤਾ ਕਿ ਵਿਦੇਸ਼ਾਂ ਵਿੱਚ ਅਤੇ ਭਾਰਤ ਵਿੱਚ ਵੀ ਵਧੇਰੇ ਥਾਵਾਂ 'ਤੇ ਪ੍ਰਕਾਸ਼ ਪੁਰਬ 5 ਜਨਵਰੀ ਨੂੰ ਮਨਾਉਣ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਉਨ੍ਹਾਂ ਸਿੱਖ ਕੌਮ ਨੂੰ ਅਪੀਲ ਕੀਤੀ ਹੈ ਕਿ ਪ੍ਰਕਾਸ਼ ਪੁਰਬ 5 ਜਨਵਰੀ ਨੂੰ ਮਨਾਇਆ ਜਾਵੇ।

## ਪੰਜਾਬ ਸਰਕਾਰ 13 ਹਜ਼ਾਰ ਬੱਸਾਂ ਦੇ ਪਰਮਿਟ ਰੱਦ ਕਰਨ ਦੇ ਰੌਅ 'ਚ

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਸਰਕਾਰ ਨੇ ਕਰੀਬ 13 ਹਜ਼ਾਰ ਬੱਸਾਂ ਦੇ ਪਰਮਿਟ ਰੱਦ ਕਰਨ ਦੇ ਇਰਾਦੇ ਜ਼ਾਹਿਰ ਕੀਤੇ ਹਨ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਫ਼ੈਸਲੇ ਅਨੁਸਾਰ ਇਹ ਕਦਮ ਚੁੱਕੇ ਜਾ ਰਹੇ ਹਨ। ਇਸੇ ਮੁੱਦੇ ਸਬੰਧੀ ਪਟੀਸ਼ਨਾਂ ਦੇ ਪੁਲੰਦੇ ਦੀ ਸੁਣਵਾਈ ਦੌਰਾਨ ਪੰਜਾਬ ਦੀ ਵਧੀਕ ਐਡਵੋਕੇਟ ਜਨਰਲ ਰਮੀਜ਼ਾ ਹਕੀਮ ਨੇ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਸੁਦੀਪ ਆਹਲੂਵਾਲੀਆ ਦੇ ਬੈਂਚ ਨੂੰ ਦੱਸਿਆ ਕਿ ਨਵੀਂ ਖਰੜਾ ਯੋਜਨਾ ਦੀ ਅਧਿਸੂਚਨਾ 19 ਜੁਲਾਈ ਨੂੰ ਕਰ ਦਿੱਤੀ ਗਈ ਸੀ। ਰਮੀਜ਼ਾ ਨੇ ਕਿਹਾ, "ਮਿਲੇ ਇਤਰਾਜ਼ਾਂ 'ਤੇ ਵਿਚਾਰਾਂ ਕੀਤੀਆਂ ਜਾ ਰਹੀਆਂ ਹਨ ਅਤੇ ਅਧਿਕਾਰੀ ਅੰਤਿਮ ਯੋਜਨਾ ਤਿਆਰ ਕਰਨ ਦੀ ਪ੍ਰਕਿਰਿਆ 'ਚ ਹਨ ਜਿਸ ਲਈ ਚਾਰ ਹਫ਼ਤਿਆਂ ਦੇ ਹੋਰ ਸਮੇਂ ਦੀ ਲੋੜ ਹੈ।" ਬੈਂਚ ਨੂੰ ਉਨ੍ਹਾਂ ਦੱਸਿਆ ਕਿ ਅੰਦਾਜ਼ਨ 13 ਹਜ਼ਾਰ ਬੱਸਾਂ ਦੇ ਪਰਮਿਟ ਰੱਦ ਕੀਤੇ ਜਾਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਸ ਕਸਰਤ ਨੂੰ ਅਮਲ 'ਚ ਲਿਆ

ਬਾਕੀ ਸਫ਼ਾ 33 'ਤੇ

ਅੰਮ੍ਰਿਤਸਰ ਟਾਈਮਜ਼
AMRITSAR TIMES
13 ਦਸੰਬਰ 2017 ਤੋਂ 19 ਦਸੰਬਰ 2017

# ਸਿਆਸੀ ਧਾੜਵੀਆਂ ਦਾ ਦੋਸਤਾਨਾ ਦੰਗਲ

ਭਰ ਸਰਦੀ ਦੇ ਇਨ੍ਹਾਂ ਦਿਨਾਂ 'ਚ ਭਾਰਤ ਤੇ ਪੰਜਾਬ 'ਚ ਦੋ ਵੱਖ ਵੱਖ ਤਰ੍ਹਾਂ ਦੇ ਸਿਆਸੀ ਦੰਗਲ ਉਭਰ ਕੇ ਸਾਹਮਣੇ ਆ ਰਹੇ ਹਨ। ਨਵੀਂ ਦਿੱਲੀ ਵਿੱਚ ਸਰਕਾਰ ਚਲਾ ਰਹੀ ਹਿੰਦੂਤਵੀ ਭਾਰਤੀ ਜਨਤਾ ਪਾਰਟੀ ਅਪਣੇ ਮੋਹਰੀ ਨਰਿੰਦਰ ਮੋਦੀ ਦੇ ਪਿੱਤਰੀ ਸੂਬੇ ਗੁਜਰਾਤ ਦੀਆਂ ਵਿਧਾਨ ਸਭਾਈ ਚੋਣਾਂ ਹਰ ਹੀਲੇ ਜਿੱਤਣ ਲਈ ਸਿਆਸੀ ਕਦਰਾਂ ਕੀਮਤਾਂ ਤੇ ਨੈਤਿਕਤਾ ਦੀਆਂ ਧੱਜੀਆਂ ਉਡਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦੇ ਰਹੀ। ਦੂਜੇ ਪਾਸੇ ਪੰਜਾਬ ਦੀਆਂ ਮਿਉਂਸਿਪਲ ਚੋਣਾਂ ਦੇ ਮਾਮਲੇ ਤੋਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਸੱਤਾਧਾਰੀ ਕਾਂਗਰਸ ਸਰਕਾਰ ਦੁਆਰਾ ਲੋਕ ਰਾਜੀ ਹੱਕਾਂ ਦੀਆਂ ਧੱਜੀਆਂ ਉਡਾਈ ਜਾਣ ਦੇ ਦੋਸ਼ਾਂ ਦੀ ਝੜੀ ਅਤੇ ਜੇਲ੍ਹਾਂ ਭਰ ਦੇਣ ਦੇ ਐਲਾਨ, ਪੰਜਾਬ ਵਿੱਚ 10 ਸਾਲ ਦੇ ਅਕਾਲੀ ਰਾਜ ਵੇਲੇ ਕਾਂਗਰਸ ਸਮੇਤ ਹੋਰਨਾਂ ਰਾਜਸੀ ਵਿਰੋਧੀਆਂ ਦੇ ਨੱਕ 'ਚ ਦਮ ਕਰਨ ਅਤੇ ਆਮ ਲੋਕਾਂ ਦੀ ਕੁੱਟ ਤੇ ਲੁੱਟ ਦੇ ਸਾਹਮਣੇ ਹਾਸੋਹੀਣੇ ਲਗਦੇ ਹਨ। ਸੱਤਾਧਾਰੀ ਤੇ ਵਿਰੋਧੀ ਧਿਰਾਂ ਦੇ ਸਿਆਸਤਦਾਨਾਂ ਵਿਚਾਲੇ ਅਜਿਹੀ ਬੇਤੁੱਕੀ ਲੜਾਈ ਦੁਨੀਆ ਦਾ ਵੱਡਾ ਲੋਕ ਰਾਜ ਕਹਾਉਂਦੇ ਭਾਰਤ ਦੇ ਰਾਜਸੀ ਢਾਂਚੇ ਦਾ ਮਹਿਜ਼ ਝਲਕਾਰਾ ਹੈ। ਅਸਲੀਅਤ 'ਚ ਤਾਂ ਆਵਾ ਹੀ ਊਤਿਆ ਪਿਆ ਹੈ। ਭਾਰਤੀ ਅਖ਼ਬਾਰਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਅਪਣੀਆਂ ਸਿਆਸੀ ਛੁਰਲੀਆਂ ਨਾਲ ਭਰੀਆਂ ਪਈਆਂ ਹਨ । ਉਸ ਵਲੋਂ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਸਬੰਧੀ ਗੁਜਰਾਤ ਦੀਆਂ ਚੋਣਾਂ 'ਚ ਪਾਕਿਸਤਾਨ ਨਾਲ ਮਿਲ ਕੇ ਸਾਜ਼ਸ਼ ਦੀ ਟਿਪਣੀ ਕਿਸੇ ਦੇਸ਼ ਦੇ ਮੋਹਰੀ ਵਲੋਂ ਸਿਆਸੀ ਹਿੱਤਾਂ ਲਈ ਅਪਣੇ ਅਹੁਦੇ ਦੇ ਮਿਆਰ ਨੂੰ ਇੰਨਾ ਹੇਠਾਂ ਗਿਰਾ ਦੇਣ ਦੀ ਉਦਾਸ ਤੇ ਨਿਰਾਸ਼ ਕਰ ਵਾਲੀ ਮਿਸਾਲ ਹੈ। ਸਿਆਸੀ ਚਿੱਕੜ ਉਛਾਲਣ ਦੀ ਇਸ ਘਿਣਾਉਣੀ ਹਰਕਤ ਦੇ ਸਿੱਟੇ ਵਜੋਂ ਹੀ ਅਪਣੀ ਹਲੀਮੀ, ਲਿਆਕਤ, ਸੂਝਬੂਝ ਤੇ ਨਰਮ ਸੁਭਾਅ ਲਈ ਜਾਣੇ ਜਾਂਦੇ ਡਾ.ਮਨਮੋਹਨ ਸਿੰਘ ਨੂੰ ਪਲਟਵਾਰ ਕਰਦਿਆਂ ਇਹ ਕਹਿਣ ਲਈ ਮਜਬੂਰ ਹੋਣਾ ਪਿਆ ਕਿ ਮੋਦੀ ਆਪਣੀ 'ਕੁਲਹਿਣੀ ਸੋਚ' ਨਾਲ 'ਖ਼ਤਰਨਾਕ ਪਿਰਤ' ਪਾ ਰਹੇ ਹਨ। ਇਸ ਬਦਲੇ ਉਸਨੂੰ ਦੇਸ਼ ਤੋਂ ਮਾਫ਼ੀ ਮੰਗਣੀ ਚਾਹੀਦੀ ਹੈ। ਰਾਜਸੀ ਪਾਰਟੀਆਂ ਦੇ ਹੇਠਲੀ ਪੱਧਰ ਦੇ ਆਗੂਆਂ ਦੇ ਬਿਆਨ ਅਤੇ ਇੱਕ ਦੂਜੇ ਵਿਰੁਧ ਦੂਸ਼ਨਬਬਾਜ਼ੀ ਦਾ ਤਾਂ ਖ਼ੈਰ ਰੱਬ ਹੀ ਰਾਖ਼ਾ। ਹਾਂ ਹਰ ਕੋਈ ਅਪਣੀ ਪਾਰਟੀ ਅਤੇ ਖੁਦ ਅਪਣੇ ਦੁੱਧ ਧੋਤਾ ਹੋਣ ਦਾ ਢੰਡੋਰਾ ਬੇਸ਼ਰਮੀ ਨਾਲ ਪਿੱਟਣ 'ਚ ਕਿਸੇ ਨੂੰ ਬਰਾਬਰ ਨਹੀਂ ਢੁਕਣ ਦਿੰਦਾ ।

ਜਿੱਥੋਂ ਤੱਕ ਪੰਜਾਬ ਦਾ ਸਵਾਲ ਹੈ, ਕਰਜ਼ਿਆਂ ਦੇ ਵਿੰਨ੍ਹੇ ਕਿਸਾਨ ਨਿੱਤ ਖੁਦਕੁਸ਼ੀਆਂ ਲਈ ਮਜਬੂਰ ਹਨ। ਮੁਲਾਜ਼ਮ ਤੇ ਮਜਦੂਰ ਅਪਣੀਆਂ ਤਨਖਾਹਾਂ ਤੇ ਹੋਰ ਮੰਗਾਂ ਨੂੰ ਲੈ ਕੇ ਹਰ ਰੋਜ਼ ਧਰਨੇ ਦੇਣ ਅਤੇ ਪੁਲੀਸ ਦੀਆਂ ਡਾਂਗਾਂ ਝੱਲ ਰਹੇ ਨੇ। ਬੇਰੁਜ਼ਗਾਰਾਂ ਨੂੰ ਕੈਪਟਨ ਅਮਰਿੰਦਰ ਸਿੰਘ ਨੇ ਚੋਣਾਂ ਤੋਂ ਪਹਿਲੇ ਵਾਅਦਿਆਂ ਦੇ ਜਿਹੜੇ ਛੁਣਛੁਣੇ ਹੱਥਾਂ 'ਚ ਫੜਾਏ ਸਨ, ਉਹ ਖੜਕਣੋਂ ਹਟ ਗਏ ਨੇ। ਵਿਰੋਧੀ ਪਾਰਟੀਆਂ ਕੋਲ ਅਪਣੇ ਆਪ ਨੂੰ ਪੰਜਾਬ ਅਤੇ ਇਸਦੇ ਲੋਕਾਂ ਦਾ ਸਭ ਤੋਂ ਵੱਡਾ ਹਿਤੈਸ਼ੀ ਵਿਖਾਉਣ ਵਾਸਤੇ ਅਖ਼ਬਾਰੀ ਬਿਆਨ ਬਾਜ਼ੀ ਤੋਂ ਬਗੈਰ ਕੁਝ ਕਰਨ/ਕਰਾਉਣ ਲਈ ਨਜ਼ਰ ਨਹੀਂ ਆਉਂਦਾ।

ਇਸ ਵੇਲੇ ਰਾਜ ਵਿੱਚ ਹੋਣ ਵਾਲੀਆਂ ਮਿਉਂਸਪਲ ਚੋਣਾਂ ਨੇ ਰਾਜਸੀ ਅਖ਼ਾੜਾ ਕਾਫ਼ੀ ਮਘਾਇਆ ਹੋਇਆ ਹੈ। ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਦੀ ਅਫ਼ਸਰਸ਼ਾਹੀ ਅਤੇ ਕਾਂਗਰਸ ਪਾਰਟੀ ਦਾ ਪੂਰਾ ਜ਼ੋਰ ਚੋਣਾਂ ਵਿੱਚ ਇਤਿਹਾਸਕ ਜਿੱਤ ਦਰਜ ਕਰਾਉਣ ਲਈ ਕਾਗਜ਼ੀ ਹੇਰਾਫੇਰੀਆਂ ਅਤੇ ਵਿਰੋਧੀਆਂ ਨਾਲ ਵਧੀਕੀਆਂ ਕਰਨ ਉੱਤੇ ਲੱਗਾ ਹੋਇਆ ਹੈ। ਵੈਸੇ ਜੋ ਕੁਝ ਕੀਤਾ/ਕਰਾਇਆ ਜਾ ਰਿਹਾ ਹੈ, ਉਹ ਨਵਾਂ ਜਾਂ ਹੈਰਾਨਕੁਨ ਨਹੀਂ। ਪਿਛਲੇ ਹੁਕਮਰਾਨ ਵੀ ਅਜਿਹਾ ਕਰਨ ਵਿੱਚ ਕਿਸੇ ਤੋਂ ਪਿੱਛੇ ਨਹੀਂ ਸਨ। ਕਾਂਗਰਸ ਤੇ ਅਕਾਲੀ ਦੋਵਾਂ ਦਾ ਮੁੱਖ ਨਿਸ਼ਾਨਾ ਆਮ ਆਦਮੀ ਪਾਰਟੀ ਹੈ ਜਿਸਨੇ ਇਸ ਸਾਲ ਦੇ ਸ਼ੁਰੂ ਵਿੱਚ ਹੋਈਆਂ ਚੋਣਾਂ 'ਚ ਅਕਾਲੀਆਂ ਨੂੰ ਪਛਾੜ ਕੇ ਵਿਰੋਧੀ ਧਿਰ ਦਾ ਰੁਤਬਾ ਪ੍ਰਾਪਤ ਕੀਤਾ। ਸਿਤਮ ਇਹ ਕਿ ਅੱਗੋਂ ਇਸ ਪਾਰਟੀ ਦੇ ਤੱਤੇ ਆਗੂ ਅਪਣੇ ਸਿਰੀਂ ਛੇਤੀ ਤੋਂ ਛੇਤੀ ਸਿਆਸੀ ਤਾਜ ਸਜਾਉਣ ਲਈ ਇੱਕ ਦੂਜੇ ਨੂੰ ਠਿੱਬੀ ਮਾਰਨ ਦੀ ਖੇਡ ਖੇਡਣ ਵਿੱਚ ਅਜਿਹਾ ਉਲਝੇ ਹਨ ਕਿ ਪੰਜਾਬ ਦੇ ਬਹੁਤੇ ਲੋਕ ਜਿਸ ਪਾਰਟੀ ਨੂੰ ਕਿਸੇ ਮੌਕੇ ਅਪਣੀ ਸਮਝ ਸਭ ਕੁਝ ਵਾਰਨ ਨੂੰ ਤਿਆਰ ਸਨ, ਹੁਣ ਉਸਤੋਂ ਨਿਰਾਸ਼ ਹੋ ਰਹੇ ਹਨ।

ਦੂਜੇ ਪਾਸੇ ਚੇਤੰਨ ਲੋਕ ਇਸ ਗੱਲੋਂ ਹੈਰਾਨ ਹਨ ਕਿ ਅਕਾਲੀ ਦਲ ਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਉਸਦੇ ਜਰਨੈਲ ਇਸ ਸਿਆਸੀ ਰਾਮ ਰੌਲੇ ਦੌਰਾਨ ਦਮਗਜ਼ੇ ਮਾਰਨ ਦੇ ਬਾਵਜੂਦ ਅਪਣੇ ਤੀਰ ਮੁੱਖ ਮੰਤਰੀ ਅਮਰਿੰਦਰ ਸਿੰਘ ਵਲ ਚਲਾਉਣ ਤੋਂ ਪੂਰੀ ਤਰ੍ਹਾਂ ਗੁਰੇਜ਼ ਕਰਦੇ ਹਨ। ਸਿਆਸੀ ਹਲਕਿਆਂ 'ਚ ਚੁੰਝ ਚਰਚਾ ਤੇਜ ਹੈ ਕਿ ਬਾਦਲਾਂ ਤੇ ਪਟਿਆਲੇ ਵਾਲੇ ਰਾਜੇ ਵਿਚਾਲੇ ਜਿਹੜਾ ਦੋਸਤਾਨਾ ਸਿਆਸੀ ਖੇਡ ਖੇਡਣ ਦਾ ਅੰਦਰਖਾਤੇ ਸਮਝੌਤਾ ਹੋਇਆ ਹੋਇਆ ਹੈ, ਇਹ ਉਸੇ ਰਣਨੀਤੀ ਦਾ ਪ੍ਰਗਟਾ ਹੈ। ਦੁੱਖ ਦੀ ਗੱਲ ਇਹ ਹੈ ਕਿ ਅਕਾਲੀਆਂ ਵਲੋਂ ਅਪਣੇ ਸਿਆਸੀ ਹਿੱਤਾਂ ਲਈ ਥਾਂ ਥਾਂ ਦਿੱਤੇ ਜਾਂਦੇ ਧਰਨਿਆਂ ਨੇ ਲੋਕਾਂ ਦਾ ਜਿਉਣਾ ਮੁਹਾਲ ਕੀਤਾ ਹੋਇਆ ਹੈ। ਆਮ ਲੋਕ ਅਕਾਲੀਆਂ ਵਲੋਂ ਧਰਨਿਆਂ ਦੇ ਨਾਂਅ ਹੇਠ ਸੜਕਾਂ ਉੱਤੇ ਆਵਾਜਾਈ ਰੋਕ ਕੇ ਬਾਘੀਆਂ ਪਾਉਣ ਕਾਰਨ ਪ੍ਰੇਸ਼ਾਨ ਹਨ ਤੇ ਸੂਝਵਾਨ ਪੰਜਾਬੀ ਇਸ ਗੱਲੋਂ ਹੈਰਾਨ ਕਿ ਅਕਾਲੀ ਦਲ ਵੱਲੋਂ ਜੇਲ੍ਹਾਂ ਭਰ ਦੇਣ ਦੇ ਐਲਾਨੇ ਪ੍ਰੋਗਰਾਮ ਦਾ ਲੋਕਾਂ ਦੇ ਮਸਲਿਆਂ ਨਾਲ ਕੀ ਵਾਸਤਾ ਹੈ। ਸਿਆਸਤਦਾਨ ਸੱਤਾ 'ਚ ਹੋਣ ਜਾਂ ਸੱਤਾ ਤੋਂ ਬਾਹਰ ਇਨ੍ਹਾਂ ਨੂੰ ਵੋਟਾਂ ਮੰਗਣ ਦੇ ਦਿਨਾਂ ਤੋਂ ਬਿਨ੍ਹਾਂ ਲੋਕਾਂ ਦੀ ਕੱਦ ਪ੍ਰਵਾਹ ਹੁੰਦੀ ਹੈ। ਲਗਾਤਾਰ ਦੋ ਵਾਰ ਪੰਜਾਬ ਵਿੱਚ ਅਪਣੀ ਸਰਕਾਰ ਵੇਲੇ ਲੋਕਾਂ ਨੂੰ ਕੁਟਣ ਤੇ ਲੁਟਣ ਵਾਲਾ ਬਾਦਲ ਲਾਣਾ ਹੁਣ ਜਿਹੜੀ 1.20 ਲੱਖ ਵਰਕਰਾਂ ਦੀ 'ਫੌਜ' ਖੜ੍ਹੀ ਕਰਨ ਦੀ ਤਿਆਰੀ ਵਿੱਚ ਹੈ, ਉਹ ਸੁਖਬੀਰ ਦੇ ਉਸ ਹਰਾਵਲ ਦਸਤੇ ਤੋਂ ਕਿਵੇਂ ਵੱਖਰੀ ਹੋਵੇਗੀ, ਜਿਸਦੇ ਕਾਰਕੁਨ 10 ਸਾਲ ਰੇਤਾ, ਬਜਰੀ, ਠੇਕੇ, ਕਾਰੋਬਾਰ ਇੱਥੋਂ ਕਿ ਸਾਈਕਲ ਸਟੈਂਡਾਂ ਉੱਤੇ ਕਬਜ਼ਿਆਂ ਤੱਕ ਕਰਕੇ ਜਿੱਥੋਂ ਵੀ ਸੰਭਵ ਹੋਇਆ ਦੋਵੀਂ ਹੱਥੀਂ ਲੁੱਟ ਕਰਦੇ ਤੇ ਦਸਵੰਧ ਤੋਂ ਕਿਸੇ ਵੱਧ ਹਿੱਸਾ ਪੂਰੀ ਈਮਾਨਦਾਰੀ ਨਾਲ ਨਿਰਵਘਣ ਬਾਦਲਾਂ ਦੇ ਗਰੀਬਖ਼ਾਨੇ ਪਹੁੰਚਾਉਂਦੇ ਰਹੇ। ਜਿਹੜਾ ਕੁਝ ਬਾਦਲਾਂ ਨੇ ਕੀਤਾ ਕੈਪਟਨ, ਉਸਦੇ ਸਲਾਹਕਾਰ ਤੇ ਕਾਂਗਰਸੀ ਆਗੂ ਉਸਤੋਂ ਘੱਟ ਨਹੀਂ ਗੁਜ਼ਾਰ ਰਹੇ।

ਮਿਰਜ਼ਾ ਗ਼ਾਲਿਬ ਦੇ ਸ਼ਬਦਾਂ ***'ਹੋਤਾ ਹੈ ਦਿਨ ਰਾਤ, ਤਮਾਸ਼ਾ ਮੇਰੇ ਆਗੇ'*** ਵਾਲੀ ਸਿਆਸੀ ਸਥਿੱਤੀ ਵਿੱਚ ਲੋਕਾਂ ਦਾ ਚੁੱਪ ਤੇ ***'ਦੜ ਵੱਟ ਜ਼ਮਾਨਾ ਖੱਟ'*** ਵਾਲਾ ਰਵੱਈਆ ਸ਼ੰਕੇ ਤੇ ਸੰਸੇ ਖੜ੍ਹੇ ਕਰਦਾ ਹੈ ਕਿ ਇਨ੍ਹਾਂ ਸਿਆਸੀ ਧਾੜਵੀਆਂ ਨੂੰ ਜੇ ਇਉਂ ਹੀ ਖੁਲ੍ਹ ਖੇਡ ਖੇਡਣ ਦਿੱਤੀ ਜਾਂਦੀ ਰਹੀ ਤਾਂ ਫਿਰ ਪੰਜਾਬ ਦਾ ਅੱਲ੍ਹਾ ਬੇਲੀ।

# 'ਵੰਦੇ ਮਾਤਰਮ' ਦਾ ਅਸਲੀ ਸੱਚ ਤੇ ਸਾਰ-ਅੰਸ਼

**ਬੰਕਿਮ ਚੈਟਰਜੀ ਦੇ ਨਾਵਲ 'ਅਨੰਦ ਮੱਠ' ਦੀ ਕਾਲਪਨਿਕ ਕਹਾਣੀ ਸੰਨ 1769 ਤੋਂ ਸ਼ੁਰੂ ਹੁੰਦੀ ਹੈ ਜਦ ਬੰਗਾਲ ਪ੍ਰੈਜੀਡੈਂਸੀ ਉੱਤੇ ਨਵਾਬ ਮੁਹੰਮਦ ਰੇਜ਼ਾ ਖਾਨ ਦਾ ਰਾਜ ਹੈ ਪਰ ਲੋਕਾਂ ਤੋਂ ਟੈਕਸ ਉਗਰਾਹੁਣ ਦਾ ਕੰਮ ਅੰਗਰੇਜ਼ਾਂ ਦੀ ਜੌਹਨ ਕੰਪਨੀ (ਈਸਟ ਇੰਡੀਆ ਕੰਪਨੀ ਦਾ ਬਦਲਵਾਂ ਨਾਂਅ) ਕਰਦੀ ਹੈ। ਇੱਕ ਰਾਤ ਹਿੰਦੂ ਸਨਿਆਸੀ ਇਕੱਤਰ ਹੋ ਕੇ 'ਵੰਦੇ ਮਾਤਰਮ' ਦੇ ਨਾਅਰੇ ਮਾਰਦੇ ਹੋਏ ਆਮ ਮੁਸਲਮਾਨਾਂ ਦਾ ਕਤਲੇਆਮ ਸ਼ੁਰੂ ਕਰ ਦਿੰਦੇ ਹਨ ਤੇ ਉਹ ਨਵਾਬ ਦਾ ਰਾਜ ਖਤਮ ਕਰਕੇ ਰਾਜ ਅੰਗਰੇਜਾਂ ਦੇ ਹੱਥ ਸੌਂਪ ਦਿੰਦੇ ਹਨ। ਉਸ ਸਮੇਂ ਤੋਂ ਹੀ 'ਵੰਦੇ ਮਾਤਰਮ' ਦਾ ਨਾਅਰਾ ਮੁਸਲਮਾਨ ਭਾਈਚਾਰੇ ਲਈ ਤੋਹੀਨ ਦਾ ਵਿਸ਼ਾ ਬਣਿਆ ਹੋਇਆ ਹੈ ਤੇ ਹਿੰਦੂ ਰਾਸ਼ਟਰਵਾਦੀਆਂ ਲਈ ਤਾਕਤ ਅਤੇ ਪ੍ਰੇਰਨਾ ਦਾ ਸਰੋਤ। 'ਵੰਦੇ ਮਾਤਰਮ' ਅਸਲ ਵਿਚ ਦੁਰਗਾ ਮਾਤਾ ਦੀ ਉਸਤਤ ਵਿਚ ਗਾਈ ਗਈ ਭੇਟਾ ਹੈ, ਜਿਸ ਦਾ ਅਰਥ ਹੈ ਮਾਂ ਤੈਨੂੰ ਪ੍ਰਨਾਮ ।**




**ਰਾਜਵਿੰਦਰ ਸਿੰਘ ਰਾਹੀ**
(ਫੋਨ : 98157-51332)

ਦਿੱਲੀ ਵਿਚ ਦਿਆਲ ਸਿੰਘ ਕਾਲਜ ਦਾ ਨਾਂਅ "ਵੰਦੇ ਮਾਤਰਮ ਮਹਾਂਵਿਦਿਆਲਾ" ਰੱਖ ਦੇਣ ਨਾਲ 'ਵੰਦੇ ਮਾਤਰਮ' ਬਾਰੇ ਇੱਕ ਵਾਰ ਫਿਰ



ਚਰਚਾ ਸ਼ੁਰੂ ਹੋ ਗਈ ਹੈ। ਪਰ 'ਵੰਦੇ ਮਾਤਰਮ' ਦਾ ਜਨਮ ਕਦੋਂ, ਕਿਹੜੀ ਕੁੱਖ ਵਿਚੋਂ, ਤੇ ਕਿਹੜੀ ਦਾਈ ਦੇ ਹੱਥੋਂ ਹੋਇਆ ਸੀ ਅਤੇ ਇਸ ਦੀ ਪਰਵਰਸ਼ ਕਿਹੋ ਜਿਹੇ ਸੱਭਿਆਚਾਰਕ ਤੇ ਰਾਜਸੀ ਮਾਹੌਲ ਵਿਚ ਹੋਈ ਸੀ ਦੀ ਜਾਣਕਾਰੀ ਵਗ਼ੈਰ ਪੂਰਾ ਸੱਚ ਸਮਝਿਆ ਨਹੀਂ ਜਾ ਸਕਦਾ। ਇਹ ਗੀਤ ਬੰਗਾਲੀ ਦੇ ਮਸ਼ਹੂਰ ਲੇਖਕ ਬੰਕਿਮ ਚੰਦਰ ਚੈਟਰਜੀ ਵਲੋਂ ਲਿਖਿਆ ਗਿਆ ਹੈ। ਬੰਕਿਮ ਚੰਦਰ ਦਾ ਜਨਮ 27 ਜੂਨ, 1838 'ਚ ਹੋਇਆ ਜਦ ਆਧੁਨਿਕ ਭਾਰਤ ਦੇ ਪਿਤਾਮਾ ਕਹੇ ਜਾਣ ਵਾਲੇ ਤੇ 'ਬ੍ਰਹਮੋ ਸਮਾਜ' ਦੇ ਸੰਸਥਾਪਕ ਰਾਜਾ ਰਾਮ ਮੋਹਨ ਰਾਏ ਨੂੰ ਕਾਲ ਵੱਸ ਹੋਇਆਂ ਪੰਜ ਸਾਲ ਬੀਤ ਚੁੱਕੇ ਸਨ। ਬੰਕਿਮ ਚੰਦਰ ਨੇ 1856 ਵਿਚ ਪ੍ਰੈਜੀਡੈਂਸੀ ਕਾਲਜ ਕਲਕੱਤਾ ਵਿਚ ਬੀ.ਏ. 'ਚ ਦਾਖਲਾ ਲਿਆ ਤੇ 1858 ਵਿਚ ਨਵੀਂ ਬਣੀ ਕਲਕੱਤਾ ਯੂਨੀਵਰਸਿਟੀ 'ਚੋਂ ਪਹਿਲੇ ਨੰਬਰ 'ਤੇ ਆਉਣ ਵਾਲੇ ਦੋ ਵਿਦਿਆਰਥੀਆਂ ਵਿਚੋਂ ਉਹ ਇਕ ਸਨ। ਇਸ ਤੋਂ ਬਾਅਦ ਉਹ ਡਿਪਟੀ ਮੈਜਿਸਟਰੇਟ ਨਿਯੁਕਤ ਹੋ ਗਿਆ। 1865 ਵਿਚ ਬੰਕਿਮ ਨੇ ਬੰਗਲਾ ਭਾਸ਼ਾ ਦਾ ਪਹਿਲਾ ਨਾਵਲ 'ਦੁਰਗੇਸ਼ ਨੰਦਨੀ' ਲਿਖਿਆ। ਬੰਗਲਾ ਦਾ ਹੀ ਪਹਿਲਾ ਆਧੁਨਿਕ ਰਸਾਲਾ 'ਬੰਗ ਦਰਸ਼ਨ' ਸ਼ੁਰੂ ਕਰਕੇ ਸੰਪਾਦਿਤ ਕੀਤਾ। 1870 ਵਿਚ ਉਸ ਵਲੋਂ ਸੰਸਕ੍ਰਿਤ ਤੇ ਬੰਗਲਾ ਭਾਸ਼ਾ ਦਾ ਮਿਲਗੋਭਾ 'ਵੰਦੇ ਮਾਤਰਮ' ਗੀਤ ਲਿਖਿਆ ਗਿਆ ਤੇ 1882 ਵਿਚ ਉਸ ਦਾ ਨਾਵਲ 'ਅਨੰਦ ਮੱਠ' ਪ੍ਰਕਾਸ਼ਤ ਹੋਇਆ, ਜਿਸ ਵਿਚ ਇਹ ਗੀਤ, ਪਾਤਰਾਂ ਦੇ ਮੁੱਖ ਗੀਤ ਵਜੋਂ ਫਿੱਟ ਕੀਤਾ ਗਿਆ। ਉਸ ਨੇ 14 ਨਾਵਲ ਲਿਖਣ ਤੋਂ ਇਲਾਵਾ ਧਾਰਮਿਕ, ਦਾਰਸ਼ਨਿਕ ਤੇ ਸਮਾਜਿਕ ਵਿਸ਼ਿਆਂ 'ਤੇ ਦਰਜਨਾਂ ਹੀ ਲੇਖ ਲਿਖੇ ਸਨ ਜਿਹਨਾਂ ਵਿਚ ਉਸ ਦੀ ਪੁਸਤਕ 'ਮਾਈ ਦੁਰਗਾ ਪੂਜਾ' ਵੀ ਆ ਜਾਂਦੀ ਹੈ।

ਹਿੰਦੂ ਰਾਸ਼ਟਰਵਾਦੀਆਂ ਵਲੋਂ ਬੰਕਿਮ ਚੰਦਰ ਨੂੰ ਆਧੁਨਿਕ ਰਾਸ਼ਟਰਵਾਦ ਦਾ ਪਿਤਾਮਾ ਮੰਨਿਆ ਜਾਂਦਾ ਹੈ। ਉਹ ਤਮਾਮ ਉਮਰ ਆਪਣੀਆਂ ਰਚਨਾਵਾਂ ਵਿਚ ਸਮੂਹ ਮੁਸਲਮ ਭਾਈਚਾਰੇ ਪ੍ਰਤੀ ਘੋਰ ਨਫਰਤ ਫੈਲਾਉਂਦਾ ਰਿਹਾ ਸੀ ਤੇ ਹਿੰਦੂ ਅਤੀਤ ਨੂੰ ਸੁਰਜੀਤ ਕਰਨ ਦਾ ਪ੍ਰਚਾਰ ਕਰਦਾ ਰਿਹਾ ਸੀ। ਉਸ ਦੇ ਇਹਨਾਂ ਵਿਚਾਰਧਾਰਕ ਝੁਕਾਵਾਂ ਬਾਰੇ ਬੰਗਾਲ ਦੇ ਸਾਰੇ ਬੁੱਧੀਜੀਵੀ ਇਕਮੱਤ ਹਨ। ਬੰਗਾਲੀ ਦੇ ਮਸ਼ਹੂਰ ਅੰਗਰੇਜ਼ੀ ਲੇਖਕ ਨਿਰਾਦ ਸੀ. ਚੌਧਰੀ ਅਨੁਸਾਰ : "ਬੰਕਿਮ ਚੰਦਰ ਚੈਟਰਜੀ... ਮਹਾਨ ਹਿੰਦੂ ਬੁੱਧਜੀਵੀਆਂ ਵਿਚੋਂ ਇਕ ਹੈ, ਜਿਸ ਦੀ ਸ਼ਾਇਦ ਸਮੁੱਚੇ ਹਿੰਦੂ ਅਤੀਤ ਵਿਚ ਸਿਰਫ ਮਹਾਨ ਸ਼ੰਕਰ (ਅਚਾਰੀਆ) ਨਾਲ ਬਰਾਬਰੀ ਕੀਤੀ ਜਾ ਸਕਦੀ ਹੈ।"

ਬੰਕਿਮ ਚੰਦਰ ਦੇ ਮਨ ਵਿਚ ਮੁਸਲਮਾਨਾਂ ਪ੍ਰਤੀ ਕਿੰਨੀ ਨਫ਼ਰਤ ਭਰੀ ਹੋਈ ਸੀ, ਇਸ ਦਾ ਅੰਦਾਜ਼ਾ ਨਿਰਾਦ ਚੌਧਰੀ ਦੇ ਹੇਠ ਲਿਖੇ ਕਥਨ ਤੋਂ ਲਾਇਆ ਜਾ ਸਕਦਾ ਹੈ :

"ਬੰਕਿਮ ਚੈਟਰਜੀ ਅਤੇ ਰਮੇਸ਼ ਚੰਦਰਾ ਦੱਤ ਨੇ ਆਪਣੇ ਇਤਿਹਾਸਕ ਰੋਮਾਂਸ ਵਿਚ, ਮੁਸਲਮਾਨ ਸ਼ਾਸਨ ਵਿਰੁੱਧ ਹਿੰਦੂ ਵਿਦਰੋਹ ਦੀ ਜੈ-ਜੈਕਾਰ ਕੀਤੀ ਹੈ ਅਤੇ ਮੁਸਲਮਾਨਾਂ ਨੂੰ ਨੀਚ ਦਿਖਾਇਆ ਹੈ। ਚੈਟਰਜੀ ਤਾਂ ਜ਼ਿੱਦੀ ਤੇ ਕਰੋਧੀ ਢੰਗ ਨਾਲ ਮੁਸਲਮ ਵਿਰੋਧੀ ਸੀ।"

ਬੰਕਿਮ ਚੰਦਰ ਚੈਟਰਜੀ ਵਲੋਂ ਹਿੰਦੂ ਅਤੀਤ ਦੀ ਜੋ ਜੈ-ਜੈਕਾਰ ਕੀਤੀ ਜਾਂਦੀ ਸੀ, ਮੁਲਕ ਰਾਜ ਅਨੰਦ ਵਲੋਂ ਫਰਵਰੀ 1928 ਵਿਚ ਕੀਤੀ ਇਕ ਮੁਲਾਕਾਤ ਦੌਰਾਨ ਰਵਿੰਦਰ ਨਾਥ ਟੈਗੋਰ ਨੇ ਉਸ ਦਾ ਪ੍ਰਸ਼ੰਸਾ ਭਰੇ ਲਹਿਜ਼ੇ ਵਿਚ ਇਸ ਤਰਾਂ ਜ਼ਿਕਰ ਕੀਤਾ ਹੈ :

"ਬੰਕਿਮ ਚੈਟਰਜੀ ਕੁੱਝ ਕੁੱਝ ਰਾਮ ਮੋਹਨ ਰਾਏ ਨਾਲ ਮਿਲਦਾ ਹੈ। ਰਾਮ ਮੋਹਨ ਰਾਏ ਹਿੰਦੂਵਾਦ ਨੂੰ ਢਹਿੰਦੀ ਕਲਾ ਵਿਚੋਂ ਕੱਢਣ ਲਈ ਵੇਦਾਂ ਦੀ ਬ੍ਰਹਿਮੰਡੀ ਫਿਲਾਸਫੀ ਲਿਆਉਣਾ ਚਾਹੁੰਦਾ ਸੀ, ਜਦਕਿ ਬੰਕਿਮ ਅਜੋਕੇ ਹਿੰਦੂਵਾਦ ਵਿਚ ਸੁਧਾਰਾਂ ਲਈ ਯਤਨਸ਼ੀਲ ਸੀ।"

ਬੰਕਿਮ ਚੰਦਰ ਚਾਹੁੰਦਾ ਸੀ ਕਿ ਜੇਕਰ ਯੂਰਪੀਅਨ ਸਾਇੰਸ ਅਤੇ ਮਕੈਨੀਕਲ ਸ਼ਿਲਪ ਦਾ ਭਾਰਤ ਦੀ ਦਾਰਸ਼ਨਿਕ ਵਿਚਾਰਧਾਰਾ ਨਾਲ ਮੇਲ ਹੋ ਜਾਵੇ ਤਾਂ ਮਨੁੱਖ ਰੱਬ ਬਣ ਜਾਵੇਗਾ। ਉਸ ਦੀ ਇਸੇ ਫਿਲਾਸਫੀ ਵਿਚੋਂ ਹੀ ਅੰਗਰੇਜ਼ਾਂ ਨਾਲ ਦੋਸਤੀ ਤੇ ਮੁਸਲਮਾਨਾਂ ਪ੍ਰਤੀ ਨਫਰਤ ਨਿਕਲਦੀ ਸੀ। ਆਪਣੇ ਨਾਵਲ 'ਅਨੰਦ ਮੱਠ' ਵਿਚ ਉਹ ਇਸੇ ਫਿਲਾਸਫੀ ਦਾ ਪ੍ਰਚਾਰ ਕਰਦਾ ਹੈ। ਅਰਵਿੰਦੋ ਘੋਸ਼ ਨੇ ਬੰਕਿਮ ਚੰਦਰ ਨੂੰ ਰਾਸ਼ਟਰਵਾਦ ਦਾ ਰਿਸ਼ੀ ਕਿਹਾ ਹੈ।

'ਅਨੰਦ ਮੱਠ' ਦਾ ਸੰਖੇਪ ਸਾਰ ਅੰਸ਼

ਬੰਕਿਮ ਚੈਟਰਜੀ ਦੇ ਨਾਵਲ 'ਅਨੰਦ ਮੱਠ' ਦੀ ਕਾਲਪਨਿਕ ਕਹਾਣੀ ਸੰਨ 1769 ਤੋਂ ਸ਼ੁਰੂ ਹੁੰਦੀ ਹੈ ਜਦ ਬੰਗਾਲ ਪ੍ਰੈਜੀਡੈਂਸੀ ਉੱਤੇ ਨਵਾਬ ਮੁਹੰਮਦ ਰੇਜ਼ਾ ਖਾਨ ਦਾ ਰਾਜ ਹੈ ਪਰ ਲੋਕਾਂ ਤੋਂ ਟੈਕਸ ਉਗਰਾਹੁਣ ਦਾ ਕੰਮ ਅੰਗਰੇਜ਼ਾਂ ਦੀ ਜੌਹਨ ਕੰਪਨੀ (ਈਸਟ ਇੰਡੀਆ ਕੰਪਨੀ ਦਾ ਬਦਲਵਾਂ ਨਾਂਅ) ਕਰਦੀ ਹੈ। ਇੱਕ ਰਾਤ ਹਿੰਦੂ ਸਨਿਆਸੀ ਇਕੱਤਰ ਹੋ ਕੇ 'ਵੰਦੇ ਮਾਤਰਮ' ਦੇ ਨਾਅਰੇ ਮਾਰਦੇ ਹੋਏ ਆਮ ਮੁਸਲਮਾਨਾਂ ਦਾ ਕਤਲੇਆਮ ਸ਼ੁਰੂ ਕਰ ਦਿੰਦੇ ਹਨ ਤੇ ਉਹ ਨਵਾਬ ਦਾ ਰਾਜ ਖਤਮ ਕਰਕੇ ਰਾਜ ਅੰਗਰੇਜਾਂ ਦੇ ਹੱਥ ਸੌਂਪ ਦਿੰਦੇ ਹਨ। ਉਸ ਸਮੇਂ ਤੋਂ ਹੀ 'ਵੰਦੇ ਮਾਤਰਮ' ਦਾ ਨਾਅਰਾ ਮੁਸਲਮਾਨ ਭਾਈਚਾਰੇ ਲਈ ਤੋਹੀਨ ਦਾ ਵਿਸ਼ਾ ਬਣਿਆ ਹੋਇਆ ਹੈ ਤੇ ਹਿੰਦੂ ਰਾਸ਼ਟਰਵਾਦੀਆਂ ਲਈ ਤਾਕਤ ਅਤੇ ਪ੍ਰੇਰਨਾ ਦਾ ਸਰੋਤ। 'ਵੰਦੇ ਮਾਤਰਮ' ਅਸਲ ਵਿਚ ਦੁਰਗਾ ਮਾਤਾ ਦੀ ਉਸਤਤ ਵਿਚ ਗਾਈ ਗਈ ਭੇਟਾ ਹੈ, ਜਿਸ ਦਾ ਅਰਥ ਹੈ ਮਾਂ ਤੈਨੂੰ ਪ੍ਰਨਾਮ ।

ਇਹ ਗੁੰਝਲ ਅਤੇ ਅੜਾਉਣੀ ਵੀ ਕੋਈ ਘੱਟ ਦਿਲਚਸਪ ਨਹੀਂ ਹੈ ਕਿ ਜੇਕਰ ਇਹ ਨਾਵਲ ਅੰਗਰੇਜ਼ਾਂ ਦਾ ਰਾਜ ਸਥਾਪਤ ਕਰਨ ਦੀ ਗੱਲ ਕਰਦਾ ਹੈ ਤਾਂ ਅੰਗਰੇਜ਼ਾਂ ਨੂੰ ਕੱਢਣ ਲਈ ਸੰਘਰਸ਼ ਕਰ ਰਹੇ ਬੰਗਾਲ ਦੇ ਹਥਿਆਰਬੰਦ ਹਿੰਦੂ ਰਾਸ਼ਟਰਵਾਦੀਆਂ ਵਲੋਂ ਇਸ ਨਾਵਲ ਅਤੇ 'ਵੰਦੇ ਮਾਤਰਮ' ਗੀਤ ਨੂੰ ਆਪਣਾ ਮਾਰਗ ਦਰਸ਼ਕ ਕਿਉਂ ਤੇ ਕਿਸ ਲਈ ਬਣਾਇਆ ਗਿਆ? ਬੰਗਾਲ ਵਿਚ 1905 ਵਿਚ ਹਿੰਦੂ ਰਾਸ਼ਟਰਵਾਦੀਆਂ ਦੇ ਦੋ ਗਰੁੱਪ ਕੰਮ ਕਰ ਰਹੇ ਸਨ। 'ਅਨੁਸ਼ੀਲਨ ਸੰਮਤੀ' ਅਤੇ 'ਵਿਪਲਵੀ ਅਥਵਾ ਯੁਗਾਂਤਰ' ਗਰੁੱਪ ਵਾਲੇ। ਦੋਵਾਂ ਦਾ ਹੀ ਨਾਅਰਾ 'ਵੰਦੇ ਮਾਤਰਮ' ਸੀ ਤੇ ਦੋਵਾਂ ਦਾ ਹੀ ਮਾਰਗ ਦਰਸ਼ਕ 'ਅਨੰਦ ਮੱਠ' ਸੀ। 'ਵਿਪਲਵੀ' ਗਰੁੱਪ ਦੇ ਮੁੱਖ ਪਰਚੇ ਦਾ ਨਾਂਅ ਹੀ 'ਵੰਦੇ ਮਾਤਰਮ' ਸੀ ਜਿਸ ਨੂੰ ਅਰਬਿੰਦੋ ਘੋਸ਼ ਵਲੋਂ ਸੰਪਾਦਿਤ ਕੀਤਾ ਜਾਂਦਾ ਸੀ। 1907 ਵਿਚ ਜਦ ਸਰਕਾਰ ਵਲੋਂ 'ਵੰਦੇ ਮਾਤਰਮ' ਨੂੰ 'ਦੇਸ਼ ਧਰੋਹ' ਦੇ ਦੋਸ਼ ਵਿਚ ਜ਼ਬਤ ਕਰ ਲਿਆ ਗਿਆ ਤਾਂ ਅਰਬਿੰਦੋ ਘੋਸ਼ ਵਲੋਂ ਨਵਾਂ ਪਰਚਾ 'ਸੰਧਿਆ' ਕੱਢਿਆ ਗਿਆ, ਜਿਸ ਵਿਚ ਉਸ ਨੇ ਪਾਠਕਾਂ ਨੂੰ ਅਪੀਲ ਕੀਤੀ ਕਿ ' ਉਹ 'ਵੰਦੇ ਮਾਤਰਮ' ਨੂੰ ਆਪਣਾ ਰਾਸ਼ਟਰੀ ਗੀਤ ਸਮਝਣ ਤੇ 'ਅਨੰਦ ਮੱਠ' ਵਿਚ ਦਰਸਾਏ ਗਏ ਆਦਰਸ਼ਾਂ ਦਾ ਪਾਲਣ ਕਰਨ।' ਇਸ ਪਰਚੇ ਵਿਚ ਹੀ ਪਾਠਕਾਂ ਨੂੰ ਕਿਹਾ ਗਿਆ ਸੀ ਕਿ 'ਹਰ ਸ਼ਹਿਰ ਅਤੇ ਹਰ ਪਿੰਡ ਵਿਚ 'ਅਨੰਦ ਮੱਠ' ਦੀ ਸਥਾਪਨਾ ਕੀਤੀ ਜਾਵੇ... ਤਾਂ ਮਾਤਾ ਦਾ ਨਾਂਅ ਸਪਤਕੋਟੀ ਕੰਠ ਨਾਲ ਗੂੰਜੇਗਾ ਤੇ ਹਰ ਪਾਸਿਓਂ 'ਵੰਦੇ ਮਾਤਰਮ' ਦੀ ਆਵਾਜ਼ ਆਵੇਗੀ।'

ਇਸ ਗੀਤ ਨੂੰ ਹਰਮਨ ਪਿਆਰਤਾ ਉਸ ਵਕਤ 1905 ਵਿਚ ਮਿਲਣੀ ਸ਼ੁਰੂ ਹੋਈ ਜਦ ਵਾਇਸਰਾਏ ਲਾਰਡ ਕਰਜਨ ਵਲੋਂ ਬੰਗਾਲ ਵੰਡ ਦੇ ਵਿਰੋਧ ਵਜੋਂ ਸਵਦੇਸੀ ਅਦੋਲਨਕਾਰੀ ਨੇ ਇਸ ਗੀਤ ਦੇ ਮੁਖੜੇ 'ਵੰਦੇ ਮਾਤਰਮ' ਨੂੰ ਇਕ ਨਾਅਰੇ ਦੇ ਤੌਰ ਤੇ ਅਪਣਾ ਲਿਆ। 1905 ਵਿਚ ਹੀ 'ਵੰਦੇ ਮਾਤਰਮ ਸੰਪਰਦਾ' ਦਾ ਗਠਨ ਕੀਤਾ ਗਿਆ। ਇਸੇ ਦੌਰਾਨ ਹੀ 'ਸਵਦੇਸ ਸੇਵਕ ਸੰਪਰਦਾ' ਦੀਆਂ ਟੋਲੀਆਂ ਇਸ ਗੀਤ ਨੂੰ ਪਿੰਡਾਂ ਵਿਚ ਘੁੰਮ ਫਿਰ ਕੇ ਗਾਉਣ ਲੱਗੀਆਂ। ਅਕਤੂਬਰ 1905 ਵਿਚ 'ਰਾਖੀ ਬੰਧਨ ' ਦੇ ਤਿਉਹਾਰ 'ਤੇ ਰਵਿੰਦਰ ਨਾਥ ਟਗੋਰ ਦੀ ਅਗਵਾਈ ਵਿਚ ਜੋ ਜਲੂਸ ਨਿਕਲਿਆ, ਉਸ ਵਿਚ ਇਹ ਗੀਤ ਗਾਇਆ ਗਿਆ, ਜਿਸ ਨਾਲ ਇਸ ਦੀ ਹਰਮਨ ਪਿਆਰਤਾ ਵਿਚ ਢੇਰ ਵਾਧਾ ਹੋਇਆ। ਟੈਗੋਰ ਨੇ 1880 ਵਿਚ ਹੀ ਇਸ ਗੀਤ ਦੀ ਤਰਜ ਬਣਾ ਲਈ ਸੀ ਜੋ ਬੰਕਿਮ ਚੰਦਰ ਦੀ ਹਾਜ਼ਰੀ ਵਿਚ ਗਾਈ ਗਈ ਸੀ। 1905 ਵਿਚ ਜਦ ਕਾਂਗਰਸ ਦੀ ਬਨਾਰਸ ਕਾਨਫਰੰਸ ਹੋਈ ਤਾਂ ਇਸ ਗੀਤ ਨੂੰ ਗੋਖਲੇ ਦੀ ਸਿਫਾਰਸ 'ਤੇ ਟੈਗੋਰ ਦੀ ਭਤੀਜੀ ਸਰਲਾ ਦੇਵੀ ਚੌਧਰਾਣੀ ਨੇ ਗਾਇਆ। ਤਾਂ ਉਸ ਨੇ ਅੰਤਲੇ ਸ਼ਬਦਾਂ ਵਿਚੋਂ ਸੱਤ ਕਰੋੜ ਭਾਰਤੀ ਹਟਾਅ ਕੇ ਤੀਹ ਕਰੋੜ ਕਰ ਦਿੱਤਾ , ਜਿਸ ਨਾਲ ਸਾਰਾ ਭਾਰਤ ਇਸ ਗੀਤ ਦੇ ਘੇਰੇ ਵਿਚ ਆ ਗਿਆ ਜਦ ਕਿ ਬੰਕਮ ਚੰਦਰ ਨੇ ਇਸ ਨੂੰ ਸਿਰਫ ਬੰਗਾਲ ਪ੍ਰੈਜੀਡੈਂਸ਼ੀ ਤੱਕ ਹੀ

**ਬਾਕੀ ਸਫ਼ਾ 32 'ਤੇ**

# ਪੰਜਾਬੀ ਮਾਂ-ਬੋਲੀ ਦੇ ਮਸਲੇ ਤੇ ਮਾਤਮ

**ਖ਼ੈਰਾਤਾਂ ਤੇ ਖ਼ੁਆਬ ਖਿਆਲੀਆਂ ਦੇ ਨਸ਼ੱਈ ਪੰਜਾਬ ਦੇ ਸਿਆਸਤਦਾਨ ਲਗਾਤਾਰ ਵਿਕਦੇ ਤੇ ਵਿਗੜਦੇ ਗਏ। ਦੀਨ, ਦੀਨਾਈ ਤੇ ਦਿਆਨਤਦਾਰੀ ਵਿਹੂਣੇ ਸੱਤਾਧਾਰੀ ਲੋਕ ਪੰਜਾਬ ਦੇ ਅੰਗ ਅੰਗ ਨੂੰ ਕਰਜ਼ਾਈ ਕਰਨ ਦੇ ਮੋਹਤਬਰ ਬਣੇ। ਕਰਜ਼ਾਈ ਬੰਦਾ ਕਰਮਸ਼ੀਲ ਤੇ ਕਮਾਊ ਨਹੀਂ ਹੋ ਸਕਦਾ। ਦਿਸ਼ਾਹੀਣ ਤੇ ਦਾਅਪੇਚਕ ਲੋਕਾਂ ਲਈ ਆਪਸ ਵਿੱਚ ਲੜਨਾ ਸੌਖਾ ਤੇ ਸੁਖਾਵਾਂ ਹੋ ਜਾਂਦਾ ਹੈ। ਆਪਸ ਵਿੱਚ ਲੜਨ ਲਈ ਅਸੀਂ ਕਾਫ਼ੀ ਮੁਹਾਰਤੀ ਹੋ ਗਏ ਹਾਂ। ਨਿੱਤ ਸਰਬੱਤ ਦੀ ਅਰਦਾਸ ਦਾ ਹੋਕਾ ਦੇਣ ਵਾਲੇ ਲੋਕ ਜਾਤਾਂ, ਟੱਬਰਾਂ, ਭਾਸ਼ਾਵਾਂ, ਨਸਲਾਂ, ਕੌਮਾਂ, ਪਰਿਵਾਰਾਂ ਤੇ ਧੜਿਆਂ ਵਿੱਚ ਪੂਰੀ ਤਰਤੀਬ ਤੇ ਤਾਕਤ ਨਾਲ ਵੰਡੇ ਗਏ ਹਾਂ। ਕਿਰਦਾਰ, ਕਰਮ ਤੇ ਕਾਬਲੀਅਤ ਬਿਨਾਂ ਨਵੀਆਂ ਪੀੜ੍ਹੀਆਂ ਨੇ ਸਾਡੇ ਆਸ਼ਕ ਨਹੀਂ ਬਣਨਾ। ਜਦੋਂ ਬੰਦੇ ਕੋਲ ਸੂਰਬੀਰਤਾ ਤੇ ਸੰਵੇਦਨਾ ਨਾ ਰਹੇ ਉਦੋਂ ਬੰਦਾ ਸ਼ਹੀਦੀਆਂ ਤੇ ਸ਼ਹਾਦਤਾਂ ਦੇ ਨਾਂ 'ਤੇ ਸਿਆਸਤ ਕਰਨ ਲੱਗ ਪੈਂਦਾ ਹੈ। ਸਾਡੇ ਬੋਲਣ ਤੇ ਲਿਖਣ ਦੀ ਆਜ਼ਾਦੀ ਨੂੰ ਧਮਕੀਆਂ ਮਿਲ ਰਹੀਆਂ ਹਨ। ਸਾਡੀ ਆਵਾਜ਼ ਨੀਵੀਂ ਤੇ ਨਿਰਜਿੰਦ ਹੋ ਗਈ ਹੈ। ਕਮਦਿਲ ਤੇ ਕਮਜ਼ੋਰ ਆਵਾਜ਼ਾਂ ਸਮੂਹ ਆਵਾਜ਼ ਬਣ ਕੇ ਪੂਰੇ ਵਜ਼ਨ ਤੇ ਵਫ਼ਾਦਾਰੀ ਨਾਲ ਆਪਣੇ ਹੱਕ ਨਹੀਂ ਮੰਗ ਰਹੀਆਂ।**

**ਪ੍ਰੋ. ਕੁਲਵੰਤ ਸਿੰਘ ਔਜਲਾ**
(ਸੰਪਰਕ: 01822-235343)

ਆਪਾ-ਧਾਪੀ, ਅਵਸਰਵਾਦ, ਆਤੰਕ ਤੇ ਅਜਾਰੇਦਾਰੀ ਨਾਲ ਬੁਰੀ ਤਰ੍ਹਾਂ ਪੀੜਤ ਪੰਜਾਬ ਕੋਲ ਮਸਲਿਆਂ ਤੇ ਮੁੱਦਿਆਂ ਦੀ ਘਾਟ ਨਹੀਂ। ਨਸ਼ਾਖੋਰੀ, ਬੇਰੁਜ਼ਗਾਰੀ,



ਵਾਤਾਵਰਣ ਦਾ ਵਿਗਾੜ, ਗੁੰਡਾਗਰਦੀ, ਭ੍ਰਿਸ਼ਟਾਚਾਰ, ਅਸ਼ਲੀਲਤਾ, ਖ਼ੁਦਕੁਸ਼ੀਆਂ ਅਤੇ ਮਾਤ-ਭਾਸ਼ਾ ਅਜਿਹੇ ਮੁੱਦੇ ਹਨ ਜਿਨ੍ਹਾਂ ਬਾਰੇ ਸੰਵੇਦਨਸ਼ੀਲ ਤੇ ਸੁਹਿਰਦ ਸੰਵਾਦ ਦੀ ਲੋੜ ਹੈ, ਪਰ ਵਿਆਹਾਂ ਤੇ ਮਰਨਿਆਂ ਦੇ ਦੇਹਧਾਰੀ, ਦਿਖਾਵਾਪ੍ਰਸਤ ਤੇ ਦੁਕਾਨਦਾਰੀ ਦੈਂਤ ਦੇ ਜੁਬਾੜਿਆਂ 'ਚ ਫਸੇ ਹੋਏ ਪੰਜਾਬ ਕੋਲ ਲੋੜ ਜੋਗੀ ਜੁਅਰਤ, ਜੁੰਬਿਸ਼ ਤੇ ਜ਼ੁਬਾਨ ਵੀ ਬਚੀ ਨਹੀਂ। ਇੰਨੇ ਸ਼ੋਹਦੇ ਤੇ ਸਾਹਸੱਤਹੀਣ ਸਮਿਆਂ ਅੰਦਰ ਮਾਂ-ਬੋਲੀ ਲਈ ਕੁਝ ਧਿਰਾਂ ਵੱਲੋਂ ਆਵਾਜ਼ ਉਠਾਉਣੀ ਚੰਗਾ ਵਰਤਾਰਾ ਹੈ। ਖ਼ਬਰਾਂ ਵਿੱਚ ਖ਼ਾਸ ਬਣੇ ਰਹਿਣ ਦੇ ਇੱਛੁਕ ਲੋਕਾਂ ਵੱਲੋਂ ਵੀ ਹੇਜ ਤੇ ਹਮਾਇਤ ਦੀਆਂ ਬਾਤਾਂ ਪਾਈਆਂ ਜਾ ਰਹੀਆਂ ਹਨ। ਅਜਿਹੀਆਂ ਬਾਤਾਂ ਤੇ ਬਤੰਗੜ ਵਕਤੀ ਥਰਥਰਾਹਟ ਪੈਦਾ ਕਰਦੇ ਹਨ। ਅਜਿਹੀ ਥਰਥਰਾਹਟ ਨੂੰ ਕਿਸੇ ਸੰਭਾਵੀ ਤੇ ਸੰਗਠਿਤ ਲਹਿਰ ਵਿੱਚ ਢਾਲਣ ਲਈ ਲੋੜੀਂਦੀ ਜੁਗਤ, ਜ਼ਿਆਰਤ ਤੇ ਜ਼ਿੰਦਾਦਿਲੀ ਲੱਭਣੀ ਔਖਾ ਕਾਰਜ ਹੈ।

ਸ਼ਖ਼ਸੀਅਤ, ਸ਼ੋਹਰਤ ਤੇ ਸਦਾਰਤ ਨੇ ਅਜੋਕੇ ਬੰਦੇ ਨੂੰ ਖ਼ੁਦਪ੍ਰਸਤ ਤੇ ਖ਼ਬਤੀ ਬਣਾ ਦਿੱਤਾ ਹੈ। ਬੰਦੇ ਕੋਲ ਗੁਜ਼ਾਰੇ ਜੋਗੀ ਵਫ਼ਾ ਤੇ ਵਫ਼ਾਦਾਰੀ ਵੀ ਨਹੀਂ ਰਹੀ। ਇਸੇ ਕਰਕੇ ਹੁਣ ਪੰਜਾਬ ਵਿੱਚ ਧਿਰਾਂ, ਧੜਿਆਂ ਤੇ ਧਾਰਨਾਵਾਂ ਦੀ ਬਲਸ਼ਾਲੀ ਬਹੁਲਤਾ ਹੈ। ਨੈਤਿਕਤਾ, ਨਿਹੁੰ ਤੇ ਨੇਕਨਾਮੀਆਂ ਕਰਨ ਤੇ ਕਮਾਉਣ ਵਾਲੇ ਲੋਕ ਖ਼ਾਮੋਸ਼ ਤੇ ਖ਼ਤਮ ਹੋ ਗਏ ਜਾਪਦੇ ਹਨ। ਵਿਚਾਰਧਾਰਕ ਜਾਂ ਰਾਜਨੀਤਕ ਹੋਂਦ ਤੇ ਹਸਤੀ ਜਦੋਂ ਕਦੇ ਸਤਾਉਂਦੀ ਹੈ ਤਾਂ ਫ਼ਰੇਬੀ ਤੇ ਫਰਾਡ ਬੰਦੇ ਵੀ ਲਾਹਾ ਲੈਣ ਵੱਲ ਰੁਚਿਤ ਹੋ ਜਾਂਦੇ ਹਨ। ਸੱਚੇ ਤੇ ਸੰਜੀਦਾ ਲੋਕ ਸਿਰਫ਼ ਦੇਖਦੇ ਰਹਿੰਦੇ ਹਨ। ਸਿਰਫ਼ ਝਾੜੂ ਕੂਚੀਆਂ ਨਾਲ ਕੁਝ ਵੀ ਸੁਧਰਨ ਵਾਲਾ ਨਹੀਂ। ਸਾਨੂੰ ਆਪਣੀਆਂ ਦਾਅਪੇਚੀ ਦੇਹਾਂ ਅੰਦਰ ਬੁਰੀ ਤਰ੍ਹਾਂ ਤੜਪਦੀ ਤੇ ਤਰਸਦੀ ਹਉਂ ਤੇ ਹਸਤੀ ਨੂੰ ਸੋਧਣ ਤੇ ਸੰਵਾਰਨ ਦੀ ਲੋੜ ਹੈ। ਸਿਤਮ ਇਹ ਹੈ ਕਿ ਅਜੋਕੀ ਤਾਕਤਵਰ ਤੰਤਰੀ ਤਕਨੀਕ ਤੇ ਤਰੱਕੀ ਤਾਂ ਵਕਤ ਦੀ ਸੰਭਾਵਨਾ ਨੂੰ ਚੂਸਣ ਦੇ ਰਾਹ ਤੁਰੀ ਹੋਈ ਹੈ। ਮਾਂ-ਬੋਲੀ ਦੇ ਹੇਜ ਤੇ ਹਮਾਇਤ ਦਾ ਮਸਲਾ ਅੰਦਰੂਨੀ ਸੰਭਾਵਨਾ, ਸਾਹਸ ਤੇ ਸ਼ਕਤੀ ਨੂੰ ਬਚਾਉਣ ਨਾਲ ਜੁੜਿਆ ਹੋਇਆ ਹੈ:

***ਪਹਿਲਾਂ ਮਾਂ ਬੋਲੀ ਨੂੰ ਭੁੱਲੇ, ਹੁਣ ਭੁੱਲਾਂਗੇ ਮਾਵਾਂ ਨੂੰ,***
***ਇੱਕ ਦਿਨ ਓੜਕ ਤਰਸ ਜਾਵਾਂਗੇ,***
***ਤੂਤ ਟਾਹਲੀ ਦੀਆਂ ਛਾਵਾਂ ਨੂੰ।***

ਵੱਡਾ ਬਣਨ ਦੀ ਦੌੜ ਵਿੱਚ ਨਰੋਈਆਂ ਨਿਆਮਤਾਂ ਗਵਾ ਲਈਆਂ। ਪਹਿਲਾਂ ਛਾਵਾਂ ਵਰਗੀਆਂ ਮਾਵਾਂ ਗਵਾਈਆਂ, ਫੇਰ ਚੰਡ ਕੇ ਰੱਖਣ ਵਾਲੇ ਅਧਿਆਪਕ ਗਵਾਏ ਤੇ ਹੁਣ ਸਭ ਕੁਝ ਗਵਾਉਣ ਦੇ ਰਾਹ ਤੁਰ ਪਏ ਹਾਂ। ਕਾਲਜ ਪੜ੍ਹਦੇ ਜ਼ਿਆਦਾਤਰ ਬੱਚਿਆਂ ਨੂੰ ਸ਼ੁੱਧ ਤੇ ਸੁਭਾਵਿਕ ਪੰਜਾਬੀ ਲਿਖਣੀ ਤੇ ਬੋਲਣੀ ਨਹੀਂ ਆਉਂਦੀ। ਅਫ਼ਸਰਸ਼ਾਹੀ ਦੀਆਂ ਉਪਰੋਂ ਠੋਸੀਆਂ ਨੀਤੀਆਂ ਅਨੁਸਾਰ ਚੱਲ ਰਹੀ ਸਿੱਖਿਆ ਪ੍ਰਣਾਲੀ ਆਪਣੇ ਮੂਲ ਮਕਸਦ ਨਾਲੋਂ ਟੁੱਟ ਕੇ ਵਪਾਰੀ ਤੇ ਵਕਤਟਪਾਊ ਹੋ ਗਈ ਹੈ।

ਅਸੀਂ ਲਗਪਗ ਸਾਰਿਆਂ ਨੇ ਠੋਸੇ ਜਾ ਰਹੇ ਸਭ ਕੁਝ ਨੂੰ ਸਵੀਕਾਰ ਕਰ ਲਿਆ ਹੈ। ਬੱਚੇ ਅੰਗਰੇਜ਼ੀ ਸੰਸਥਾਵਾਂ ਵਿੱਚ ਪੜ੍ਹਦੇ ਹਨ। ਕਾਰਡ ਅਸੀਂ ਅੰਗਰੇਜ਼ੀ ਵਿੱਚ ਛਪਵਾਉਂਦੇ ਹਾਂ। ਬਾਰ੍ਹਵੀਂ ਜਮਾਤ ਤੋਂ ਬਾਅਦ ਹਰ ਬੱਚਾ ਵਿਦੇਸ਼ ਜਾਣ ਲਈ ਕਾਹਲਾ ਹੋ ਜਾਂਦਾ ਹੈ। ਚੈਨਲਾਂ 'ਤੇ ਪਰੋਸੀ ਜਾ ਰਹੀ ਅਸ਼ਲੀਲਤਾ ਤੇ ਅਦਾਕਾਰੀ ਦੇ ਪ੍ਰਭਾਵ ਅਧੀਨ ਸਾਡੇ ਧੀਆਂ ਪੁੱਤਰ ਨਾਂਹਮੁਖੀ ਤੇ ਨਿਹੁੰਮੁਕਤ ਹੋਣ ਨੂੰ ਫਿਰਦੇ ਹਨ। ਲੇਖਕਾਂ ਤੇ ਬੁੱਧੀਜੀਵੀਆਂ ਸਮੇਤ ਪੂਰਾ ਪੰਜਾਬ ਪੜ੍ਹਨ ਲਿਖਣ ਤੋਂ ਅਵਾਜ਼ਾਰ ਤੇ ਅਸਤ ਹੋ ਗਿਆ ਹੈ। ਵਿੱਦਿਅਕ ਤੇ ਪ੍ਰਸ਼ਾਸਕੀ ਸੰਗਠਨਾਂ ਦੇ ਫੇਲ੍ਹ ਹੋ ਜਾਣ ਦੀ ਸੰਭਾਵਨਾ ਬਣੀ ਹੋਈ ਹੈ। ਸਿਆਸਤ ਦੀ ਰੂਹ ਤੇ ਰੂਪ ਪ੍ਰੋਫੈਸ਼ਨਲ ਤੇ ਪੇਟਭਰੂ ਹੋ ਗਏ ਹਨ। ਅਸੀਂ ਸਿਆਸਤ ਦੇ ਗ਼ੁਲਾਮ ਹੋ ਗਏ ਹਾਂ। ਅਜਿਹੇ ਮਾਤਮੀ ਮਾਹੌਲ ਵਿੱਚ ਆਦਰਸ਼ਾਂ ਤੇ ਅਰਮਾਨਾਂ ਦੇ ਖ਼ੁਆਬ ਉਗਾਉਣੇ ਆਸਾਨ ਨਹੀਂ:



***ਇਸ ਤਰ੍ਹਾਂ ਵੀ ਹੋਣਾ ਸੀ ਸਾਡੇ ਹੀ ਸਮਿਆਂ 'ਚ ਅਖ਼ੀਰ ਨੂੰ***
***ਕਿ ਨੀਹਾਂ ਨੇ ਭੁੱਲ ਜਾਣਾ ਸੀ, ਸਾਈਂ ਮੀਆਂ ਮੀਰ ਨੂੰ।***

ਕਮਜ਼ੋਰ ਤੇ ਕੰਮਚਲਾਊ ਸਿਆਸਤਦਾਨਾਂ ਦੇ ਸਮਝੌਤਿਆਂ ਤੇ ਸਹੀਬੰਦੀਆਂ ਦੀ ਗੁੱਝੀ ਤੇ ਗੁੰਝਲਦਾਰ ਪੀੜ ਨੇ ਪੰਜਾਬੀਆਂ ਨੂੰ ਹੰਭਾ ਦਿੱਤਾ ਹੈ। ਲਟਕ ਲਟਕ ਕੇ ਮਸਲੇ ਤੇ ਮਾਮਲੇ ਅਤਿਅੰਤ ਪੀਢੇ ਤੇ ਪ੍ਰਾਣਹੀਣ ਹੋ ਗਏ ਹਨ। ਆਗੂਆਂ ਦੀਆਂ ਮਾਰੂ ਤੇ ਮੋਹਹੀਣ ਨੀਤੀਆਂ ਪ੍ਰਤੀ ਪੰਜਾਬੀਆਂ ਅੰਦਰ ਉਦਾਸੀਨ ਜਿਹਾ ਰੋਸ ਜਗਦਾ-ਬੁਝਦਾ ਰਹਿੰਦਾ ਹੈ। ਇਸ ਰੋਸ ਤੇ ਗੁੱਸੇ ਵਿੱਚੋਂ ਵਕਤੀ ਤੌਰ 'ਤੇ ਪੈਦਾ ਹੋਈਆਂ ਕਈ ਲਹਿਰਾਂ ਦਾ ਸੰਤਾਪ ਤੇ ਸਿਤਮ ਵੀ ਪੰਜਾਬ ਨੇ ਬਥੇਰਾ ਹੰਢਾਇਆ ਹੈ। ਸੱਤਾ ਦੇ ਕੇਂਦਰੀਵਾਦ ਨੇ ਪੰਜਾਬ ਨੂੰ ਉਲਝਾਉਣ ਤੇ ਭਟਕਾਉਣ ਵਿੱਚ ਕੋਈ ਕਸਰ ਨਹੀਂ ਛੱਡੀ। ਖ਼ੈਰਾਤਾਂ ਤੇ ਖ਼ੁਆਬ ਖਿਆਲੀਆਂ ਦੇ ਨਸ਼ੱਈ ਪੰਜਾਬ ਦੇ ਸਿਆਸਤਦਾਨ ਲਗਾਤਾਰ ਵਿਕਦੇ ਤੇ ਵਿਗੜਦੇ ਗਏ। ਦੀਨ, ਦੀਨਾਈ ਤੇ ਦਿਆਨਤਦਾਰੀ ਵਿਹੂਣੇ ਸੱਤਾਧਾਰੀ ਲੋਕ ਪੰਜਾਬ ਦੇ ਅੰਗ ਅੰਗ ਨੂੰ ਕਰਜ਼ਾਈ ਕਰਨ ਦੇ ਮੋਹਤਬਰ ਬਣੇ। ਕਰਜ਼ਾਈ ਬੰਦਾ ਕਰਮਸ਼ੀਲ ਤੇ ਕਮਾਊ ਨਹੀਂ ਹੋ ਸਕਦਾ। ਦਿਸ਼ਾਹੀਣ ਤੇ ਦਾਅਪੇਚਕ ਲੋਕਾਂ ਲਈ ਆਪਸ ਵਿੱਚ ਲੜਨਾ ਸੌਖਾ ਤੇ ਸੁਖਾਵਾਂ ਹੋ ਜਾਂਦਾ ਹੈ। ਆਪਸ ਵਿੱਚ ਲੜਨ ਲਈ ਅਸੀਂ ਕਾਫ਼ੀ ਮੁਹਾਰਤੀ ਹੋ ਗਏ ਹਾਂ। ਨਿੱਤ ਸਰਬੱਤ ਦੀ ਅਰਦਾਸ ਦਾ ਹੋਕਾ ਦੇਣ ਵਾਲੇ ਲੋਕ ਜਾਤਾਂ, ਟੱਬਰਾਂ, ਭਾਸ਼ਾਵਾਂ, ਨਸਲਾਂ, ਕੌਮਾਂ, ਪਰਿਵਾਰਾਂ ਤੇ ਧੜਿਆਂ ਵਿੱਚ ਪੂਰੀ ਤਰਤੀਬ ਤੇ ਤਾਕਤ ਨਾਲ ਵੰਡੇ ਗਏ ਹਾਂ। ਸਿਰਫ਼ ਇਹ ਕਹਿਣ ਨਾਲ ਨਹੀਂ ਸਰਨਾ ਕਿ ਸਾਡੀ ਮਾਂ-ਬੋਲੀ, ਗੁਰੂਆਂ, ਭਗਤਾਂ, ਫ਼ਕੀਰਾਂ ਦੀ ਸਰਬਸਾਂਝੀ ਤੇ ਸਦਭਾਵੀ ਕਲਮ ਵਿੱਚੋਂ ਪੈਦਾ ਹੋਈ ਹੈ, ਇਸ ਲਈ ਇਸ ਨੇ ਮਰਨਾ ਨਹੀਂ। ਅਜਿਹੇ ਦਾਅਵੇ ਤੇ ਦਲੀਲਾਂ ਹੁਣ ਬੇਦਮ ਹੋ ਗਈਆਂ ਹਨ। ਕਿਰਦਾਰ, ਕਰਮ ਤੇ ਕਾਬਲੀਅਤ ਬਿਨਾਂ ਨਵੀਆਂ ਪੀੜ੍ਹੀਆਂ ਨੇ ਸਾਡੇ ਆਸ਼ਕ ਨਹੀਂ ਬਣਨਾ। ਜਦੋਂ ਬੰਦੇ ਕੋਲ ਸੂਰਬੀਰਤਾ ਤੇ ਸੰਵੇਦਨਾ ਨਾ ਰਹੇ ਉਦੋਂ ਬੰਦਾ ਸ਼ਹੀਦੀਆਂ ਤੇ ਸ਼ਹਾਦਤਾਂ ਦੇ ਨਾਂ 'ਤੇ ਸਿਆਸਤ ਕਰਨ ਲੱਗ ਪੈਂਦਾ ਹੈ। ਸਾਡੇ ਬੋਲਣ ਤੇ ਲਿਖਣ ਦੀ ਆਜ਼ਾਦੀ ਨੂੰ ਧਮਕੀਆਂ ਮਿਲ ਰਹੀਆਂ ਹਨ। ਸਾਡੀ ਆਵਾਜ਼ ਨੀਵੀਂ ਤੇ ਨਿਰਜਿੰਦ ਹੋ ਗਈ ਹੈ। ਕਮਦਿਲ ਤੇ ਕਮਜ਼ੋਰ ਆਵਾਜ਼ਾਂ ਸਮੂਹ ਆਵਾਜ਼ ਬਣ ਕੇ ਪੂਰੇ ਵਜ਼ਨ ਤੇ ਵਫ਼ਾਦਾਰੀ ਨਾਲ ਆਪਣੇ ਹੱਕ ਨਹੀਂ ਮੰਗ ਰਹੀਆਂ। ਮਾਂ-ਬੋਲੀ ਲਈ ਉੱਠਣ ਵਾਲੀਆਂ ਆਵਾਜ਼ਾਂ ਪੂਰੇ ਆਵਾਮ ਦੀ ਤਕੜੀ ਤੇ ਤਿੱਖੀ ਸ਼ਮੂਲੀਅਤ ਤੇ ਸਨੇਹ ਨਾਲ ਬਲਸ਼ਾਲੀ ਹੋਣੀਆਂ ਚਾਹੀਦੀਆਂ ਹਨ।

ਇਸ ਸਭ ਕਾਸੇ ਬਾਰੇ ਵੱਖ ਵੱਖ ਧੜਿਆਂ ਤੇ ਧਾਰਨਾਵਾਂ ਦਾ ਸ਼ੋਰਵੰਤ ਸੰਵਾਦ ਬਾਦਸਤੂਰ ਜਾਰੀ ਹੈ, ਪਰ ਪੰਜਾਬ ਦੀਆਂ ਅਵਾਜ਼ਾਰ ਤੇ ਆਤੁਰ ਪ੍ਰਸਥਿਤੀਆਂ ਨੂੰ ਵੱਡੀ ਰਚਨਾਤਮਿਕ ਕਰਵਟ ਵਿੱਚ ਤਬਦੀਲ ਕਰਨ ਲਈ ਸੰਭਾਵੀ ਤੇ ਸੁਭਾਵਿਕ ਹੌਸਲਾ ਤੇ ਹਰਕਤ ਗ਼ੈਰਹਾਜ਼ਰ ਹੈ। ਨਾਵਾਂ ਤੇ ਥਾਵਾਂ ਨਾਲ ਜੁੜੀਆਂ ਤਹਿਰੀਕਾਂ ਤੇ ਤਰੰਗਾਂ ਨੂੰ ਬੇਦਲੀਲੇ

**ਬਾਕੀ ਸਫ਼ਾ 32 'ਤੇ**

# ਪੰਜਾਬੀ ਪੱਤਰਕਾਰੀ : ਡੇਢ ਸਦੀ ਦਾ ਸ਼ਾਨਦਾਰ ਸਫ਼ਰ

**ਚੰਡੀਗੜ੍ਹ/ਬਿਊਰੋ ਨਿਊਜ਼:**
ਇਸਾਈ ਮਿਸ਼ਨਰੀਆਂ ਨੇ ਜਦੋਂ ਪੰਜਾਬ 'ਚ ਈਸਾਈ ਧਰਮ ਦਾ ਪ੍ਰਚਾਰ ਸ਼ੁਰੂ ਕੀਤਾ ਸੀ ਤਾਂ ਉਸ ਸਮੇਂ ਦੋ ਹਿੰਦੂ ਨੌਜਵਾਨਾਂ ਨੇ ਇਸ ਦੇ ਟਾਕਰੇ ਲਈ ਅੰਮ੍ਰਿਤਸਰ ਤੋਂ 20 "✓26" ਦਾ ਚਾਰ ਸਫ਼ਿਆਂ ਦਾ ਅਖ਼ਬਾਰ ਸ਼ੁਰੂ ਕੀਤਾ ਸੀ। ਉਸ ਸਮੇਂ ਇਹ ਉਨ੍ਹਾਂ ਦੇ ਖਿਆਲ 'ਚ ਵੀ ਨਹੀਂ ਹੋਵੇਗਾ ਕਿ ਲਿਥੋਗ੍ਰਾਫਿਕ ਚੂਨਾ ਪੱਥਰ 'ਤੇ ਛਾਪਿਆ ਜਾਣ ਵਾਲਾ 'ਅਖ਼ਬਾਰ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਜੀ' ਨੂੰ ਇਤਿਹਾਸ 'ਚ ਪੰਜਾਬੀ ਦੇ ਪਹਿਲੇ ਅਖ਼ਬਾਰ ਵਜੋਂ ਜਾਣਿਆ ਜਾਵੇਗਾ।

ਹਾਲਾਂਕਿ ਮਾਹਰਾਂ ਦਾ ਮੰਨਣਾ ਹੈ ਕਿ 150 ਸਾਲ ਬਾਅਦ ਵੀ ਵੱਡੇ ਪੱਧਰ 'ਦੇ ਪੰਜਾਬੀ ਪੱਤਰਕਾਰੀ ਧਾਰਮਿਕ ਜਕੜਨ ਦੀ ਸ਼ਿਕਾਰ ਹੈ। ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਨੂੰ ਗੁਰਮੁਖੀ ਲਿੱਪੀ ਦਾ ਪਹਿਲਾ ਅਖ਼ਬਾਰ ਦੱਸਣ ਵਾਲੇ ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਡੀਨ ਪ੍ਰੋ. ਨਰਿੰਦਰ ਸਿੰਘ ਕਪੂਰ ਦਾ ਕਹਿਣਾ ਹੈ ਕਿ ਇਹ ਅਖ਼ਬਾਰ ਪਹਿਲੀ ਮਾਰਚ 1867 'ਚ ਸ਼ੁਰੂ ਹੋਇਆ ਸੀ ਤੇ ਹੁਣ ਪੰਜਾਬੀ ਪੱਤਰਕਾਰੀ ਨੇ 150 ਵਰ੍ਹਿਆਂ ਦਾ ਸਫ਼ਰ ਪੂਰਾ ਕਰ ਲਿਆ ਹੈ। ਇਸ ਅਖ਼ਬਾਰ ਦੇ ਸੰਪਾਦਕ ਮੁਨਸ਼ੀ ਹਰੀ ਨਰਾਇਣ ਤੇ ਮੈਨੇਜਰ ਫਿਰਾਇਆ ਮੱਲ ਸਨ। ਇਹ ਦੋਵੇਂ ਹੀ ਹਿੰਦੀ ਭਾਸ਼ੀ ਸਨ। ਇਸ ਅਖ਼ਬਾਰ ਦੀ ਕੀਮਤ ਦੋ ਆਨੇ ਰੱਖੀ ਗਈ ਸੀ ਤੇ ਇਸ 'ਤੇ ਸ੍ਰੀ ਦਰਬਾਰ ਸਾਹਿਬ ਦੀ ਤਸਵੀਰ ਲਗਾ ਕੇ ਹੋਰਨਾਂ ਅਖ਼ਬਾਰਾਂ ਤੋਂ ਖ਼ਬਰਾਂ ਅਨੁਵਾਦ ਕਰਕੇ ਦੋ ਕਾਲਮਾਂ 'ਚ ਛਾਪੀਆਂ ਜਾਂਦੀਆਂ ਸਨ। ਇਹ ਅਖ਼ਬਾਰ ਮੂਲ ਤੌਰ 'ਤੇ ਹਿੰਦੂ ਧਰਮ ਦੇ ਪ੍ਰਚਾਰ ਲਈ ਸ਼ੁਰੂ ਕੀਤਾ ਗਿਆ ਸੀ ਤੇ ਇਸ 'ਚ ਗੁਰਮੁਖੀ ਲਿੱਪੀ ਰਾਹੀਂ ਹਿੰਦੀ ਭਾਸ਼ਾ 'ਚ ਖ਼ਬਰਾਂ ਛਪਦੀਆਂ ਸਨ। ਉਨ੍ਹਾਂ ਦੱਸਿਆ ਕਿ ਇਸ ਅਖ਼ਬਾਰ 'ਚ ਉਸ ਸਮੇਂ ਦੀ ਬਰਤਾਨੀਆ ਵਿਰੋਧੀ ਕੂਕਾ ਲਹਿਰ ਬਾਰੇ ਕੋਈ ਜ਼ਿਕਰ ਨਹੀਂ ਮਿਲਦਾ। ਇਸ ਤੋਂ ਬਾਅਦ ਪੰਡਿਤ ਸੰਤੋਖ ਸਿੰਘ ਨੇ ਦੋ-ਭਾਸ਼ੀ (ਹਿੰਦੀ ਤੇ ਗੁਰਮੁਖੀ) ਪਰਚਾ ਸੁਕਬਿ ਸੰਬੋਧਨੀ ਸ਼ੁਰੂ ਕੀਤਾ।



## ਪੰਜਾਬੀ ਪੱਤਰਕਾਰੀ ਦੇ ਮੀਲ ਪੱਥਰ

ਅਕਾਲ ਪ੍ਰਕਾਸ਼ (ਗੁਰਮੁਖੀ ਲਿੱਪੀ 'ਚ ਲਿਖਿਆ ਜਾਣ ਵਾਲਾ ਪਹਿਲਾ ਮੁਕੰਮਲ ਪੰਜਾਬੀ ਅਖ਼ਬਾਰ) 1885: ਪੰਜਾਬੀ ਦਰਪਨ, ਜਿਸ 'ਚ ਪਹਿਲੀ ਵਾਰ ਤਸਵੀਰ (ਮਹਾਰਾਜਾ ਦਲੀਪ ਸਿੰਘ) ਛਪੀ। ਪੰਜਾਬੀ ਦਰਪਨ 'ਚ ਹੀ ਪਹਿਲੀ ਵਾਰ ਸੰਪਾਦਕ ਦੀ ਡਾਕ ਲਈ ਥਾਂ ਰੱਖੀ ਗਈ।1886: ਪ੍ਰੋ. ਗੁਰਮੁਖ ਸਿੰਘ ਵੱਲੋਂ ਸ਼ੁਰੂ ਕੀਤਾ ਗਿਆ 'ਸੁਧਾਰਕ' ਪਹਿਲਾ ਪੰਜਾਬੀ ਅਖ਼ਬਾਰ ਸੀ ਜਿਸ 'ਚ ਕਾਰਟੂਨਾਂ ਨੂੰ ਥਾਂ ਮਿਲੀ।1905: ਸੇਵਾ ਸਿੰਘ ਫੋਟੋਗ੍ਰਾਫ਼ਰ ਵੱਲੋਂ ਸ਼ੁਰੂ ਕੀਤਾ ਗਿਆ 'ਚਿੱਤਰ ਪੱਤਰ' ਤਸਵੀਰਾਂ 'ਤੇ ਆਧਾਰਤ ਪਹਿਲਾ ਪੰਜਾਬੀ ਅਖ਼ਬਾਰ।1914: ਅੰਮ੍ਰਿਤਸਰ ਤੋਂ ਚਰਨ ਸਿੰਘ ਸ਼ਹੀਦੀ ਵੱਲੋਂ ਸੰਪਾਦਤ ਕੀਤਾ ਜਾਂਦਾ 'ਸ਼ਹੀਦ' ਪੰਜਾਬੀ ਦਾ ਪਹਿਲਾ ਰੋਜ਼ਾਨਾ ਅਖ਼ਬਾਰ ਸੀ।

ਪ੍ਰੋ. ਕਪੂਰ ਨੇ ਦੱਸਿਆ ਕਿ ਪੰਜਾਬੀ ਅਖ਼ਬਾਰਾਂ ਦੀ ਪ੍ਰਸਿੱਧੀ ਇੰਨੀ ਸੀ ਕਿ ਇਹ ਲੁਕਵੇਂ ਢੰਗ ਨਾਲ ਵਿਕਦੇ ਸਨ ਤੇ ਸਮਾਜ ਦੇ ਇੱਕ ਵੱਡੇ ਹਿੱਸੇ ਨੇ ਪੰਜਾਬੀ ਸਿਰਫ਼ ਇਸ ਲਈ ਸਿੱਖੀ ਸੀ ਕਿ ਉਹ ਇਹ ਜਾਣ ਸਕਣ ਕਿ ਅਖ਼ਬਾਰਾਂ 'ਚ ਕੀ ਛੱਪ ਰਿਹਾ ਹੈ।

ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸਹਾਇਕ ਸੰਪਾਦਕ ਡਾ. ਮੇਘਾ ਸਿੰਘ ਨੇ ਵਿਚਾਰ ਅਨੁਸਾਰ ਮੁੱਢਲੇ 40 ਸਾਲਾਂ ਦੌਰਾਨ ਜਿੰਨੀਆਂ ਵੀ ਪੰਜਾਬੀ ਅਖ਼ਬਾਰਾਂ ਸ਼ੁਰੂ ਹੋਈਆਂ ਉਹ ਧਾਰਮਿਕ ਲਹਿਰਾਂ ਦੀ ਦੇਣ ਸਨ।20ਵੀਂ ਸਦੀ ਦੀ ਸ਼ੁਰੂਆਤ ਵਿੱਚ ਪੰਜਾਬੀ ਅਖ਼ਬਾਰਾਂ ਦੀ ਵਰਤੋਂ ਬਰਤਾਨਵੀ ਹਕੂਮਤ ਖ਼ਿਲਾਫ਼ ਹਥਿਆਰ ਵਜੋਂ ਕੀਤੀ ਜਾਣ ਲੱਗੀ। ਇਤਿਹਾਸਕਾਰਾਂ ਅਨੁਸਾਰ 20ਵੀਂ ਸਦੀ ਦੇ ਪਹਿਲੇ 19 ਵਰ੍ਹੇ ਪੰਜਾਬੀ ਪੱਤਰਕਾਰੀ ਲਈ ਗਤੀਸ਼ੀਲ ਸਮਾਂ ਸੀ। ਇਸ ਦੌਰਾਨ ਪੰਜਾਬੀ 'ਚ 80 ਅਖ਼ਬਾਰਾਂ ਸ਼ੁਰੂ ਹੋਈਆਂ ਪਰ ਇਨ੍ਹਾਂ ਦੀ ਔਸਤ ਉਮਰ ਇੱਕ ਸਾਲ ਤੋਂ ਘੱਟ ਹੀ ਰਹੀ। ਗਦਰ ਦੇ ਉਭਾਰ ਤੇ ਜੱਲ੍ਹਿਆਂਵਾਲਾ ਬਾਗ ਦੀ ਘਟਨਾ ਨੇ ਪੰਜਾਬੀ ਭਾਸ਼ਾ 'ਚ ਸਿਆਸੀ ਪੱਤਰਕਾਰੀ ਨੂੰ ਜਨਮ ਦਿੱਤਾ। ਚਰਨ ਸਿੰਘ ਸ਼ਹੀਦ ਉਸ ਸਮੇਂ ਦੇ ਸਭ ਤੋਂ ਮਸ਼ਹੂਰ ਪੱਤਰਕਾਰ ਰਹੇ। ਇਤਿਹਾਸਕਾਰਾਂ ਅਨੁਸਾਰ 1920 ਤੋਂ ਬਾਅਦ ਪੰਜਾਬੀ ਪੱਤਰਕਾਰੀ ਦੇ 15 ਸਾਲ ਅਕਾਲੀ ਲਹਿਰ ਤੋਂ ਪ੍ਰਭਾਵਿਤ ਰਹੇ, ਜਿਸ ਨੂੰ ਉਸ ਸਮੇਂ ਦਾ ਸ਼ਾਨਾਮੱਤਾ ਦੌਰ ਵੀ ਕਿਹਾ ਜਾਂਦਾ ਹੈ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੱਤਰਕਾਰੀ ਵਿਭਾਗ ਦੇ ਸਾਬਕਾ ਮੁਖੀ ਨਵਜੀਤ ਜੌਹਲ ਨੇ ਮੌਜੂਦਾ ਸਮੇਂ ਦੀ ਪੰਜਾਬੀ ਪੱਤਰਕਾਰੀ ਸਬੰਧੀ ਟਿਪਣੀ ਕਰਦਿਆਂ ਕਿਹਾ ਕਿ ਇੱਕ-ਦੋ ਸੰਸਥਾਵਾਂ ਨੂੰ ਛੱਡ ਕੇ ਪੰਜਾਬੀ ਅਖ਼ਬਾਰਾਂ ਮੀਡੀਆ ਕਰਮੀਆਂ ਦੀਆਂ ਤਨਖ਼ਾਹਾਂ ਘੱਟ ਹੋਣ ਕਾਰਨ ਹੁਨਰਮੰਦ ਨੌਜਵਾਨ ਇਸ ਵੱਲ ਨਹੀਂ ਆ ਰਹੇ।

# ਸਿੰਗਾਪੁਰੀਏ ਵਿਦਿਆਰਥੀ ਮਾਣ ਰਹੇ ਨੇ ਪੰਜਾਬ ਦੇ ਪਿੰਡ ਵਿਚ ਮੌਜਾਂ

**ਸੰਗਰੂਰ/ਬਿਊਰੋ ਨਿਊਜ਼:** ਸਿੰਗਾਪੁਰ ਤੋਂ ਆਈ ਭਾਰਤੀ ਮੂਲ ਦੇ 20 ਵਿਦਿਆਰਥੀਆਂ ਦੀ ਟੀਮ ਜਿਥੇ ਪਿੰਡ ਰੱਤੋਕੇ ਦੇ ਸਰਕਾਰੀ ਪ੍ਰਾਇਮਰੀ ਸਕੂਲ ਨੂੰ ਚਾਰ ਚੰਨ ਲਾਉਣ ਵਿੱਚ ਜੁਟੀ ਹੋਈ ਹੈ, ਉਥੇ ਪਿੰਡ ਦੇ ਲੋਕਾਂ ਨਾਲ ਘੁਲ-ਮਿਲ ਕੇ ਪੰਜਾਬ ਦੀ ਪੇਂਡੂ ਜੀਵਨਸ਼ੈਲੀ ਨੂੰ ਨੇੜਿਓਂ ਦੇਖ ਰਹੀ ਹੈ।

ਪਿੰਡ ਰੱਤੋਕੇ ਵਾਸੀ ਇਨ੍ਹਾਂ ਵਿਦਿਆਰਥੀਆਂ ਦੀ ਮਹਿਮਾਨ ਨਿਵਾਜ਼ੀ 'ਚ ਕੋਈ ਕਸਰ ਨਹੀਂ ਛੱਡ ਰਹੇ। ਹਵਾਈ ਜਹਾਜ਼ਾਂ ਵਿੱਚ ਸਫ਼ਰ ਕਰਨ ਵਾਲੇ ਸਿੰਗਾਪੁਰ ਦੇ ਵਿਦਿਆਰਥੀ ਟਰੈਕਟਰ-ਟਰਾਲੀ ਦੇ ਝੂਟੇ ਲੈ ਰਹੇ ਹਨ। ਪਿੰਡ ਵਾਲਿਆਂ ਵੱਲੋਂ ਵਿਦਿਆਰਥੀਆਂ ਦੇ ਬੈਠਣ ਲਈ ਟਰਾਲੀ ਵਿੱਚ ਪਰਾਲੀ ਵਿਛਾ ਹੋਈ ਸੀ।

ਇਹ ਵਿਦਿਆਰਥੀ ਟਰਾਲੀ ਵਿੱਚ ਰੱਤੋਕੇ ਤੋਂ ਕਰੀਬ ਦਸ ਕਿਲੋਮੀਟਰ ਕਸਬਾ ਲੌਂਗੋਵਾਲ ਤੱਕ ਗਏ। ਵਿਦਿਆਰਥੀਆਂ ਨੇ ਕਿਹਾ ਕਿ ਸਿੰਗਾਪੁਰ ਵਿੱਚ ਪੰਜਾਬ ਦੇ ਪਿੰਡਾਂ ਵਰਗਾ ਮਾਹੌਲ ਨਹੀਂ ਹੈ। ਪੰਜਾਬ ਦੇ ਲੋਕ ਬਹੁਤ ਵੱਡੇ ਦਿਲ ਵਾਲੇ ਅਤੇ ਖ਼ੁਸ਼ ਮਿਜਾਜ਼ ਹਨ।



ਪਿੰਡ ਰੱਤੋਕੇ 'ਚ ਦੁਪਹਿਰ ਦਾ ਖਾਣਾ ਖਾਣ ਮੌਕੇ ਸਿੰਗਾਪੁਰ ਦੇ ਵਿਦਿਆਰਥੀ।

ਜਾਣਕਾਰੀ ਅਨੁਸਾਰ ਸਿੰਗਾਪੁਰ ਦੀ ਸਮਾਜ ਸੇਵੀ ਸੰਸਥਾ ਯੰਗ ਸਿੱਖ ਐਸੋਸੀਏਸ਼ਨ ਦੇ ਮੁਖੀ ਐਡਵੋਕੇਟ ਸਤਵੰਤ ਸਿੰਘ ਦੀ ਅਗਵਾਈ ਹੇਠ 20 ਵਿਦਿਆਰਥੀਆਂ ਦੀ ਟੀਮ ਪਿੱਛਲੇ ਤਿੰਨ ਦਿਨਾਂ ਤੋਂ ਪਿੰਡ ਰੱਤੋਕੇ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਸਮਾਜ ਸੇਵੀ ਕਾਰਜ ਵਿਚ ਜੁਟੀ ਹੋਈ ਹੈ। ਇਹ ਕਾਰਜ ਕਰੀਬ 24 ਦਸੰਬਰ ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ। ਸਕੂਲ ਦੀ ਨੁਹਾਰ ਬਦਲਣ ਅਤੇ ਸਹੂਲਤਾਂ ਨਾਲ ਲੈਸ ਕਰਨ ਵਾਸਤੇ ਯੰਗ ਸਿੱਖ ਐਸੋਸੀਏਸ਼ਨ ਵੱਲੋਂ ਕਰੀਬ 15 ਲੱਖ ਰੁਪਏ ਖਰਚ ਕੀਤੇ ਜਾ ਰਹੇ ਹਨ। ਭਾਵੇਂ ਇਸ ਟੀਮ ਨੂੰ ਰੱਤੋਕੇ ਪੁੱਜਿਆਂ ਤਿੰਨ ਦਿਨ ਬੀਤ ਚੁੱਕੇ ਹਨ। ਪਰ ਅਜੇ ਤੱਕ ਕਿਸੇ ਵੀ ਸਿਆਸੀ ਪਾਰਟੀ ਦੇ ਆਗੂ ਵੱਲੋਂ ਇਨ੍ਹਾਂ ਦੀ ਹੌਸਲਾ ਅਫ਼ਜਾਈ ਕਰਨ ਦੀ ਲੋੜ ਨਹੀਂ ਸਮਝੀ ਗਈ।

ਜ਼ਿਲ੍ਹਾ ਪ੍ਰਸ਼ਾਸਨ ਦੇ ਸੱਦੇ 'ਤੇ ਐਡਵੋਕੇਟ ਸਤਵੰਤ ਸਿੰਘ ਵੱਲੋਂ ਪਿੰਡ ਰੱਤੋਕੇ ਦੇ ਸਰਪੰਚ ਅਤੇ ਸਕੂਲ ਦੇ ਇੰਚਾਰਜ ਸੁਰਿੰਦਰ ਸਿੰਘ ਸਮੇਤ ਇਥੇ ਪੁੱਜ ਕੇ ਡਿਪਟੀ ਕਮਿਸ਼ਨਰ ਅਮਰਪ੍ਰਤਾਪ ਸਿੰਘ ਵਿਰਕ, ਵਧੀਕ ਡਿਪਟੀ ਕਮਿਸ਼ਨਰ ਉਪਕਾਰ ਸਿੰਘ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਨਾਲ ਮੁਲਾਕਾਤ ਕੀਤੀ ਗਈ। ਉਨ੍ਹਾਂ ਸਕੂਲ ਵਿੱਚ ਚੱਲ ਰਹੇ ਕਾਰਜ ਬਾਰੇ ਅਧਿਕਾਰੀਆਂ ਨੂੰ ਜਾਣੂ ਕਰਵਾਇਆ। ਸਰਪੰਚ ਅਤੇ ਸਕੂਲ ਇੰਚਾਰਜ ਨੇ ਅਧਿਕਾਰੀਆਂ ਨੂੰ ਸੱਦਾ ਦਿੱਤਾ ਕਿ ਉਹ ਸਕੂਲ ਦਾ ਕੰਮ ਮੁਕੰਮਲ ਹੋਣ ਮਗਰੋਂ 25 ਦਸੰਬਰ ਨੂੰ ਸਕੂਲ ਵਿੱਚ ਹੋਣ ਵਾਲੇ ਸਮਾਗਮ ਵਿੱਚ ਜ਼ਰੂਰ ਸ਼ਾਮਲ ਹੋਣ।

## ਸ਼ਿਕਾਗੋ 'ਚ ਭਾਰਤੀ ਵਿਦਿਆਰਥੀ ਨੂੰ ਗੋਲੀ ਮਾਰੀ

**ਨਿਊ ਯਾਰਕ/ਬਿਊਰੋ ਨਿਊਜ਼:** ਸ਼ਿਕਾਗੋ ਵਿੱਚ ਮਾਸਟਰਜ਼ ਕਰ ਰਹੇ 30 ਸਾਲਾ ਭਾਰਤੀ ਵਿਦਿਆਰਥੀ ਦੀ ਸੱਜੀ ਗੱਲ੍ਹ ਵਿੱਚ ਅਣਪਛਾਤੇ ਵਿਅਕਤੀ ਨੇ ਗੋਲੀ ਮਾਰ ਦਿੱਤੀ, ਜਿਸ ਕਾਰਨ ਉਹ ਗੰਭੀਰ ਜ਼ਖ਼ਮੀ ਹੋ ਗਿਆ। ਭਾਰਤ ਵਿੱਚ ਰਹਿੰਦੇ ਉਸ ਦੇ ਪਰਿਵਾਰ ਅਤੇ ਮੀਡੀਆ ਰਿਪੋਰਟਾਂ ਮੁਤਾਬਕ ਸ਼ਿਕਾਗੋ ਦੇ ਗੁਆਂਢ ਵਿੱਚ ਅਲਬੈਨੀ ਪਾਰਕ ਵਿੱਚ 6 ਦਸੰਬਰ ਨੂੰ ਗੋਲੀ ਲੱਗਣ ਕਾਰਨ ਮੁਹੰਮਦ ਅਕਬਰ ਗੰਭੀਰ ਰੂਪ ਵਿੱਚ ਫੱਟੜ ਹੋ ਗਿਆ।

'ਸ਼ਿਕਾਗੋ ਟ੍ਰਿਬਿਊਨ' ਨੇ ਪੁਲੀਸ ਦੇ ਹਵਾਲੇ ਨਾਲ ਲਿਖਿਆ ਕਿ ਬੁੱਧਵਾਰ ਨੂੰ ਸਵੇਰੇ ਪੌਣੇ ਕੁ ਨੌਂ ਵਜੇ ਇਕ ਵਿਅਕਤੀ ਉਸ ਕੋਲ ਆਇਆ ਅਤੇ ਗੋਲੀ ਦਾਗ ਦਿੱਤੀ। ਪੁਲੀਸ ਨੇ ਦੱਸਿਆ ਕਿ

ਬਾਕੀ ਸਫ਼ਾ 33 'ਤੇ

## ਟਾਈਮ ਮੈਗਜ਼ੀਨ ਨੇ ਕੈਨਸਾਸ ਗੋਲੀਬਾਰੀ ਦੇ ਨਾਇਕ ਨੂੰ ਸਨਮਾਨਿਆ

**ਹਿਊਸਟਨ/ਬਿਊਰੋ ਨਿਊਜ਼:** ਕੈਨਸਾਸ 'ਚ ਇਸ ਸਾਲ ਦੇ ਸ਼ੁਰੂ 'ਚ ਭਾਰਤੀ ਨੌਜਵਾਨਾਂ 'ਤੇ ਹੋਏ ਹਮਲੇ ਨੂੰ ਰੋਕਣ ਲਈ ਦਿਖਾਈ ਬਹਾਦਰੀ ਲਈ ਟਾਈਮ ਮੈਗਜ਼ੀਨ ਨੇ ਇਆਨ ਗ੍ਰਿਲਟ ਨੂੰ ਸਨਮਾਨਿਤ ਕੀਤਾ ਹੈ। ਜਲ ਸੈਨਾ ਦੇ ਸਾਬਕਾ ਅਧਿਕਾਰੀ ਵੱਲੋਂ ਕੀਤੀ ਗਈ ਗੋਲੀਬਾਰੀ 'ਚ 32 ਵਰ੍ਹਿਆਂ ਦਾ ਭਾਰਤੀ ਸ੍ਰੀਨਿਵਾਸ ਕੁਚੀਭੋਤਲਾ ਮਾਰਿਆ ਗਿਆ ਸੀ ਜਦਕਿ ਉਸ ਦਾ ਸਾਥੀ ਅਲੋਕ ਮਦਾਸਨੀ ਗੰਭੀਰ ਰੂਪ 'ਚ ਜ਼ਖ਼ਮੀ ਹੋ ਗਿਆ ਸੀ। ਇਸ ਹਮਲੇ 'ਚ ਗ੍ਰਿਲਟ ਵੀ ਜ਼ਖ਼ਮੀ ਹੋ ਗਿਆ ਸੀ। ਨਸਲੀ ਅਧਾਰ ਤੋਂ ਪ੍ਰੇਰਿਤ ਇਹ ਹਮਲਾ ਕੈਨਸਾਸ ਦੇ ਓਲਾਥੇ ਦੇ ਬਾਰ 'ਚ ਫਰਵਰੀ 'ਚ ਹੋਇਆ ਸੀ। ਗ੍ਰਿਲਟ ਦਾ ਨਾਮ ਮੈਗਜ਼ੀਨ ਦੇ 'ਪੰਜ ਨਾਇਕਾਂ' 'ਚ ਸ਼ੁਮਾਰ ਹੋਇਆ ਹੈ ਜਿਨ੍ਹਾਂ 2017 'ਚ ਆਸ ਦੀ ਕਿਰਨ ਜਗਾਈ ਹੈ। ਟਾਈਮ 'ਚ ਛਪੇ ਲੇਖ 'ਚ ਗ੍ਰਿਲਟ ਨੇ ਕਿਹਾ ਹੈ ਕਿ ਹਮਲੇ ਦੌਰਾਨ ਜੇਕਰ ਉਹ ਕੁਝ ਨਾ ਕਰਦਾ ਤਾਂ ਉਮਰ ਭਰ ਉਸ ਦੀ ਜ਼ਮੀਰ ਲਾਹਣਤਾਂ ਪਾਉਂਦੀ ਰਹਿੰਦੀ। ਇਸ ਸਾਲ ਦੇ ਸ਼ੁਰੂ 'ਚ ਗ੍ਰਿਲਟ ਨੂੰ ਭਾਰਤੀ-ਅਮਰੀਕੀ ਭਾਈਚਾਰੇ ਨੇ ਹਿਊਸਟਨ 'ਚ 'ਅਸਲ ਅਮਰੀਕੀ ਨਾਇਕ' ਦੇ ਖ਼ਿਤਾਬ ਨਾਲ ਸਨਮਾਨਿਆ ਸੀ ਅਤੇ ਇਕ ਲੱਖ ਡਾਲਰ ਇਕੱਠੇ ਕਰਕੇ ਉਸ ਨੂੰ ਕੈਨਸਾਸ 'ਚ ਘਰ ਖ਼ਰੀਦਣ 'ਚ ਸਹਾਇਤਾ ਕੀਤੀ ਸੀ। ਹਮਲੇ ਵਾਲੇ ਦਿਨ ਗ੍ਰਿਲਟ ਰੈਸਟੋਰੈਂਟ 'ਚ ਟੀਵੀ 'ਤੇ ਚਲ ਰਹੇ ਬਾਸਕਿਟਬਾਲ ਮੈਚ ਨੂੰ ਦੇਖ ਰਿਹਾ ਸੀ ਜਦੋਂ ਇਕ ਬੰਦੂਕਧਾਰੀ ਸ੍ਰੀਨਿਵਾਸ ਅਤੇ ਅਲੋਕ ਵੱਲ ਵਧਿਆ ਅਤੇ ਉਸ ਨੇ ਦੋਹਾਂ ਨੂੰ ਮੁਲਕ ਛੱਡਣ ਲਈ ਆਖਦਿਆਂ ਗੋਲੀਬਾਰੀ ਕਰ ਦਿੱਤੀ। ਗ੍ਰਿਲਟ ਨੇ ਜਦੋਂ ਹੋਰਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਤਾਂ ਹਮਲਾਵਰ ਨੇ ਉਸ ਦੀ ਛਾਤੀ 'ਚ ਗੋਲੀ ਮਾਰੀ। ਟਾਈਮ ਮੈਗਜ਼ੀਨ ਨੇ ਪ੍ਰਏਰਤੋ ਰਿਕੋ 'ਚ ਤੂਫਾਨ ਪੀੜਤਾਂ ਨੂੰ ਰਸਦ-ਪਾਣੀ ਮੁਹੱਈਆ ਕਰਾਉਣ ਵਾਲੇ ਖਾਨਸਾਮੇ, ਹਿਊਸਟਨ ਦੇ ਉਹ ਗੁਆਂਢੀ ਜਿਨ੍ਹਾਂ ਤੂਫ਼ਾਨ ਦੌਰਾਨ ਮਹਿਲਾ ਦੇ ਜਣੇਪੇ 'ਚ ਸਹਿਯੋਗ ਦਿੱਤਾ ਅਤੇ ਕੈਲੀਫੋਰਨੀਆ ਦਾ ਕੁੱਤਾ ਜਿਸ ਨੇ ਜੰਗਲ 'ਚ ਲੱਗੀ ਅੱਗ ਤੋਂ ਬਾਅਦ ਵੀ ਉਨ੍ਹਾਂ ਪਸ਼ੂਆਂ ਨੂੰ ਛੱਡਣ ਤੋਂ ਇਨਕਾਰ ਕਰ ਦਿੱਤਾ ਸੀ ਜਿਨ੍ਹਾਂ ਦੀ ਉਹ ਰਾਖੀ ਕਰ ਰਿਹਾ ਸੀ।

## ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਧਾਰਮਿਕ ਕਵੀ ਦਰਬਾਰ

**ਫਰੀਮਾਂਟ/ਬਿਊਰੋ ਨਿਊਜ਼:** ਅਮਰੀਕੀ ਪੰਜਾਬੀ ਕਵੀਆਂ ਵੱਲੋਂ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਅਤੇ ਪੰਥ ਦੇ ਮਹਾਨ ਕਵੀਸ਼ਰ ਜੋਗਾ ਸਿੰਘ ਜੋਗੀ ਜੀ ਦੀ ਯਾਦ ਨੂੰ ਸਮਰਪਿਤ ਬੜੀ ਸ਼ਰਧਾ ਭਾਵਨਾ ਨਾਲ ਸਜਾਏ ਗਏ ਦੀਵਾਨਾਂ ਵਿਚ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ। ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਮੰਚ ਸੰਭਾਲਦਿਆਂ ਕਿਹਾ ਕਿ ਕਵੀਸ਼ਰ ਜੋਗਾ ਸਿੰਘ ਜੋਗੀ ਦੇ ਬੀਰ ਰਸੀ ਪ੍ਰਸੰਗ ਹਮੇਸ਼ਾ ਕੌਮ ਨੂੰ ਹੌਸਲਾ ਅਤੇ ਉਤਸ਼ਾਹ ਬਖਸ਼ਣਗੇ। ਉਨ੍ਹਾਂ ਨੇ ਇਹ ਸਿੱਧ ਕਰ ਦਿੱਤਾ ਕਿ ਮਨੁੱਖ ਦੀ ਮਿਹਨਤ ਹੀ ਉਸ ਨੂੰ ਬੁਲੰਦੀ ਤੇ ਪਹੁੰਚ ਸਕਦੀ ਹੈ। 15 ਕੁ ਸਾਲ ਉਮਰ ਅਤੇ ਅਤਿ ਗਰੀਬੀ ਵਿਚੋਂ ਉਠ ਕੇ ਬਿਨ੍ਹਾਂ ਅਭਿਆਸ ਬਿਨ੍ਹਾਂ ਸਾਜ਼ ਹੀ ਕਵੀਸ਼ਰੀ ਸ਼ੁਰੂ ਕਰ ਦਿੱਤੀ। ਉਨ੍ਹਾਂ ਨੇ ਆਪਣੀ ਅਵਾਜ਼ ਨੂੰ ਹੀ ਸਾਜ਼ ਬਣਾ ਲਿਆ। ਹਾਜ਼ਰ ਕਵੀਆਂ ਜਸਦੀਪ ਸਿੰਘ ਫਰੀਮਾਂਟ, ਤਰਸੇਮ ਸਿੰਘ ਸੁੰਮਨ, ਪ੍ਰਮਿੰਦਰ ਸਿੰਘ ਪ੍ਰਵਾਨਾ, ਮਹਿੰਦਰ ਸਿੰਘ ਰਾਜਪੂਤ ਤੇ ਠਾਕੁਰ ਸਿੰਘ ਨੇ ਬੀਰ ਰਸ ਕਵਿਤਾਵਾਂ ਰਾਹੀਂ ਸੰਗਤਾਂ ਨਾਲ ਸਾਂਝ ਪਾਈ।

ਦੀਵਾਨਾਂ ਵਿਚ ਚਲਦੇ ਪ੍ਰੋਗਰਾਮ ਵਿਚ ਬਾਬਾ ਸ਼ਹੀਦ ਗੁਰਬਖ਼ਸ਼ ਸਿੰਘ ਜੀ ਤੇ ਵੀ ਵਿਚਾਰਾਂ ਹੋਈਆਂ ਕਿ ਬਾਬਾ ਜੀ ਨੇ ਅੰਮ੍ਰਿਤਸਰ ਦੀ ਰੱਖਿਆ ਲਈ ਬੇਮਿਸਾਲ ਸ਼ਹੀਦੀ ਦਿੱਤੀ ਹੈ ਜਿਨ੍ਹਾਂ ਨੇ ਮੁਠੀ ਭਰ ਸਿੰਘਾਂ ਨਾਲ ਅਬਦਾਲੀ ਦੀ ਫੌਜ ਨੂੰ ਵੱਡੀ ਟਕਰ ਦੇ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਦਸੰਬਰ 1704 ਦੀਆਂ ਇਨ੍ਹਾਂ ਸ਼ਹੀਦੀਆਂ ਨੇ ਸਿੱਖ ਕੌਮ ਲਈ ਬਹਾਦਰੀ ਦੇ ਪੂਰਨੇ ਪਾਏ ਹਨ।



ਭਾਈ ਦਿਲਬਾਗ ਸਿੰਘ ਭਾਈ ਸਬੇਗ ਸਿੰਘ ਜੀ ਦੇ ਜੱਥੇ ਵੱਲੋਂ ਹਮੇਸ਼ਾ ਦੀ ਤਰ੍ਹਾਂ ਰਸ ਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਗਿਆਨੀ ਅਨੂਪ ਸਿੰਘ ਜੀ ਅੰਮ੍ਰਿਤਸਰ ਵੱਲੋਂ ਕਥਾ ਵਿਚਾਰਾਂ ਦੀ ਸਾਂਝ ਪਾਈ ਗਈ। ਬੱਦੋਵਾਲ ਵਾਲੀਆਂ ਬੀਬੀਆਂ ਦੇ ਢਾਡੀ ਜਥੇ ਨੇ ਬੀਰ ਰਸ ਪ੍ਰਸੰਗਾਂ ਰਾਹੀਂ ਜੋਸ਼ ਭਰਿਆ।

ਪ੍ਰੋਗਰਾਮ ਨੂੰ ਸਫਲ ਬਨਾਉਣ ਵਿਚ ਭਾਈ ਜਸਦੇਵ ਸਿੰਘ, ਭਾਈ ਦਵਿੰਦਰ ਸਿੰਘ ਸਕੱਤਰ ਅਤੇ ਕਮਲਜੀਤ ਸਿੰਘ ਅਟਵਾਲ ਦਾ ਵਿਸ਼ੇਸ਼ ਸਹਿਯੋਗ ਰਿਹਾ।

## ਆਧਾਰ ਕਾਰਡ ਨਾਲ ਲਾਜ਼ਮੀ ਜੁੜਨ ਦੀ ਮਿਆਦ 31 ਮਾਰਚ ਤੱਕ ਵਧੇਗੀ

**ਨਵੀਂ ਦਿੱਲੀ/ਬਿਊਰੋ ਨਿਊਜ਼:** ਕੇਂਦਰ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਵੱਖ ਵੱਖ ਸੇਵਾਵਾਂ ਅਤੇ ਕਲਿਆਣ ਯੋਜਨਾਵਾਂ ਨੂੰ ਆਧਾਰ ਨਾਲ ਲਾਜ਼ਮੀ ਜੋੜਨ ਦੀ ਮਿਆਦ ਅਗਲੇ ਵਰ੍ਹੇ 31 ਮਾਰਚ ਤਕ ਛੇਤੀ ਵਧਾਈ ਜਾਵੇਗੀ। ਇਸ ਸਬੰਧੀ ਕੱਲ ਨੋਟੀਫਿਕੇਸ਼ਨ ਜਾਰੀ ਹੋ ਸਕਦਾ ਹੈ। ਚੀਫ਼ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਹੇਠਲੇ ਬੈਂਚ ਨੇ ਕਿਹਾ ਕਿ ਆਧਾਰ ਨੂੰ ਲਾਜ਼ਮੀ ਜੋੜਨ ਦੇ ਫ਼ੈਸਲੇ 'ਤੇ ਅੰਤਰਿਮ ਰੋਕ ਲਾਉਣ ਵਾਲੀਆਂ ਕਈ ਪਟੀਸ਼ਨਾਂ 'ਤੇ ਸੁਣਵਾਈ ਲਈ ਉਹ ਅਗਲੇ ਹਫ਼ਤੇ ਪੰਜ ਜੱਜਾਂ 'ਤੇ ਆਧਾਰਿਤ ਸੰਵਿਧਾਨਕ ਬੈਂਚ ਦਾ ਗਠਨ ਕੀਤਾ ਜਾ ਸਕਦਾ ਹੈ। ਆਧਾਰ

ਬਾਕੀ ਸਫ਼ਾ 32 'ਤੇ

## ਪੰਜਾਬ ਸਰਕਾਰ ਵਲੋਂ ਜ਼ਮੀਨਾਂ ਦੀ ਨਿਸ਼ਾਨਦੇਹੀ ਲਈ ਸਰਕਾਰੀ ਫੀਸ 'ਚ ਕੀਤੇ ਵਾਧੇ ਦਾ ਆਮ ਆਦਮੀ ਪਾਰਟੀ ਵਲੋਂ ਵਿਰੋਧ

**ਚੰਡੀਗੜ੍ਹ/ਸਿੱਖ ਸਿਆਸਤ ਬਿਊਰੋ:** ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਕੈਪਟਨ ਅਮਰਿੰਦਰ ਸਿੰਘ ਸਰਕਾਰ ਵਲੋਂ ਕਿਸਾਨਾਂ ਤੋਂ ਨਿਸ਼ਾਨਦੇਹੀ ਲਈ ਸਰਕਾਰੀ ਫੀਸ ਵਿੱਚ ਕੀਤੇ ਭਾਰੀ ਵਾਧੇ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕਰਦੇ ਹੋਏ ਇਸਨੂੰ ਕਿਸਾਨ ਵਰਗ ਉਪਰ ਜ਼ਬਰਦਸਤੀ ਥੋਪਿਆ ਜਜ਼ੀਆ ਕਰਾਰ ਦਿੱਤਾ ਹੈ। 'ਆਪ' ਵਲੋਂ ਜਾਰੀ ਸਾਂਝੇ ਪ੍ਰੈਸ ਬਿਆਨ ਰਾਹੀਂ ਆਮ ਆਦਮੀ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਅਤੇ ਵਿਧਾਇਕ ਅਮਨ ਅਰੋੜਾ, ਵਿਧਾਨ ਸਭਾ 'ਚ ਵਿਰੋਧੀ ਧਿਰ ਦੀ ਮੀਤ ਆਗੂ ਬੀਬੀ ਸਰਬਜੀਤ ਕੌਰ ਮਾਣੂੰਕੇ, ਕੁਲਤਾਰ ਸਿੰਘ ਸੰਧਵਾਂ, ਪ੍ਰੋ. ਬਲਜਿੰਦਰ ਕੌਰ, ਰੁਪਿੰਦਰ ਕੌਰ ਰੂਬੀ, ਨਾਜ਼ਰ ਸਿੰਘ ਮਾਨਸ਼ਾਹੀਆ, ਪ੍ਰਿੰਸੀਪਲ ਬੁੱਧ ਰਾਮ, ਜੈ ਕਿਸ਼ਨ ਸਿੰਘ ਰੋੜੀ, ਪਿਰਮਲ ਸਿੰਘ, ਮੀਤ ਹੇਅਰ ਅਤੇ ਕੁਲਵੰਤ ਸਿੰਘ ਪੰਡੋਰੀ (ਸਾਰੇ ਵਿਧਾਇਕ) ਨੇ ਕੈਪਟਨ ਅਮਰਿੰਦਰ ਸਿੰਘ ਨੂੰ ਇਹ ਕਿਸਾਨ ਵਿਰੋਧੀ ਫੈਸਲਾ ਤੁਰੰਤ ਵਾਪਸ ਲੈਣ ਦੀ ਮੰਗ ਕਰਦਿਆਂ ਪੁੱਛਿਆ ਕਿ ਪਹਿਲਾਂ ਹੀ ਕਰਜ਼ ਅਤੇ ਲਾਗਤ ਦੇ ਮੁਕਾਬਲੇ ਵੱਧ ਖਰਚਿਆਂ ਕਾਰਨ ਟੁੱਟ ਚੁੱਕੇ ਕਿਸਾਨਾਂ ਉਪਰ ਕਰੋੜਾਂ ਰੁਪਏ ਦਾ ਵਾਧੂ ਭਾਰ ਪਾ ਕੇ ਕਾਂਗਰਸ ਸਰਕਾਰ ਕੀ ਸੰਦੇਸ਼ ਦੇਣਾ ਚਾਹੁੰਦੀ ਹੈ?

ਬਾਕੀ ਸਫ਼ਾ 32 'ਤੇ

## ਸਿੱਖ ਭਾਈਚਾਰੇ ਵਲੋਂ ਕ੍ਰਿਸ਼ਿਮਸ ਪਰੇਡ ਸਮੇਂ ਯੋਗਦਾਨ, ਅਮਰੀਕਨ ਬੱਚਿਆਂ ਨੂੰ ਸਾਈਕਲ ਅਤੇ ਤੋਹਫ਼ੇ ਵੰਡਣ ਲਈ ਪਾਇਆ ਹਿੱਸਾ

**ਫਰਿਜ਼ਨੋ/(ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਚੋਖੀ ਸਿੱਖ ਵਸੋਂ ਇਲਾਕੇ ਦੇ ਇਸ ਸ਼ਹਿਰ ਦੀ ਸਲਾਨਾ ਕ੍ਰਿਸ਼ਮਿਸ ਪਰੇਡ ਸਮੇਂ ਫਰਿਜ਼ਨੋ ਇਲਾਕੇ ਦੇ ਸਮੁੱਚੇ ਸਿੱਖ ਭਾਈਚਾਰੇ 'We are Sikhs' ਦੇ ਬੈਨਰ ਹੇਠ ਅਮਰੀਕਨ ਬੱਚਿਆਂ ਨੂੰ ਸਾਈਕਲ ਅਤੇ ਹੋਰ ਤੋਹਫ਼ੇ ਵੰਡਣ ਲਈ ਦਸ ਹਜ਼ਾਰ ਡਾਲਰ ਦੀ ਰਾਸ਼ੀ ਦਾ ਹਿੱਸਾ ਪਾਇਆ। ਇਸ ਸਮੇਂ ਚਲ ਰਹੇ ਲੋਕਾਂ ਲਈ ਰਸਤੇ ਵਿੱਚ 'ਮੀਰੀ-ਪੀਰੀ' ਨਾਂ ਦੀ ਸਿੱਖ ਜੱਥੇਬੰਦੀ ਵੱਲੋਂ ਚਾਹ, ਕੌਫੀ ਅਤੇ ਡੋਨਟਸ (Donuts) ਦੇ ਲੰਗਰ ਲਾਏ ਹੋਏ ਸਨ। ਅਜਿਹਾ ਪਹਿਲੀ ਵਾਰ ਹੋਇਆ ਕਿ ਸਿੱਖ ਭਾਈਚਾਰੇ ਨੇ ਸਮੁੱਚੇ ਅਮਰੀਕਨ ਭਾਈਚਾਰੇ ਵਿੱਚ ਆਪਣੀ ਪਹਿਚਾਣ ਬਣਾਉਣ ਅਤੇ ਉਨ੍ਹਾਂ ਦੇ ਇਸ ਸਮਾਗਮ ਵਿੱਚ ਹਿੱਸਾ ਲੈ ਕੇ ਸਲਾਘਾਯੋਗ ਕੰਮ ਕੀਤਾ। ਸਿੱਖ ਰਾਈਡਰਜ਼ ਆਫ ਅਮਰੀਕਾ' ਬੇਕਰਸ਼ਫੀਲਡ ਦੇ ਸਿੱਖ ਨੌਜਵਾਨਾਂ ਨੇ ਵੀ ਪਰੇਡ ਦੌਰਾਨ ਹਿੱਸਾ ਲਿਆ। ਇਸ ਪਰੇਡ ਵਿੱਚ ਬੋਲਦੇ ਹੋਏ ਗੁਰਨੇਕ ਸਿੰਘ ਬਾਗੜੀ ਨੇ ਕਿਹਾ ਕਿ ਸਮੁੱਚਾ ਭਾਈਚਾਰਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਨੂੰ ਅੱਗੇ ਤੋਰ ਰਿਹਾ ਹੈ। ਗੁਰਦੀਪ ਸ਼ੇਰਗਿੱਲ ਨੇ ਲੰਗਰਾਂ ਦੀ ਪ੍ਰਸ਼ੰਸਾ ਕੀਤੀ। ਸਮੁੱਚੇ ਤੌਰ 'ਤੇ ਸਮੁੱਚੇ ਅਮਰੀਕਨ ਭਾਈਚਾਰੇ ਦੀ ਇਸ ਪਰੇਡ ਦੌਰਾਨ ਸਿੱਖ





ਭਾਈਚਾਰੇ ਨੂੰ ਪਹਿਚਾਣ ਦੇ ਨਾਲ ਬਹੁਤ ਸਲਾਘਾਯੋਗ ਸਨਮਾਨ ਵੀ ਮਿਲਿਆ। ਭਾਈਚਾਰੇ ਦੇ ਮੋਹਤਬਰਾਂ ਦਾ ਵਿਚਾਰ ਹੈ ਸਮੇਂ ਦੀ ਅਨੁਸਾਰ ਸਾਨੂੰ ਸਭ ਨੂੰ ਆਪਣੇ ਭਾਈਚਾਰੇ ਦੇ ਨਾਲ-ਨਾਲ ਦੂਸਰੇ ਭਾਈਚਾਰੇ ਦੇ ਸਮਾਗਮਾਂ ਵਿਚ ਵੀ ਵੱਧ ਚੜ ਹਿੱਸਾ ਲੈਣਾ ਚਾਹੀਦਾ ਹੈ ਅਤੇ ਆਪਣੀ ਪਹਿਚਾਣ ਵਰਗੇ ਪ੍ਰਸ਼ਨਾਂ ਦੇ ਉੱਤਰ ਉਨ੍ਹਾਂ ਨੂੰ ਸ਼ਹਿਜਤਾ ਨਾਲ ਦੇਣੇ ਚਾਹੀਦੇ ਹਨ। ਦਸਣਯੋਗ ਹੈ ਕਿ ਨੈਸ਼ਨਲ ਸਿਖ ਕੈਂਪੇਨ ਨੇ ਇਸੇ ਸਾਲ ਅਪ੍ਰੈਲ ਵਿਚ "ਵੀ ਆਰ ਸਿਖ ਕੈਂਪੇਨ" ਸ਼ੁਰੂ ਕੀਤੀ ਸੀ ਤੇ ਇਹ ਨੈਸ਼ਨਲ ਕੈਬਲ ਟੀ ਵੀ 'ਤੇ ਇਕ ਐਡ ਵੀ ਚਲਾਉਂਦੀ ਹੈ। ਇਸ ਵਾਰ ਸਿੱਖਾਂ ਨੇ ਗਰੀਬ ਬੱਚਿਆਂ ਨੂੰ 1000 ਤੋਂ ਵੱਧ ਸਾਈਕਲਾਂ ਦਾਨ ਕੀਤੀਆਂ। ਇਹ ਗਿਣਤੀ ਪਿਛਲੇ ਸਾਲ ਨਾਲੋਂ 200 ਵੱਧ ਹੈ। ਇਸ ਮੌਕੇ ਬਿਲ ਸਿੰਘ ਨਿੱਝਰ ਨੇ ਕਿਹਾ ਕਿ ਅਸੀ ਇਸ ਸੇਵਾ ਦਾ ਹਿੱਸਾ ਬਣ ਕੇ ਮਾਣ ਮਹਿਸੂਸ ਕਰਦੇ ਹਾਂ। ਉਨ੍ਹਾਂ ਨੇ ਕਿਹਾ ਕਿ ਅਸੀ ਸਿੱਖੀ ਦੇ ਸਿਧਾਂਤ ਕਿਰਤ ਕਰਨੀ ਤੇ ਵੰਡ ਛਕਣੀ 'ਤੇ ਪਹਿਰਾ ਦਿੰਦਿਆਂ ਇਹੋ ਜਿਹੇ ਕਾਰਜ ਕਰਨਾ ਜਾਰੀ ਰਖਾਂਗੇ। ਅਸੀ ਫਰਿਜ਼ਨੋ ਵਿਚ ਭਾਈਚਾਰੇ ਦਾ ਹਿੱਸਾ ਹਾਂ ਅਤੇ ਸਾਨੂੰ ਆਪਣੇ ਗੁਆਂਢੀਆਂ ਨਾਲ ਖੜਨਾ ਚਾਹੀਦਾ ਹੈ। ਅੰਮ੍ਰਿਤਪਾਲ ਸਿੰਘ ਦਾ ਕਹਿਣਾ ਸੀ ਕਿਹਾ ਕਿ ਅਸੀ ਗੁਰੂ ਨਾਨਕ ਦੇਵ ਜੀ ਦੇ ਸਿੱਖ ਹਾਂ ਤੇ ਲੋੜਵੰਦਾਂ ਦੀ ਸੇਵਾ ਕਰਨਾ ਸਾਡਾ ਫਰਜ਼ ਹੈ। ਅਸੀ ਅਮਰੀਕੀ ਅਤੇ ਸਿਖ ਹੋਣ ਦੇ ਨਾਤੇ ਸਾਨੂੰ ਸਾਡੇ ਭਾਈਚਾਰੇ ਦੀ ਸੇਵਾ ਕਰਨਾ ਜਾਰੀ ਰੱਖਣਾ ਚਾਹੀਦਾ ਹੈ। ਦਸਣਯੋਗ ਹੈ ਕਿ ਫਰਿਜ਼ਨੋ ਤੇ ਆਲੇ ਦੁਆਲੇ ਦੇ ਇਲਾਕਿਆਂ ਵਿਚ 50,000 ਤੋਂ ਵੱਧ ਸਿੱਖ ਹਨ। ਫਰਿਜ਼ਨੋ ਵਿਚ ਐਡ ਕੈਂਪੇਨ ਤੋਂ ਬਾਅਦ ਕੀਤੀ ਗਈ ਚੋਣ ਨੇ ਸਿਖਾਂ ਪ੍ਰਤੀ ਹਾਂਪੱਖੀ ਧਾਰਨਾ ਵਿਚ ਅਹਿਮ ਵਾਧਾ ਕੀਤਾ ਹੈ। ਫਰਿਜ਼ਨੋ ਦੇ 59 ਫੀਸਦੀ ਵਾਸੀ ਮੰਨਦੇ ਹਨ ਕਿ ਉਹ ਸਿਖਾਂ ਬਾਰੇ ਕਾਫੀ ਜਾਣ ਗਏ ਹਨ, 68 ਫੀਸਦੀ ਸਿੱਖਾਂ ਨੂੰ ਚੰਗੇ ਗੁਆਂਢੀ ਵਜੋਂ ਵੇਖਦੇ ਹਨ ਅਤੇ 64 ਫੀਸਦੀ ਲੋਕ ਸਿੱਖਾਂ ਨੂੰ ਦਿਆਲੂ ਅਤੇ ਭਦਰਪੁਰਸ਼ ਵਜੋਂ ਵੇਖਦੇ ਹਨ।

## ਦਿਨ ਪੋਹ ਦੇ ਸਾਨੂੰ ਵੀ ਭੁੱਲਦੇ ਨਹੀਂ

**ਇਕਵਾਕ ਸਿੰਘ ਪੱਟੀ**

# ਸਾਕਾ ਸਰਹੰਦ

ਸਿੱਖ ਕੌਮ ਕੋਲ ਦੇਸ਼, ਧਰਮ, ਕੌਮ ਲਈ ਕੀਤੀਆਂ ਗਈਆਂ ਕੁਰਬਾਨੀਆਂ ਦੇ ਉਹ ਸਾਕੇ ਹਨ, ਜਿੰਨ੍ਹਾਂ ਦੀ ਮਿਸਾਲ ਸੰਸਾਰ ਦੇ ਇਤਿਹਾਸ ਵਿੱਚ ਕਿਧਰੇ ਨਹੀਂ ਮਿਲਦੀ। ਇ੍ਹਨਾਂ ਵਿੱਚੋਂ ਹੀ —ਸਾਕਾ ਸਰਹੰਦ' ਜਾਂ —ਨਿੱਕੀਆਂ ਜਿੰਦਾਂ ਵੱਡਾ ਸਾਕਾ' ਇੱਕੋ ਇੱਕ ਅਜਿਹਾ ਸਾਕਾ ਹੈ, ਜਿਸ ਵਿੱਚ ਕੇਵਲ 6 ਅਤੇ 8 ਸਾਲ ਦੀਆਂ ਉਹ ਮਹਾਨ ਆਤਮਾਵਾਂ ਨੇ ਵਜ਼ੀਰ ਖਾਂ ਦੀ ਕਚਹਿਰੀ ਵਿੱਚ ਅਣਖ਼ ਅਤੇ ਗ਼ੈਰਤ ਦਾ ਅਜਿਹਾ ਸਬੂਤ ਦਿੱਤਾ ਜਿਸਦੀ ਮਿਸਾਲ ਦੁਨੀਆ ਦੇ ਇਤਿਹਾਸ ਵਿੱਚ ਕਿਧਰੇ ਵੀ ਵੇਖਣ ਨੂੰ ਨਹੀਂ ਮਿਲਦੀ ।ਅੱਜ ਵੀ ਇਸ ਸਾਕੇ ਤੋਂ ਰੋਸ਼ਨੀ ਲੈ ਕੇ ਗੁਰੂ ਨਾਨਕ ਨਾਮ ਲੇਵਾ ਸਿੱਖ ਜਿਥੇ ਵੀ ਵੱਸਦਾ ਹੈ, ਆਪਣੇ ਧਰਮ ਲਈ, ਮਾਨਵਤਾ ਦੇ ਲਈ ਮਰ ਮਿਟਣ ਲਈ ਹਮੇਸ਼ਾਂ ਤਿਆਰ ਰਹਿੰਦਾ ਹੈ।

ਗੱਲ ਉਸ ਸਮੇਂ ਦੀ ਹੈ ਜਦੋਂ ਪਹਾੜੀ ਰਾਜਿਆਂ ਨੇ ਸ੍ਰੀ ਅਨੰਦਪੁਰ ਸਾਹਿਬ ਜੀ ਨੂੰ ਘੇਰਾ ਪਾ ਲਿਆ ਅਤੇ 6-7 ਮਹੀਨੇ ਘੇਰਾ ਜਾਰੀ ਰਿਹਾ। ਫਿਰ ਦੁਸ਼ਮਣਾਂ ਨੇ ਸਤਿਗੁਰੂ ਜੀ ਕੋਲ ਝੂਠੀਆਂ ਕਸਮਾਂ ਖਾਧੀਆਂ ਕਿ ਆਪ ਜੀ ਕਿਲ੍ਹੇ ਨੂੰ ਖਾਲੀ ਕਰ ਦੇਵੋ ਅਸੀਂ ਆਪ ਜੀ ਨੂੰ ਕੁਝ ਨਹੀਂ ਕਹਾਂਗੇ। ਅਤੇ ਗੁਰੂ ਸਾਹਿਬ ਨੇ ਸਰਬੱਤ ਦੇ ਭਲੇ ਅਤੇ ਮਨੁੱਖਤਾ ਦੀ ਭਲਾਈ ਲਈ ਸ੍ਰੀ ਅਨੰਦਪੁਰ ਸਾਹਿਬ ਨੂੰ ਛੱਡਿਆ ਅਤੇ ਅਜੇ ਕੁੱਝ ਦੂਰ ਹੀ ਗਏ ਸਨ ਕਿ ਦੁਸ਼ਮਣਾਂ ਦੇ ਟਿੱਡੀ ਦਲ ਨੇ ਖਾਧੀਆਂ ਹੋਈਆਂ ਕਸਮਾਂ ਨੂੰ ਛਿੱਕੇ ਤੇ ਟੰਗਦਿਆਂ ਸਿੱਖਾਂ ਉਪਰ ਹਮਲਾ ਬੋਲ ਦਿੱਤਾ। ਅੱਗੇ ਸਿਰਸਾ ਨਦੀ ਵੀ ਚੜ੍ਹੀ ਹੋਈ ਸੀ। ਮੈਦਾਨ-ਏ-ਜੰਗ ਵਿੱਚ ਸਰਸਾ ਦੇ ਕੰਢੇ ਤੋਂ ਜਦੋਂ ਸਾਹਿਬੇ ਕਮਾਲ ਚੋਜੀ ਪ੍ਰੀਤਮ ਗੁਰੂ ਗੋਬਿੰਦ ਸਿੰਘ ਜੀ ਦਾ ਪਰਿਵਾਰ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ ਅਤੇ ਫਿਰ ਕਦੇ ਵੀ ਮੇਲ ਨਾ ਹੋ ਸਕਿਆ। ਤਾਂ ਪਰਿਵਾਰ ਨਾਲੋਂ ਵੱਖ ਹੋਏ ਛੋਟੇ ਸਾਹਿਬਜ਼ਾਦਿਆਂ ਨੂੰ ਗੰਗੂ ਆਪਣੇ ਪਿੰਡ ਲੈ ਗਿਆ ਅਤੇ ਲਾਲਚ ਵੱਸ ਆ ਕੇ ਛੋਟੇ ਸਾਬਿਜ਼ਾਦਿਆਂ ਦੀ ਸੂਹ ਮੋਰਿੰਡੇ ਦੇ ਥਾਣੇ ਵਿੱਚ ਜਾ ਕੇ ਸਮੇਂ ਦੀ ਜ਼ਾਲਮ ਸਰਕਾਰ ਨੂੰ ਦੇ ਦਿੱਤੀ। ਕਿ ਗੁਰੂ ਗੋਬਿੰਦ ਸਿੰਘ ਦੇ ਮਾਤਾ ਜੀ ਅਤੇ ਲਾਲ ਮੇਰੇ ਘਰ ਵਿੱਚ ਹਨ। ਤੁਸੀਂ ਉਹਨਾਂ ਨੂੰ ਗ੍ਰਿਫਤਾਰ ਕਰ ਲਵੋ ਅਤੇ ਸੂਹ ਦੇਣ ਬਦਲੇ ਰੱਖਿਆ ਇਨਾਮ ਮੈਨੂੰ ਦੇ ਦੇਵੋ। ਜਿਸ ਦੀ ਬਦੌਲਤ ਮਾਤਾ ਗੁਜਰੀ ਜੀ ਅਤੇ ਮਾਸੂਮ ਜਿੰਦਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ।ਇਹ ਦਸੰਬਰ ਮਹੀਨੇ ਦੀ ਠੰਡੀ ਰਾਤ ਸੀ ਜਦ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਠੰਡੇ ਬੁਰਜ ਅੰਦਰ ਕੈਦ ਕੀਤਾ ਗਿਆ ਸੀ ।

ਜਦੋਂ ਅਗਲੇ ਦਿਨ ਮਾਸੂਮ ਜਿੰਦਾਂ ਨੂੰ ਵਜ਼ੀਰ ਖਾਂ ਦੀ ਕਚਹਿਰੀ ਅੰਦਰ ਪੇਸ਼ ਕੀਤਾ ਜਾਣ ਲੱਗਾ ਤਾਂ ਉਸ ਵਜ਼ੀਰ ਖਾਂ ਨੇ ਸ਼ਰਾਰਤ ਨਾਲ ਕਿਲ੍ਹੇ ਦਾ ਵੱਡਾ ਦਰਵਾਜਾ ਬੰਦ ਕਰਵਾ ਦਿੱਤਾ ਅਤੇ ਛੋਟੀ ਖਿੜਕੀ ਖੋਲ੍ਹ ਦਿੱਤੀ ਤਾਂ ਕਿ ਜਦ ਛੋਟੇ ਸਾਹਿਬਜ਼ਾਦੇ ਅੰਦਰ ਆਉਣਗੇ ਤਾਂ ਉਹਨਾਂ ਦਾ ਸੀਸ ਝੁਕ ਜਾਵੇਗਾ ਅਤੇ ਅਸੀਂ ਤਾੜੀ ਮਾਰ ਕੇ ਆਖਾਂਗੇ ਕਿ —ਗੁਰੂ ਦਾ ਸਿੱਖ ਝੁੱਕ ਗਿਆ।' ਪਰ, ਇਸਦੇ ਉਲਟ ਜਦ ਸਾਹਿਬਜ਼ਾਦੇ ਅੰਦਰ ਪ੍ਰਵੇਸ਼ ਕਰਨ ਲੱਗੇ ਤਾਂ ਪਹਿਲਾਂ ਖਿੜਕੀ ਰਾਹੀਂ ਆਪਣੇ ਪੈਰ ਅੰਦਰ ਕੀਤੇ ਫਿਰ ਸੀਸ ਅਤੇ ਛਾਤੀ ਤਾਨ ਕੇ ਗੱਜ ਕੇ ਫਤਹਿ ਬੁਲਾ ਦਾ ਦਿੱਤੀ। ਕੋਲ ਖੜ੍ਹਾ ਸੁੱਚਾ ਨੰਦ ਦੇ ਸੱਤੀਂ ਕੱਪੜੀਂ ਅੱਗ ਲੱਗ ਗਈ ਅਤੇ ਕਹਿਣ ਲੱਗਾ, ਉਓਏ ! ਇਹ ਤੁਹਾਡੇ ਗੁਰੂ ਗੋਬਿੰਦ ਸਿੰਘ ਦਾ ਦਰਬਾਰ ਨਹੀਂ। ਇਹ ਸੂਬਾ ਸਰਹੰਦ ਵਜ਼ੀਰ ਖਾਂ ਦੀ ਕਚਹਿਰੀ ਹੈ, ਝੁੱਕ ਕੇ ਸਲਾਮ ਕਰੋ ।" ਤਾਂ ਸਾਹਿਬਜ਼ਾਦਿਆਂ ਦਾ ਜੁਆਬ ਸੀ, ਉਸਾਨੂੰ ਪਤਾ ਹੈ, ਪਰ ਇਹ ਗੁਰੂ ਘਰ ਦਾ ਸਿਧਾਂਤ ਹੈ ਕਿ ਜਿੱਥੇ ਵੀ ਜਾਣਾ ਹੈ ਗੱਜ ਕੇ ਫ਼ਤਹਿ ਹੀ ਬੁਲਾਉਣੀ ਹੈ।

ਕਹਿੰਦੇ ਨੇ ਵਜ਼ੀਰ ਖਾਂ ਦੀ ਕਚਹਿਰੀ ਦੇ ਅੰਦਰ ਜੇਕਰ ਕਿਸੇ ਦਾ ਈਮਾਨ ਡੁਲ੍ਹਾਉਣਾ ਹੋਵੇ ਤਾਂ ਤਿੰਨ ਤਰੀਕਿਆਂ ਨਾਲ ਡੁਲ੍ਹਾਇਆ ਜਾਂਦਾ ਹੈ ।ਪਹਿਲਾਂ ਕਿਸੇ ਨੂੰ ਬਹੁੱਤਾ ਪਿਆਰ ਕਰ ਲਵੋ ਤਾਂ ਉਹ ਡੋਲ੍ਹ ਜਾਂਦਾ ਹੈ ।ਦੂਜਾ ਲਾਲਚ ਨਾਲ ਅਤੇ ਤੀਜਾ ਡਰਾਵਾ ਦੇ ਕੇ ।ਇਹ ਤਿੰਨੇ ਤਰੀਕੇ ਗੁਰੂ ਕੇ ਲਾਲਾਂ ਤੇ ਵੀ ਅਜ਼ਮਾਏ ਗਏ।

ਪਹਿਲਾਂ ਬੱਚਿਆਂ ਨੂੰ ਬੜੇ ਪਿਆਰ ਨਾਲ ਪੁਛਿਆ ਗਿਆ ਕਿ, —ਬੱਚਿਓ ! ਜੇ ਤੁਹਾਨੂੰ ਛੱਡ ਦਿੱਤਾ ਜਾਵੇ ਤਾਂ ਤੁਸੀਂ ਵੱਡੇ ਹੋ ਕੇ ਕੀ ਕਰੋਗੇ ? ਲ਼ਾਲ ਕਹਿਣ ਲੱਗੇ:

ਉਵਿੱਚ ਜੰਗਲਾਂ ਜਾਵਾਂਗੇ, ਸਿੱਖਾਂ ਨੂੰ ਜੋੜ ਲਿਆਵਾਂਗੇ (ਭਾਵ ਇਕੱਠੇ ਕਰਾਂਗੇ)

ਸ਼ਸਤਰ ਇਕੱਠੇ ਕਰਾਂਗੇ, ਘੋੜਿਆਂ ਉਪਰ ਚੜ੍ਹਾਂਗੇ, ਨਾਲ ਤੁਹਾਡੇ ਲੜਾਂਗੇ।"

ਦਰਬਾਰੀ ਕਹਿਣ ਲੱਗੇ ਕਿ ਇਹ ਸਪੋਲੀਏ ਹਨ , ਇਹਨਾਂ ਨੂੰ ਜਿਉਂਦਿਆਂ ਨਹੀਂ ਛੱਡਣਾ ਚਾਹੀਦਾ। ਪਰ ਫਿਰ ਇੱਕ ਵਾਰੀ ਪਿਆਰ ਨਾਲ ਕਿਹਾ ਜਾਣ ਲੱਗਾ: ਤੁਸੀਂ ਬੜੇ ਮਾਸੂਮ ਹੋ, ਨਿੱਕੀਆਂ ਜਿੰਦਾਂ ਹੋ, ਤੁਹਾਨੂੰ ਕੋਹ-ਕੋਹ ਕੇ ਮਾਰ ਦਿੱਤਾ ਜਾਵੇਗਾ, ਇਸ ਲਈ ਜਿੰਦਗੀ ਜੀਉਣ ਲਈ ਸਿੱਖੀ ਦਾ ਤਿਆਗ ਕਰ ਦਿਉ ।" ਅੱਗੋਂ ਸਾਹਿਬਜ਼ਾਦੇ ਕਹਿਣ ਲੱਗੇ :

ਉਦਸਮੇਸ਼ ਪਿਤਾ ਦੇ ਬੱਚੜੇ ਹਾਂ, ਭਾਗਾਂ ਵਾਲੀ ਮਾਂ ਦੇ ਜਣੇ ਹੋਏ ਹਾਂ,

ਉਤੋਂ ਮੱਖਣ ਵਰਗਾ ਮਾਹੌਲ ਨਾ ਸਮਝੀਂ, ਅੰਦਰੋਂ ਫੌਲਾਦ ਦੇ ਬਣੇ ਹੋਏ ਹਾਂ ।"

ਤਾਂ ਵਜ਼ੀਰ ਖਾਂ ਕਹਿਣ ਲੱਗਾ, ਉਤੁਸੀਂ ਜੇਕਰ ਮੇਰੀ ਗੱਲ ਨਾ ਮੰਨੀ ਤਾਂ ਤੁਹਾਨੂੰ ਸ਼ਹੀਦ ਕਰ ਦਿੱਤਾ ਜਾਵੇਗਾ" ਤਾਂ ਗੁਰੂ ਕੇ ਲਾਲ ਕਹਿਣ ਲੱਗੇ, ਉਇਹ ਸ਼ਹਾਦਤਾਂ ਦਾ ਡਰ ਕਿਸੇ ਹੋਰ ਨੂੰ ਦੇਵੀਂ, ਅਸੀਂ ਸ਼ਹੀਦੀ ਤੋਂ ਡਰਨ ਵਾਲੇ ਨਹੀਂ ।ਅਸੀ ਕੌਮ ਤੋਂ ਕੁਰਬਾਨ ਹੋਣਾ ਚੰਗੀ ਤਰ੍ਹਾਂ ਜਾਣਦੇ ਹਾਂ। ਸਾਨੂੰ ਗੁਰੂ ਨਾਨਕ ਪਾਤਸ਼ਾਹ ਜੀ ਨੇ ਇਹ ਗੁੜ੍ਹਤੀ ਦਿੱਤੀ ਹੈ ਕਿ :

ਜਉ ਤਉ ਪ੍ਰੇਮ ਖੇਲਣ ਕਾ ਚਾਉ।। ਸਿਰੁ ਧਰਿ ਤਲੀ ਗਲੀ ਮੇਰੀ ਆਉ ।।

ਇਤੁ ਮਾਰਗਿ ਪੈਰੁ ਧਰੀਜੈ ।। ਸਿਰੁ ਦੀਜੈ ਕਾਣਿ ਨ ਕੀਜੈ ।।

(ਸਲੋਕ ਵਾਰਾਂ ਤੇ ਵਧੀਕ ਮ.1, ਪੰਨਾ 1412)

ਵਜ਼ੀਰ ਖਾਂ ਕਹਿਣ ਲੱਗਾ, ਉਜ਼ੋਰਾਵਰ ਸਿੰਘ, ਔਹ ਵੇਖ ਲੈ ਆਰ ਦੇ ਦੰਦੇ ।"

ਤਾਂ ਅਗੋਂ ਜਵਾਬ ਸੀ, ਉਮਤੀ ਦਾਸ ਦੇ ਸਿਰ —ਤੇ ਐ



ਜ਼ਾਲਮ, ਇਹ ਦੰਦੇ ਅਜ਼ਮਾ ਕੇ ਵੇਖ ਲਏ ਨੇ ।"

ਵਜ਼ੀਰ ਖਾਂ ਫਿਰ ਕਹਿਣ ਲੱਗਾ, ਸੋਚ ਫਤਹਿ ਸਿੰਘ ਸੋਚ, ਨਹੀਂ ਤਾਂ ਮੱਛੀ ਵਾਂਗੂ ਲੋਹ ਤੇ ਤਲਸਾ।"

ਤਾਂ ਅਗੋਂ ਜਵਾਬ ਸੀ,ਉਓਏ ਮੇਰੇ ਬਾਬੇ ਅਰਜਨ ਨੇ, ਇਸਤੇ ਵੀ ਅੰਗ ਤੁਲਵਾ ਕੇ ਦੇਖ ਲਏ ਨੇ।"

ਤਾਂ ਵਜ਼ੀਰ ਖਾਂ ਕਹਿਣ ਲੱਗਾ, ਉਜ਼ੋਰਾਵਰ ਸਿੰਘ ਦੇਗਾਂ ਵਿੱਚ ਆਲੂਆਂ ਵਾਗ ਉਬਾਲੇ ਜਾਸੋ ।"

ਅਗੋਂ ਜਵਾਬ ਆਇਆ, ਉਓਏ ਗੁਰਸਿੱਖੀ ਲਈ ਭਾਈ ਦਿਆਲੇ ਨੇ, ਕਈ ਉਬਾਲੇ ਖਾ ਕੇ ਦੇਖ ਲਏ ਨੇ।"

ਸਾਹਿਬਜ਼ਾਦੇ ਕਹਿਣ ਲੱਗੇ, ਉਤੂੰ ਜਿੰਨਾਂ ਮਰਜ਼ੀ ਜ਼ੁਲਮ ਕਰ ਲੈ, ਪਰ ਸਾਨੂੰ ਆਪਣੀ ਈਨ ਨਹੀਂ ਮੰਨਵਾ ਸਕਦਾ, ਅਸੀਂ ਕਿਸੇ ਵੀ ਹਾਲਤ ਵਿੱਚ ਸਿੱਖੀ ਨਹੀਂ ਛੱਡਾਂਗੇ।" ਅਸੀਂ ਸਿੱਖ ਹਾਂ ਅਤੇ ਆਪਾ ਮਿਟਾ ਕੇ ਗੁਰੂ ਦੇ ਵਿੱਚ ਲੀਨ ਹੋਵਾਂਗੇ, ਕਿਉਂਕਿ ਜੋ ਸਿੱਖ ਉਸਨੇ ਆਪਣਾ ਤਨ, ਮਨ ਅਤੇ ਧਨ ਗੁਰੂ ਨੂੰ ਹੀ ਅਰਪਣ ਕਰਨਾ ਹੈ ਅਤੇ ਸਿਰਫ ਗੁਰੂ ਪਾਤਸ਼ਾਹ ਜੀ ਦੇ ਹੁਕਮ ਨੂੰ ਹੀ ਸਤਿ ਸਤਿ ਕਰਕੇ ਮੰਨਣਾ ਹੈ। ਸਾਡਾ ਸਿਧਾਂਤ ਹੈ ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ।।

(ਰਾਮਕਲੀ ਮ. 3, ਪੰਨਾ 918)

ਹੁਣ ਦੂਸਰਾ ਤਰੀਕਾ ਵਰਤਿਆ ਜਾਣ ਲੱਗਾ ਅਤੇ ਵਜ਼ੀਰ ਖਾਂ ਗੁਰੂ ਕੇ ਲਾਲਾਂ ਨੂੰ ਲਾਲਚ ਦੇ ਕੇ ਕਹਿਣ ਲੱਗਾ, ਕਿ ਤੁਹਾਨੂੰ ਤਖ਼ਤ ਤੇ ਤਾਜ਼ ਮਿਲੇਗਾ ।ਤਾਂ ਅੱਗੋਂ ਜੁਆਬ ਸੀ,

ਉਜੁੱਤੀ ਦੀ ਇੱਕ ਠੋਕਰ ਨਾਲ ਤਖ਼ਤ ਤੇ ਤਾਜ਼ ਠੁਕਰਾ ਸਕਦੇ ਹਾਂ,

ਨੀਹਾਂ ਵਿੱਚ ਚਿਣਵਾ ਕੇ ਆਪਾ, ਰੋਮ-ਰੋਮ ਮੁਸਕਰਾ ਸਕਦੇ ਹਾਂ ।"

ਵਜ਼ੀਰ ਖਾਂ ਕਹਿਣ ਲੱਗਾ ਕਿ ਤੁਹਾਨੂੰ ਪਤਾ ਨਹੀਂ ਕਿ ਤਖ਼ਤ ਤਾਜ ਦੀ ਕੀਮਤ ਕਿੰਨੀ ਹੈ ? ਤੁਹਾਨੂੰ ਹੂਰਾਂ ਦੇ ਡੋਲੇ ਮਿਲਣਗੇ। ਪਰ ਸਾਹਿਬਜ਼ਾਦਿਆਂ ਦਾ ਇੱਕੋ ਜਵਾਬ ਸੀ ਕਿ ਸਾਨੂੰ ਆਪਣੀ ਸਿੱਖੀ ਤੋਂ ਵੱਧ ਕੁਝ ਵੀ ਪਿਆਰਾ ਨਹੀਂ। ਸਾਡੀ ਸਿੱਖੀ ਤੋਂ ਕੀਮਤੀ ਸ਼ੈਅ ਦੁਨੀਆਂ ਤੇ ਕੋਈ ਹੋਰ ਹੋ ਈ ਨਹੀਂ ਸਕਦੀ। ਅਸੀਂ ਤੇਰੇ ਰਾਜ ਭਾਗ ਨੂੰ ਸਿੱਖੀ ਸਾਹਮਣੇ ਤੁੱਛ ਸਮਝਦੇ ਹਾਂ।

ਜਦ ਸਫਲਤਾ ਹੱਥ ਨਾ ਲੱਗੀ ਤਾਂ ਅੰਤ ਵਜ਼ੀਰ ਖਾਂ ਨੇ ਕਾਜ਼ੀ ਨਾਲ ਸਲਾਹ ਕਰਨ ਤੋਂ ਬਾਅਦ ਇਹ ਫ਼ਤਵਾ ਦੇ ਦਿੱਤਾ ਗਿਆ ਕਿ ਇਹਨਾਂ ਨੂੰ ਨੀਹਾਂ ਵਿੱਚ ਚਿਣ ਦਿੱਤਾ ਜਾਵੇ । ਇੱਕ ਵਾਰ ਫਿਰ ਵਜ਼ੀਰ ਖਾਂ ਨੇ ਜੱਲਾਦਾਂ ਦੇ ਜ਼ਰੀਏ ਲਾਲਾਂ ਨੂੰ ਡਰਾ ਕੇ ਸਿੱਖੀ ਤਿਆਗਣ ਲਈ ਕਿਹਾ ।ਜੱਲਾਦ ਕਹਿਣ ਲੱਗੇ ਬੱਚਿਉ, ਤੁਸੀਂ ਮਾਸੂਮ ਜਿੰਦਾਂ ਹੋ, ਵਜ਼ੀਰ ਖਾਂ ਦਾ ਆਖਾ ਮੰਨ ਲਉ, ਅਗੇ ਕਹਿਣ ਲੱਗੇ ਅਸੀ ਖਾਨਦਾਨੀ ਜੱਲਾਦ ਹਾਂ, ਤੁਹਾਡੇ ਵਰਗੇ ਕਈ ਮਾਰ ਛੱਡੇ ਹਨ ।ਧਰਮ ਨੂੰ ਛੱਡ ਦਿਉ ਤਾਂ ਤੁਹਾਡੀ ਜਾਨ ਬਖਸ਼ ਦਿੱਤੀ ਜਾਵੇਗੀ ।ਸਾਹਿਬਜ਼ਾਦੇ ਜੋਸ਼ ਵਿੱਚ ਆ ਕੇ ਕਹਿਣ ਲੱਗੇ, ਤੁਸੀ ਵੀ ਸਾਡੀ ਇੱਕ ਗੱਲ ਕੰਨ ਖੋਲ੍ਹ ਕੇ ਸੁਣ ਲਵੋ, ਉਜੇ ਤੁਸੀ ਖ਼ਾਨਦਾਨੀ ਜੱਲਾਦ ਹੋ ਨਾ, ਤਾਂ ਫਿਰ ਅਸੀਂ ਵੀ ਖ਼ਾਨਦਾਨੀ ਸ਼ਹੀਦ ਹਾਂ ।ਤੁਸੀਂ ਚੁੱਪ ਕਰਕੇ ਆਪਣਾ ਕੰਮ ਕਰੀ ਜਾਵੋ ਉ ਅਤੇ ਕਹਿਣ ਲੱਗੇ ਤੂੰ ਸਾਡੇ ਵੰਸ਼ ਦੀ ਰੀਤ ਨਹੀਂ ਸੁਣੀਂ ਤਾਂ ਸੁਣ ਲੈ :

ਹਮਰੇ ਬੰਸ ਰੀਤਿ ਇਮ ਆਈ ।ਸੀਸ ਦੇਤਿ ਪਰ ਧਰਮ ਨਾ ਜਾਈ ।।ਆਖਿਰ ਕਹਿੰਦਿਆਂ :

ਸਦ ਸਾਲ ਔਰ ਜੀ ਕੇ ਵੀ, ਮਰਨਾ ਜ਼ਰੂਰ ਥਾ ।।ਸਰ ਕੌਮ ਸੇ ਬਚਾਨਾ ਗ਼ੈਰਤ ਸੇ ਦੂਰ ਥਾ ।।

ਹਮ ਜਾਨ ਦੇਕਰ ਔਰੋਂ ਕੀ ਜਾਨ ਬਚਾ ਚਲੇ ।। ਸਿੱਖੀ ਕੀ ਨੀਂਵ ਸਿਰੋਂ ਪੇ ਉਠਾ ਚਲੇ।।

ਜਦੋਂ ਕੰਧ ਛਾਤੀ ਤੱਕ ਅੱਪੜ ਗਈ ਤਾਂ ਆਰਜ਼ੀ ਢਾਂਚਾ ਧੜੱਮ ਡਿੱਗ ਪਿਆ ਅਤੇ ਸਾਹਿਬਜ਼ਾਦਿਆਂ ਨੂੰ ਬੇਹੋਸ਼ੀ ਦੀ ਹਾਲਤ ਵਿੱਚ ਬਾਹਰ ਕੱਢਿਆ ਗਿਆ, ਜੋ ਮੁੜ ਕਦੇ ਹੋਸ਼ ਵਿੱਚ ਨਾ ਆਏ ।ਦੂਜੇ ਪਾਸੇ ਮਾਤਾ ਗੁਜ਼ਰ ਕੌਰ ਜੀ ਵੀ ਅੱਤ ਦੀ ਠੰਡ ਵਿੱਚ ਸਾਹਿਬਜ਼ਾਦਿਆਂ ਬਾਰੇ ਖਬਰ ਸੁਣ ਕੇ ਆਪਣੇ ਪ੍ਰਾਣ ਤਿਆਗ ਚੁੱਕੇ ਸਨ ।ਹੱਸਦਿਆਂ-ਹੱਸਦਿਆਂ ਦੋਵੇ 6 ਅਤੇ 8 ਸਾਲ ਦੀ ਉਮਰ ਦੇ ਮਾਸੂਮ ਪਰ ਵੱਡੇ ਕਾਰਨਾਮੇ ਕਰਨ ਵਾਲੇ ਗੁਰੂ ਗੋਬਿੰਦ ਸਿੰਘ ਜੀ ਦੇ ਲੱਖਤੇ ਜਿਗਰ ਸ਼ਹੀਦੀਆਂ ਪਾ ਗਏ ਪਰ ਜਾਲਮ ਸਰਕਾਰ ਅਤੇ ਸਿੱਖੀ ਦੇ ਦੁਸ਼ਮਣਾਂ ਦੀ ਗੱਲ ਨਹੀਂ ਮੰਨੀ ਅਤੇ ਉਹਨਾਂ ਦਾ ਸੁਪਨਾ ਕਦੇ ਵੀ ਪੂਰਾ ਨਾ ਹੋਣ ਦਿੱਤਾ। ਉਸ ਸਮੇਂ ਦਾ ਹਾਲ ਲਿਖਿਆ ਹੈ ਜੋਗੀ ਅੱਲਾ ਯਾਰ ਖਾਂ ਨੇ:

ਠੋਡੀ ਤਕ ਈਟੇਂ ਚੁਨ ਦੀ ਗਈਂ ਮੂੰਹ ਤਕ ਆ ਗਈਂ,

ਬੀਨੀ (ਨੱਕ) ਕੋ ਢਾਪਤੇ ਹੀ ਵੁਹ ਆਖੋਂ ਪਰ ਛਾ ਗਈ।

ਹਰ ਚਾਂਦ ਸੀ ਜਬੀਨ (ਮੱਥਾ) ਕੋ ਘਨ (ਗ੍ਰਹਣ) ਸਾ ਲਗਾ ਗਈ,

ਲਖ੍ਤੇ-ਜਿਗਰ (ਜਿਗਰ ਦੇ ਟੋਟੇ) ਗੁਰੂ ਕੇ ਵਹੁ ਦੋਨੋਂ ਛੁਪਾ ਗਈ।

ਜੋਗੀ ਜੀ ਇਸ ਕੇ ਬਾਦ ਹੁਈ ਥੋੜੀ ਦੇਰ ਥੀ,

ਬਸਤੀ ਸਰਹੰਦ ਸ਼ਹਿਰ ਕੀ, ਈਟੋਂ ਕਾ ਢੇਰ ਥੀ।

ਗੁਰੂ ਘਰ ਦੇ ਇੱਕ ਉਪਾਸ਼ਕ ਦੀਵਾਨ ਟੋਡਰ ਮੱਲ੍ਹ ਨੇ ਇਹਨਾਂ ਤਿੰਨ੍ਹਾਂ ਸ਼ਹੀਦਾਂ ਦੀਆਂ ਦੇਹਾਂ ਦੇ ਅੰਤਿਮ ਸੰਸਕਾਰ ਕਰਨ ਦਾ ਪ੍ਰਬੰਧ ਕੀਤਾ ।ਸਸਕਾਰ ਲਈ ਜ਼ਮੀਨ ਦਾ ਇੱਕ ਟੁੱਕੜਾ ਬੜੀ ਭਾਰੀ ਕੀਮਤ ਅਦਾ ਕਰਕੇ ਖ਼ੀਦਿਆ ਗਿਆ । ਸਬੰਧਿਤ ਧਰਤੀ ਦੇ ਟੁੱਕੜੇ —ਤੇ ਸੋਨੇ ਦੀਆਂ ਅਸ਼ਰਫੀਆਂ ਵਿਛਾ ਕੇ ਮੁੱਲ ਉਤਾਰਿਆ ਸੀ ।

ਮਹਾਨ ਪੱਛਮੀ ਵਿਦਵਾਨ ਮਿਸਟਰ ਟਰੰਪ ਨੇ ਇਸ ਤੋਂ ਪ੍ਰਭਾਵਿਤ ਹੋ ਕੇ ਦਾਅਵੇ ਨਾਲ ਕਹਿ ਦਿੱਤਾ ਸੀ ਕਿ, —ਜਦ ਤੱਕ ਸਿੱਖਾਂ ਕੋਲ ਇਹ ਜ਼ਮੀਨ ਹੈ, ਉਤਨਾ ਚਿਰ ਸਿੱਖ ਧਰਮ ਡੋਲ ਨਹੀਂ ਸਕਦਾ, ਕਦੇ ਮਿਟ ਨਹੀਂ ਸਕਦਾ।'

ਪੁੱਛਿਆ : ਕਿਹੜੀ ਜ਼ਮੀਨ ਬਾਰੇ ਕਹਿ ਰਹੇ ਹੋ ?

ਤਾਂ ਉਸ ਨੇ ਜੁਆਬ ਵਿੱਚ ਕਿਹਾ: —ਉਹ ਥਾਂ ਜਿੱਥੇ ਗੁਰੂ ਗੋਬਿੰਦ ਸਿੰਘ ਦੇ ਮਾਸੂਮ ਬਾਲ ਦੀਵਾਰ ਵਿੱਚ ਚਿਣੇ ਗਏ ਸਨ।' ਤੇ ਦੂਜੀ ਉਹ, —ਜਿੱਥੇ ਮਾਤਾ ਗੁਜ਼ਰੀ ਸਮੇਤ ਉਨਾਂ ਦੇ ਸਰੀਰਾਂ ਦਾ ਸਸਕਾਰ ਟੋਡਰ ਮੱਲ੍ਹ ਜੀ ਨੇ ਹਾਕਮ ਤੋਂ ਮੋਹਰਾਂ ਵਿਛਾ ਕੇ ਥਾਂ ਮੁੱਲ ਲੈ ਕੇ ਕੀਤਾ ਸੀ।'

ਸਾਕਾ ਸਰਹੰਦ ਨੇ ਇਤਿਹਾਸ ਨੂੰ ਇੱਕ ਨਵਾਂ ਮੋੜ ਦਿੱਤਾ । ਇਹ ਸਾਕਾ ਮੁਗਲ ਹਕੂਮਤ ਨੂੰ ਬਹੁੱਤ ਮਹਿੰਗਾ ਪਿਆ । ਇਹ ਸਾਕਾ ਸਰਹੰਦ ਦਾ ਹੀ ਪ੍ਰਤੀਕਰਮ ਸੀ ਕਿ ਬਾਬਾ ਬੰਦਾ ਸਿੰਘ ਬਹਾਦਰ ਆਪਣੇ ਸ਼ਾਂਤੀ ਮੱਠ ਨੂੰ ਅਲਵਿਦਾ ਆਖ ਕੇ, ਦੋਸ਼ੀਆਂ ਨੂੰ ਆਪਣੇ ਪਾਪਾਂ ਦੀ ਸਜ਼ਾ ਦੇਣ ਲਈ, ਪੰਜਾਬ ਦੇ ਇਤਿਹਾਸਕ ਰੰਗ ਮੰਚ —ਤੇ ਅਚਾਨਕ ਇੱਕ ਨਾਇਕ ਦੇ ਤੌਰ ਤੇ ਉੱਭਰ ਕੇ ਸਾਹਮਣੇ ਆਇਆ । ਜਿੱਤਾਂ ਦੇ ਇੱਕ ਲੰਮੇ ਸਿਲਸਲੇ ਅਤੇ ਹਰ ਮੈਦਾਨ ਫ਼ਤਹਿ ਕਰਨ ਤੋਂ ਬਾਅਦ ਬੰਦਾ ਸਿੰਘ ਬਹਾਦਰ ਨੇ ਸਿਤਮਾਂ ਦੀ ਨਗਰੀ ਸਰਹੰਦ ਵੱਲ ਵਾਂਗਾਂ ਮੋੜੀਆਂ ।

ਬੰਦਾ ਸਿੰਘ ਬਹਾਦਰ ਨੇ ਸਰਹੰਦ ਤੋਂ 12 ਮੀਲ ਦੀ ਵਿੱਥ ਤੇ ਚੱਪੜਚਿੜੀ ਮੈਦਾਨ ਆ ਮੱਲਿਆ । 12 ਮਈ 1710 ਨੂੰ ਸੂਬੇਦਾਰ ਵਜ਼ੀਰ ਖਾਂ ਦੀ ਫੌਜ ਨਾਲ ਘਮਸਾਨ ਦਾ ਯੁੱਧ ਹੋਇਆ । ਇਸ ਯੁੱਧ ਵਿੱਚ ਸਾਕਾ ਸਰਹੰਦ ਦਾ ਮੁੱਖ ਦੋਸ਼ੀ ਸੂਬੇਦਾਰ ਵਜ਼ੀਰ ਖਾਨ ਮਾਰਿਆ ਗਿਆ। ਇਸ ਤਰ੍ਹਾਂ ਸਿੱਖਾਂ ਦੀ ਜਿੱਤ ਹੋਈ ਅਤੇ ਇਸ ਜਿੱਤ ਤੋਂ ਬਾਅਦ ਸਿੱਖਾਂ ਨੇ ਮੁੜ ਕੇ ਨਹੀਂ ਦੇਖਿਆ।

ਇਸ ਚੜ੍ਹਤ ਦੌਰਾਨ ਬੰਦਾ ਸਿੰਘ ਬਹਾਦਰ ਨੇ ਸੁਤੰਤਰ ਸਿੱਖ ਰਾਜ ਦੀ ਘੋਸ਼ਣਾ ਕਰ ਦਿੱਤੀ ਅਤੇ ਗੁਰੂ ਸਾਹਿਬਾਨ ਦੇ ਨਾਮ ਦਾ ਸਿੱਕਾ ਜਾਰੀ ਕੀਤਾ। ਇਹ ਸਾਕਾ ਸਹਿੰਦ ਦੇ ਤੀਖੇ ਪ੍ਰਤੀਕਰਮ ਵੱਜੋਂ ਹੀ ਸੰਭਵ ਹੋ ਸਕਿਆ ਕਿ ਸਿੱਖਾਂ ਨੇ ਹਿੰਦੁਸਤਾਨ —ਤੇ ਚੱਲੀ ਆ ਰਹੀ ਸਦੀਆਂ ਦੀ ਗੁਲਾਮੀ ਤੋਂ ਬਾਅਦ ਮੁਗਲਾਂ —ਤੇ ਜਿੱਤ ਪ੍ਰਾਪਤ ਕਰਕੇ ਗਜਨਵੀ, ਤੈਮੂਰ ਅਤੇ ਬਾਬਰ ਦੇ ਖਾਨਦਾਨ ਦੇ ਵਿੱਚੋਂ ਅਖਵਾਉਣ ਵਾਲਿਆਂ ਦੀ ਆਨ ਅਤੇ ਸ਼ਾਨ ਨੂੰ ਮਿੱਟੀ ਵਿੱਚ ਮਿਲਾ ਕੇ ਰੱਖ ਦਿੱਤਾ। ਹੁਣ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਸਰਹੰਦ ਦੀ ਉਹ ਖ਼ੂਨੀ ਦੀਵਾਰ ਸਿਖ ਰਾਜ ਦਾ ਨੀਂਹ ਪੱਥਰ ਹੋ ਨਿਬੜੀ। ਅੱਜ ਵੀ ਸਾਕਾ ਸਰਹੰਦ ਸਿੱਖਾਂ ਲਈ ਸ਼ਕਤੀ ਦਾ ਇੱਲ ਸੋਮਾ ਹੈ।

ਗੁਰੂ ਜੀ ਦੇ ਸਿੰਘਾਂ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਕੁੱਝ ਸਾਲਾਂ ਵਿੱਚ ਹੀ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਕੇ ਜਾਲਮ ਰਾਜ ਦਾ ਅੰਤ ਕਰ ਦਿੱਤਾ । ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਖਾਲਸਾ ਰਾਜ ਦੀ ਨੀਂਹ ਰੱਖੀ ਗਈ ।

ਸੰਸਾਰ ਵਿੱਚ ਪਹਿਲੀ ਵਾਰ ਲੋਕ ਰਾਜ ਸਥਾਪਿਤ ਹੋਇਆ । ਪੰਦਰਾਂ ਸਾਲਾਂ ਵਿੱਚ ਹੀ ਜਥੇਦਾਰ ਬਘੇਲ ਸਿੰਘ ਦੀ ਅਗਵਾਈ ਹੇਠ ਸਿੱਖਾਂ ਨੇ ਦਿੱਲੀ ਦੇ ਲਾਲ ਕਿਲ੍ਹੇ ਉੱਤੇ ਕੇਸਰੀ ਨਿਸ਼ਾਨ ਝੁਲਾ ਦਿੱਤਾ ਸੀ ।ਇੱਕ ਸਦੀ ਸਿੰਘਾਂ ਦੇ ਸਿਰਾਂ ਦੇ ਮੁੱਲ ਪੈਂਦੇ ਰਹੇ ਪਰ ਇਹਨਾਂ ਦੀ ਗਿਣਤੀ ਵਿੱਚ ਵਾਧਾ ਹੀ ਹੁੰਦਾ ਰਿਹਾ ।ਸਿੱਖਝ ਇਤਿਹਾਸ ਹੀ ਅਜਿਹਾ ਹੈ ਜਿਹੜਾ ਸ਼ਹੀਦੀਆਂ ਦੀ ਗਾਥਾ ਹੈ, ਮਨੁੱਖੀ ਹੱਕਾਂ ਦੀ ਰਾਖੀ ਦਾ ਬ੍ਰਿਤਾਂਤ ਹੈ, ਸੱਚ, ਹੱਕ ਅਤੇ ਲੋਕਰਾਜ ਦੀ ਸਥਾਪਤੀ ਦਾ ਨਿਸ਼ਾਨ ਹੈ।

ਠੀਕ ਲਿਖਿਆ ਹੈ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਭਰਾਤਾ ਭਾਈ ਬਲਬੀਰ ਸਿੰਘ ਜੀ ਨੇ ਕਿ, ਉਸਰਹਿੰਦ ਦੀ ਦੀਵਾਰ ਇੱਕ ਨਮਖੀਨਾ ਹੈ, ਜਿਸਤੋਂ ਗੁਰੂ ਗੋਬਿੰਦ ਸਿੰਘ ਪਿਤਾ ਦੇ ਜਿਗਰ ਦੀ ਬੁਲੰਦੀ ਦੇਖੀ ਜਾ ਸਕਦੀ ਹੈ। ਇਹ ਦੀਵਾਰ ਇੱਕ ਤਰਾਜੂ ਹੈ, ਜਿਸ ਵਿੱਚ ਦੁਸ਼ਟਾਂ ਦਾ ਵਹਿਸ਼ੀਪੁਣਾ ਤੋਲਿਆ ਜਾ ਸਕਦਾ ਹੈ।"

ਬੇਸ਼ੱਕ ਇੱਕ ਮਨੌਤ ਪ੍ਰਚੱਲਿਤ ਹੈ ਕਿ ਟੁੱਟੇ ਸਾਜਾਂ ਵਿੱਚੋਂ ਸੰਗੀਤ ਪੈਦਾ ਨਹੀਂ ਕੀਤਾ ਜਾ ਸਕਦਾ ਅਤੇ ਬੁਝ ਚੁੱਕੀਆਂ ਸ਼ਮ੍ਹਾਂ ਰੋਸ਼ਨੀ ਨਹੀਂ ਦਿੰਦੀਆਂ ਪਰ ਸ਼ਾਇਰ ਕੁੰਦਨ ਇਸਨੂੰ ਅਪ੍ਰਵਾਣ ਕਰਦਾ ਹੋਇਆ ਸਰਹੰਦ ਦੀ ਦੀਵਾਰ ਬਾਰੇ ਲਿਖਦਾ ਹੈ :

ਸਾਜ਼ਾਂ ਟੁੱਟ ਕੇ ਗਾਇਆ, ਇਸ਼ਕ ਦੇ ਇੱਕ ਤਰਾਨੇ ਨੂੰ ।

ਸ਼ਮ੍ਹਾਂ ਬੁੱਝ ਕੇ ਵੀ ਦੇ ਰਹੀਆਂ, ਚਾਨਣ ਜ਼ਮਾਨੇ ਨੂੰ ।

ਸਾਹਿਬਜ਼ਾਦਿਆਂ ਦੇ ਸਰੀਰਾਂ ਦੇ ਸਾਜ ਬੇਸ਼ੱਕ ਸਦੀਆਂ ਪਹਿਲਾਂ ਟੁੱਟ ਗਏ, ਪਰ ਅੱਜ ਵੀ ਅਣਖ਼ ਅਤੇ ਗ਼ੈਰਤ ਦਾ ਸੰਗੀਤ ਸੁਣਾਈ ਦਿੰਦਾ ਹੈ ।ਦਸਮੇਸ਼ ਪਿਤਾ ਦੇ ਦੋ ਦੀਪਕ ਬੁਝਿਆਂ ਨੂੰ ਸਮਾਂ ਬੀਤ ਗਿਆ, ਪਰ ਸਿੱਖੀ ਦੇ ਚਾਉ ਦਾ ਚਾਨਣ ਅੱਜ ਵੀ ਮਿਲ ਰਿਹਾ ਹੈ ।ਠੀਕ ਲਿਖਿਆ ਹੈ ਕਿਸੇ ਸਾਇਰ ਨੇ:

ਕੋਈ ਕੌਮ ਮਹਿਰਮ ਨੂੰ ਮੰਨਦੀ ਹੈ, ਵੱਡੇ ਦਿਨਾਂ ਦਾ ਕੋਈ ਹੈ ਧਿਆਨ ਧਰਦਾ।

ਦਿਨ ਪੋਹ ਦੇ ਸਾਨੂੰ ਵੀ ਭੁੱਲਦੇ ਨਹੀਂ, ਡਿੱਠਾ ਜਦੋਂ ਦਸਮੇਸ਼ ਨੂੰ ਦਾਨ ਕਰਦਾ।

ਪਰ ਅਤਿ ਅਫਸੋਸ ਕੌਮ ਦੇ ਵਾਰਿਸ ਐ ਨੌਜਵਾਨ ਵੀਰੋ ! ਅਤੇ

**ਬਾਕੀ ਸਫ਼ਾ 32 'ਤੇ**



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:

Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja™ Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING
  TABLE CLOTH, NAPKINS, CHAIRS ETC.

# Website Design & Development

➡ ਛੋਟੇ/ਵੱਡੇ ਬਿਜ਼ਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Basic web packages are availables on comparatively economical rates
We work as per your requirement and charge only according to work

## SERVICES
- ✓ WEB DEVELOPMENT
- ✓ WEB DESIGNING
- ✓ WEB RE-DESIGN
- ✓ LOGO DESIGN
- ✓ SEO SERVICES
- ✓ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747
info@webmediaart.com
www.webmediaart.com

# SINGH TRANSPORT INC




ਸੰਪਰਕ : ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578

# ਗੁਰਦੁਆਰਾ ਸਿੱਖ ਰਿਲੀਜੀਅਸ ਸੁਸਾਇਟੀ, ਪੈਲਾਟਾਈਨ

**1280 WINNETKA ST. PALATINE IL 60067, Contact : (847) 358-1117**

## ਸ਼ਹੀਦੀ ਦਿਹਾੜੇ, ਨਵਾਂ ਸਾਲ ਅਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਦਿਹਾੜੇ ਸਬੰਧੀ ਸਮਾਗਮ



**ਗੁਰਦੁਆਰਾ ਸਿੱਖ ਰਿਲੀਜੀਅਸ ਸੁਸਾਇਟੀ, ਪੈਲਾਟਾਈਨ ਵਲੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਉਨ੍ਹਾਂ ਦੇ ਚਾਰ ਸਾਹਿਬਜ਼ਾਦੇ ਅਤੇ ਮਾਤਾ ਗੁਜਰ ਕੌਰ ਜੀ ਦੇ ਸ਼ਹੀਦੀ ਦਿਹਾੜੇ ਅਤੇ ਨਵੇਂ ਸਾਲ ਸਬੰਧੀ ਮਹਾਨ ਸਮਾਗਮ ਕਰਵਾਇਆ ਜਾ ਰਿਹਾ ਹੈ।**

### 10 ਦਸੰਬਰ 2017, ਐਤਵਾਰ

ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ ਅਤੇ ਚਮਕੌਰ ਸਾਹਿਬ ਦੇ ਸ਼ਹੀਦਾਂ ਦੀ ਸ਼ਹਾਦਤ ਦੇ ਸਬੰਧ ਵਿਚ ਸਹਿਜ ਪਾਠ ਆਰੰਭ ਕੀਤੇ ਗਏ ਹਨ।

### 21 ਦਸੰਬਰ 2017, ਵੀਰਵਾਰ

ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਅਤੇ ਸਾਹਿਬਜ਼ਾਦੇ ਬਾਬਾ ਜੁਝਾਰ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਦੇ ਸਬੰਧ ਵਿਚ ਸ਼ਾਮ ਦੇ ਵਿਸ਼ੇਸ਼ ਦੀਵਾਨ ਸਜਾਏ ਜਾਣਗੇ।

### 22 ਦਸੰਬਰ 2017, ਸ਼ੁੱਕਰਵਾਰ

ਵੱਡੇ ਅਤੇ ਛੋਟੇ ਸਾਹਿਬਜ਼ਾਦਿਆਂ, ਮਾਤਾ ਗੁਜਰ ਕੌਰ ਜੀ ਅਤੇ ਸਮੂਹ ਸ਼ਹੀਦਾਂ ਦੀ ਸ਼ਹਾਦਤ ਨੂੰ ਸਮਰਪਿਤ ਰੈਣ ਸਬਾਈ ਕੀਰਤਨ ਹੋ ਰਿਹਾ ਹੈ।

### 24 ਦਸੰਬਰ 2017, ਐਤਵਾਰ

ਸਹਿਜ ਪਾਠ ਸਾਹਿਬ ਦੀ ਸੰਪੂਰਨਤਾ ਸਵੇਰੇ 9.15 ਵਜੇ ਹੋਵੇਗੀ।

ਦਸੰਬਰ 24, 2017, ਐਤਵਾਰ ਦਾ ਦਿਹਾੜਾ ਵਿਸ਼ੇਸ਼ ਤੌਰ ਤੇ ਮਨਾਇਆ ਜਾਵੇਗਾ।

### 26 ਦਸੰਬਰ 2017, ਮੰਗਲਵਾਰ

ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਜੀ, ਬਾਬਾ ਫਤਹਿ ਸਿੰਘ ਜੀ ਅਤੇ ਮਾਤਾ ਗੁਜਰ ਕੌਰ ਜੀ ਦੇ ਸ਼ਹੀਦੀ ਦਿਹਾੜੇ ਦੇ ਸਬੰਧ ਵਿਚ ਸ਼ਾਮ ਦੇ ਵਿਸ਼ੇਸ਼ ਦੀਵਾਨ ਸਜਾਏ ਜਾਣਗੇ।

### 29 ਦਸੰਬਰ 2017, ਸ਼ੁੱਕਰਵਾਰ

ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ, ਫ਼ਤਿਹ ਸਿੰਘ ਜੀ ਅਤੇ ਮਾਤਾ ਗੁਜਰ ਕੌਰ ਜੀ ਦੀ ਸ਼ਹੀਦੀ ਨੂੰ ਸਮਰਪਿਤ ਸ੍ਰੀ ਆਖੰਡ ਪਾਠ ਸਾਹਿਬ ਦੀ ਆਰੰਭਤਾ ਸਵੇਰੇ 9.00 ਵਜੇ ਹੋਵੇਗੀ

### 31 ਦਸੰਬਰ 2017, ਐਤਵਾਰ

ਸ੍ਰੀ ਆਖੰਡ ਪਾਠ ਸਾਹਿਬ ਦੀ ਸੰਪੂਰਨਤਾ ਸਵੇਰੇ 9.15 ਵਜੇ ਹੋਵੇਗੀ।

31 ਦਸੰਬਰ, ਐਤਵਾਰ ਦਾ ਦਿਹਾੜਾ ਵਿਸ਼ੇਸ਼ ਤੌਰ ਤੇ ਮਨਾਇਆ ਜਾਏਗਾ। ਸ਼ਾਮ ਨੂੰ ਨਵੇਂ ਸਾਲ ਦੇ ਸਬੰਧ ਵਿਚ ਵਿਸ਼ੇਸ਼ ਦੀਵਾਨ ਸਜਾਏ ਜਾਣਗੇ। ਭਾਈ ਅਜੀਤ ਸਿੰਘ ਇੰਡਿਆਨਾ ਵਾਲੇ ਵਿਸ਼ੇਸ਼ ਤੌਰ ਤੇ ਪਹੁੰਚ ਰਹੇ ਹਨ।

**ਸੰਗਤ ਨੂੰ ਬੇਨਤੀ ਹੈ ਕਿ ਇਨ੍ਹਾਂ ਸਮਾਗਮਾਂ ਵਿਚ ਵੱਧ ਚੜ੍ਹ ਕੇ ਹਾਜ਼ਰੀ ਭਰੋ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ**

### ਪਹੁੰਚ ਰਹੇ ਕਥਾਵਾਚਕ, ਰਾਗੀ ਅਤੇ ਢਾਡੀ ਜਥੇ



ਭਾਈ ਅਜੀਤ ਸਿੰਘ ਜੀ ਇੰਡਿਆਨਾ ਵਾਲੇ

ਭਾਈ ਹਰਜਿੰਦਰ ਸਿੰਘ ਜੀ ਸਭਰਾ: 25 ਦਸੰਬਰ 2017 ਤੋਂ 2 ਜਨਵਰੀ 2018 ਤੱਕ ਹਾਜ਼ਰੀ ਭਰਨਗੇ
ਭਾਈ ਅਜੀਤ ਸਿੰਘ ਇੰਡਿਆਨਾ ਵਾਲੇ: 31 ਦਸੰਬਰ 2017 ਨੂੰ ਰਾਤ ਦੇ ਦੀਵਾਨ ਵਿਚ ਹਾਜ਼ਰੀ ਭਰਨਗੇ
ਢਾਡੀ ਜੱਥਾ ਭਾਈ ਦੇਸਰਾਜ ਸਿੰਘ ਜੀ ਦੀਵਾਨਾ : ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗਰਪੁਰਬ ਦੇ ਸਬੰਧ ਵਿਚ ਵਿਸ਼ੇਸ਼ ਤੌਰ ਤੇ ਪਹੁੰਚ ਰਹੇ ਹਨ ਜੋ 1 ਜਨਵਰੀ 2018 ਤੋਂ 7 ਜਨਵਰੀ 2018 ਤੱਕ ਹਾਜ਼ਰੀ ਭਰਨਗੇ

**ਦਾਸਰੇ : ਸਮੂਹ ਸੇਵਾਦਾਰ ਗੁਰਦੁਆਰਾ ਸਾਹਿਬ ਪੈਲਾਟਾਈਨ**

SIKH Religious Society
PALATINE GURDWARA

**1280 Winnetka Street, Palatine, IL 60067 Ph: (847) 358-1117**

Website: www.srschicago.org Email: contactus@srschicago.org



ਭਾਈ ਹਰਜਿੰਦਰ ਸਿੰਘ ਸਭਰਾ

**ਹੋਰ ਜਾਣਕਾਰੀ ਵਾਸਤੇ ਗੁਰਦੁਆਰਾ ਸਾਹਿਬ ਦਾ ਫੋਨ ਨੰਬਰ 1-847-358-1117, ਸਟੇਜ ਸੈਕਟਰੀ ਹਰਜੀਤ ਸਿੰਘ ਗਿੱਲ 847-833-5340, ਪ੍ਰਧਾਨ ਮਹਾਂਵੀਰ ਸਿੰਘ ਬਰਾੜ 630-217-2478 ਨਾਲ ਸੰਪਰਕ ਕੀਤਾ ਜਾ ਸਕਦਾ ਹੈ**

NOW OPEN IN MODESTO/CERES



G.S. Pannu
Immigration Consultant-LDA

PANNU'S
LEGAL SERVICES (Regd. & Bonded)
510.677.5200

IMMIGRATION
ivisapass@gmail.com

- Family Petitions (Husband, Wife, Brother, Sister, Mother, Father, Son, Daughter)
- Green Card
- Citizenship
- Affidavit of Support
- Political Asylum
- Visas From India
  - Tourist • Business • H1B
  - Student • Relegious
  - ... & related matters

Family Petitions
FREE

DIVORCE
- Petitions
- Child Support
- Child Visitation
- Child Custody
- Modification
- ...& related matters

LISTEN & SPONSOR
ਰੇਡੀਓ ਗੱਲ ਪੰਜਾਬ ਦੀ ਯੂਐਸਏ
RADIO GAL PUNJAB DI USA
Download on the App Store | ANDROID APP ON Google Play
Live on Facebook | Video on YouTube
www.radiogalpunjabdiusa.com

POWER OF ATTORNEY
CREDIT REPAIR/CLEAR
SMALL CLAIM COURT CASES
...& help in legal documents preparation

FREMONT
40757 GRIMMER BLVD, CA 94538

MODESTO/CERES
3810 EAU CLAIRE AVE, CA 95307

ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ

ਪੰਜਾਬੀ ਢਾਬਾ

Now Open

Indiana
1480 N State Road 1, Cambridge City, IN 47327. 70
Diesel/Gas
Exit 137

ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !



ਸਹੂਲਤਾਂ
- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.

Free Buffet
over 100 gallons
open 6am to midnight

Phone: 765-478-6300

INSURANCE
KHALSA
INSURANCE AGENCY, INC.

Your one stop for all your INSURANCE needs...

Allied
Insurance
a Nationwide® company
On Your Side®

- Auto
- Home
- Business
- Commercial
- Umbrella Pollcy
- Error & Ommission
- Malpractice & Many more...

ਘਰ, ਬਿਜਨਸ, ਆਟੋ ਅਤੇ ਹੋਰ ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਲੈਣ ਤੋਂ ਪਹਿਲਾਂ ਸਾਨੂੰ ਇਕ ਵਾਰ ਕਾਲ ਜ਼ਰੂਰ ਕਰੋ

Khalsa Insurance Agency Inc. (Since 1992)
3750 McKee Rd. # A, San Jose, CA 95127
info@khalsainsurance.com
www.khalsainsurance.com
Call for quote - 408-272-2500
License # 0F89805




SAVE UPTO 24¢

PER GALLON ON DIESEL






**FUEL CARD**

Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.

**FACTORING**

Fleet One introduces aggressive factoring program for Trans-Alliance members. We can beat any price to get your piece of business.

ਪੰਜਾਬੀ ਵਿਚ ਜਾਣਕਾਰੀ ਲਈ 1.855.641.6955

888.795.7035
sales@trans-alliance.com
www.trans-alliance.com

PETRO Stopping Centers®

TA TravelCenters of America

Love's Travel Stops & Country Stores

# Watch Your Favorite Channel
# FREE PREVIEW

jus punjabi




## The 1st American-Punjabi Television Channel

## WATCH jus punjabi ON CHANNEL 736 ON

dish | sling TELEVISION

for advertisement & more information call: +1-718-752-9290 x 202

**www.jusbroadcasting.com**


$20 Off For Trans-Alliance Carriers
TRANS-ALLIANCE
TOGETHER WE SAVE
SPECIAL TIRE PRICING
TRAILER TIRES STARTING AT
$259*
REGULAR RETAIL $324
ROADMASTER TIRES
TRAILER TIRES STARTING AT
$289*
REGULAR RETAIL $354
KELLY TIRES
TRAILER TIRES STARTING AT
$359*
REGULAR RETAIL $424
GOODYEAR MARATHON
YOKOHAMA
*Add $10 per tire for Steer and $20 per tire for Drive tires.
Trans-Alliance Members save $15 off all other tire brands.
GOODYEAR BFGoodrich Continental Firestone
PIRELLI FORMULA By Pirelli DAYTON BRIDGESTONE MICHELIN
TA TRUCK SERVICE
Commercial Tire Network
Current as of 6/1/17.
Offer valid now through December 31, 2017. Members do not pay $25 Single Tire Fee.
Prices do not include F.E.T., Mounting Labor, Balancing, Valve Stems, State or Local Taxes.
Visit ta-petro.com or find us on
TA Nasdaq Listed
TRANS-ALLIANCE
TOGETHER WE SAVE
(855) 641-6955 • (888) 795-7035
sales@trans-alliance.com • www.trans-alliance.com

## ਹਰਿਆਣਾ ਸਰਕਾਰ ਚਿੱਲੜ ਕਾਂਡ ਨੂੰ ਜਥੇਬੰਦਕ ਹਿੰਸਾ ਨਹੀਂ ਮੰਨਦੀ

**ਚੰਡੀਗੜ੍ਹ/ਬਿਊਰੋ ਨਿਊਜ਼:** ਤਿੰਨ ਦਹਾਕੇ ਤੋਂ ਵੀ ਵੱਧ ਸਮਾਂ ਪਹਿਲਾਂ ਹਰਿਆਣਾ ਦੇ ਰੇਵਾੜੀ ਜ਼ਿਲ੍ਹੇ ਦੇ ਹੋਦ ਚਿੱਲੜ ਪਿੰਡ 'ਚ ਫਿਰਕੂ ਹਿੰਸਾ ਦੌਰਾਨ ਬੇਰਹਿਮੀ ਨਾਲ ਕਤਲ ਕੀਤੇ ਗਏ 23 ਸਿੱਖਾਂ ਦੇ ਮਾਮਲੇ 'ਚ ਹਰਿਆਣਾ ਸਰਕਾਰ ਨੇ ਕਿਹਾ ਹੈ ਕਿ ਇਹ ਕੋਈ ਜਥੇਬੰਦਕ ਹਿੰਸਾ ਨਹੀਂ ਸੀ। ਇਸ ਸਬੰਧੀ ਡੀਐੱਸਪੀ ਅਨਿਲ ਕੁਮਾਰ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਲਿਖਤੀ ਹਲਫ਼ਨਾਮਾ ਦੇ ਕੇ ਜਵਾਬ ਦਾਇਰ ਕੀਤਾ ਹੈ। ਹਲਫਨਾਮੇ 'ਚ ਡੀਐੱਸਪੀ ਅਨਿਲ ਕੁਮਾਰ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਮਗਰੋਂ ਦੇਸ਼ ਭਰ ਵਿੱਚ ਸਿੱਖਾਂ ਖ਼ਿਲਾਫ਼ ਅਜਿਹੀਆਂ ਕਈ ਅਣਸੁਖਾਵੀਆਂ ਘਟਨਾਵਾਂ ਵਾਪਰੀਆਂ ਸਨ ਤੇ ਅਧਿਕਾਰੀਆਂ ਵੱਲੋਂ ਇਸ ਸਭ ਲਈ ਸ਼ਰਾਰਤੀ ਅਨਸਰਾਂ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਗਈ ਸੀ। ਉਨ੍ਹਾਂ ਇਸ ਗੱਲ ਤੋਂ ਵੀ ਇਨਕਾਰ ਕਰ ਦਿੱਤਾ ਕਿ ਜਾਂਚ ਏਜੰਸੀ ਵੱਲੋਂ ਘਟਨਾ ਦੀ ਕੋਈ ਵੀ ਮੁਕੰਮਲ ਜਾਂਚ ਨਹੀਂ ਕੀਤੀ ਗਈ। ਉਨ੍ਹਾਂ ਨਾਲ ਹੀ ਦਰਜ ਕੀਤਾ ਕਿ ਪਿੰਡ ਵਿੱਚ ਵਾਪਰੀ ਉਸ ਘਟਨਾ ਸਬੰਧੀ 3 ਨਵੰਬਰ 1984 ਨੂੰ ਐਫਆਈਆਰ ਦਰਜ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਕਤਲੇਆਮ ਸਬੰਧੀ ਅਜਿਹਾ ਕੋਈ ਗਵਾਹ ਜਾਂ ਸਬੂਤ ਨਹੀਂ ਮਿਲਿਆ ਜਿਸ ਤੋਂ ਸਾਬਤ ਹੁੰਦਾ ਹੋਵੇ ਕਿ ਅਜਿਹੀ ਕੋਈ ਭਿਆਨਕ ਘਟਨਾ ਵਾਪਰੀ ਹੈ।

## ਲੌਂਗੋਵਾਲ ਇਮਾਨਦਾਰ ਦਿੱਖ ਵਾਲਾ ਧਾਰਮਿਕ ਆਗੂ:ਸਰਨਾ



**ਅੰਮ੍ਰਿਤਸਰ/ਬਿਊਰੋ ਨਿਊਜ਼,** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੀ ਨਿਯੁਕਤੀ ਬਾਰੇ ਉਠੇ ਸਵਾਲਾਂ ਦੌਰਾਨ ਅਕਾਲੀ ਦਲ (ਦਿੱਲੀ) ਦੇ ਪ੍ਰਧਾਨ ਅਤੇ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਆਖਿਆ ਕਿ ਸ੍ਰੀ ਲੌਂਗੋਵਾਲ ਇਮਾਨਦਾਰ ਤੇ ਧਾਰਮਿਕ ਦਿੱਖ ਵਾਲੇ ਆਗੂ ਹਨ ਅਤੇ ਉਹ ਉਨ੍ਹਾਂ ਦੇ ਨਿੱਜੀ ਤੌਰ 'ਤੇ ਹਮਾਇਤੀ ਹਨ। ਸ੍ਰੀ ਸਰਨਾ ਸ਼ੁਕਰਵਾਰ ਨੂੰ ਇੱਥੇ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਆਏ ਸਨ।

ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਆਖਿਆ ਕਿ ਸ੍ਰੀ ਲੌਂਗੋਵਾਲ ਇਮਾਨਦਾਰ ਅਤੇ ਨੇਕ ਇਨਸਾਨ ਹਨ। ਉਨ੍ਹਾਂ ਦੇ ਡੇਰਾ ਸਿਰਸਾ ਜਾਣ ਦੇ ਵਿਵਾਦ ਬਾਰੇ ਸ੍ਰੀ ਸਰਨਾ ਨੇ ਆਖਿਆ ਕਿ ਅਕਾਲ ਤਖ਼ਤ ਦੇ ਜਥੇਦਾਰ ਨੂੰ ਇਸ ਬਾਰੇ ਸਥਿਤੀ ਸਪਸ਼ਟ ਕਰਨੀ ਚਾਹੀਦੀ ਹੈ। ਦੱਸਣਯੋਗ ਹੈ ਕਿ ਸ੍ਰੀ ਲੌਂਗੋਵਾਲ ਦਾ ਦਾਅਵਾ ਹੈ ਕਿ ਉਹ ਡੇਰਾ ਸਿਰਸਾ ਨਹੀਂ ਗਏ ਸਨ, ਪਰ ਅਕਾਲ ਤਖ਼ਤ ਵੱਲੋਂ ਡੇਰਾ ਸਿਰਸਾ ਜਾਣ ਵਾਲਿਆਂ ਨੂੰ ਲਾਈ ਤਨਖ਼ਾਹ ਭੁਗਤਣ ਵਾਲਿਆਂ ਵਿੱਚ ਉਹ ਸ਼ਾਮਲ ਸਨ। ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਦੇ ਵਿਵਾਦ ਬਾਰੇ ਸਰਨਾ ਨੇ ਆਖਿਆ ਕਿ ਮਾਮਲਾ ਇਸ ਵੇਲੇ ਅਦਾਲਤ ਵਿੱਚ ਹੈ ਤੇ ਅਦਾਲਤ ਵੱਲੋਂ ਜੋ ਦਸਤਾਵੇਜ਼ ਮੰਗੇ ਗਏ ਹਨ, ਉਹ ਸੌਂਪ ਦਿੱਤੇ ਗਏ ਹਨ। ਉਨ੍ਹਾਂ ਅਖਿਆ ਕਿ ਹਰਵਿੰਦਰ ਸਿੰਘ ਸਰਨਾ ਬਹੁਸੰਮਤੀ ਨਾਲ ਪ੍ਰਧਾਨ ਚੁਣੇ ਗਏ ਸਨ, ਪਰ ਦੂਜੀ ਧਿਰ ਨੇ ਬੇਲੋੜਾ ਵਿਵਾਦ ਖੜ੍ਹਾ ਕੀਤਾ ਹੈ।

### ਛਪੀਆਂ ਅਖ਼ਬਾਰਾਂ ਨੂੰ ਤਰਜੀਹ ਦਿੰਦੇ ਨੇ ਨੌਜਵਾਨ ਪਾਠਕ

**ਲੰਡਨ/ਬਿਊਰੋ ਨਿਊਜ਼:** ਅਖ਼ਬਾਰਾਂ ਦੀ ਸਰਕੂਲੇਸ਼ਨ ਘਟਣ ਤੇ ਸਮਾਰਟਫੋਨਾਂ ਰਾਹੀਂ ਖ਼ਬਰਾਂ ਦੀ ਵਧੇਰੇ ਖਪਤ ਦੇ ਰੁਝਾਨ ਦੇ ਬਾਵਜੂਦ ਨੌਜਵਾਨ ਪਾਠਕ ਅਜੇ ਵੀ ਵੈੱਬਸਾਈਟਜ਼ ਤੇ ਐਪਜ਼ ਦੀ ਨਿਸਬਤ ਪ੍ਰਿੰਟ ਐਡੀਸ਼ਨ ਨੂੰ ਵੱਧ ਤਰਜੀਹ ਦਿੰਦੇ ਹਨ। ਸਿਟੀ, ਯੂਨੀਵਰਸਿਟੀ ਆਫ਼ ਲੰਡਨ ਵੱਲੋਂ ਸ਼ਹਿਰ ਵਿੱਚ ਕੀਤੇ ਇਕ ਅਧਿਐਨ ਮੁਤਾਬਕ ਨੌਜਵਾਨ ਪਾਠਕ ਅਜੇ ਵੀ ਆਨਲਾਈਨ ਖ਼ਬਰਾਂ ਪੜ੍ਹਨ ਦੀ ਥਾਂ ਅਖਬਾਰਾਂ ਦੇ ਪ੍ਰਿੰਟ ਐਡੀਸ਼ਨਾਂ ਨੂੰ ਤਰਜੀਹ ਦਿੰਦਿਆਂ ਲਗਪਗ ਦੁੱਗਣਾ ਸਮਾਂ ਬਿਤਾਉਂਦੇ ਹਨ। ਅਧਿਐਨ ਮੁਤਾਬਕ ਸਾਲ 2016 ਵਿੱਚ 18 ਤੋਂ 34 ਸਾਲ ਦੇ ਯੂਕੇ ਦੇ ਅੱਠ ਕੌਮੀ ਅਖ਼ਬਾਰਾਂ ਦੇ ਬ੍ਰਿਟਿਸ਼ ਪਾਠਕਾਂ ਨੇ ਲਗਪਗ ਅਖ਼ਬਾਰਾਂ ਦੇ ਪ੍ਰਿੰਟ ਐਡੀਸ਼ਨ ਨੂੰ ਪੜ੍ਹਨ ਲਈ 21.7 ਅਰਬ ਮਿੰਟਾਂ ਦਾ ਸਮਾਂ ਲਾਇਆ ਜਦਕਿ ਇਨ੍ਹਾਂ ਪਾਠਕਾਂ ਨੇ ਵੈੱਬਸਾਈਟਜ਼ ਤੇ ਐਪਜ਼ 'ਤੇ ਸਿਰਫ਼ 11.9 ਅਰਬ ਮਿੰਟ ਹੀ ਖਪਾਏ। ਯੂਨੀਵਰਸਿਟੀ ਨੇ ਸਰਵੇਖਣ ਲਈ ਪ੍ਰਿੰਟ ਐਡੀਸ਼ਨਾਂ ਤੇ ਆਨਲਾਈਨ ਵੈੱਬਸਾਈਟਾਂ 'ਤੇ ਖ਼ਬਰਾਂ ਪੜ੍ਹਨ ਲਈ ਖਪਾਏ ਸਮੇਂ ਨੂੰ ਅਧਾਰ ਬਣਾਇਆ ਹੈ। ਪੱਤਰਕਾਰੀ ਵਿਭਾਗ ਵਿੱਚ ਪ੍ਰੋਫੈਸਰ ਨੀਲ ਥਰਮਨ ਨੇ ਕਿਹਾ ਕਿ ਨੌਜਵਾਨ ਪਾਠਕਾਂ ਨੂੰ ਆਨਲਾਈਨ ਖ਼ਬਰਾਂ ਸਕੈਨ ਕਰਨ ਦੀ ਥਾਂ ਅਖ਼ਬਾਰਾਂ ਦੇ ਪ੍ਰਿੰਟ ਐਡੀਸ਼ਨਾਂ ਤੋਂ ਅਧੇੜ ਤੇ ਬਜ਼ੁਰਗ ਖਪਤਕਾਰਾਂ ਵਾਂਗ ਸਮੇਂ ਦੇ ਨਿਵੇਸ਼ ਨਾਲ ਤਜਰਬਾ ਮਿਲਦਾ ਹੈ। ਅਧਿਐਨ ਮੁਤਾਬਕ 18 ਤੋਂ 34 ਸਾਲ ਦੇ ਪਾਠਕ ਅਖ਼ਬਾਰ ਪੜ੍ਹਨ ਲਈ ਔਸਤ 23 ਮਿੰਟ ਲਾਉਂਦੇ ਹਨ। ਸ਼ਨਿੱਚਰਵਾਰ ਤੇ ਐਤਵਾਰ ਨੂੰ ਇਹ ਸਮਾਂ ਹੋਰ ਵੱਧ ਜਾਂਦਾ ਹੈ। ਇਨ੍ਹਾਂ ਅਖ਼ਬਾਰਾਂ ਨੂੰ ਜਦੋਂ ਵੈੱਬਸਾਈਟਾਂ ਤੇ ਐਪਜ਼ 'ਤੇ ਆਨਲਾਈਨ ਪੜ੍ਹਿਆ ਜਾਂਦਾ ਹੈ ਤਾਂ ਇਹੀ ਪਾਠਕ ਔਸਤ ਇਕ ਦਿਨ 'ਚ 43 ਸਕਿੰਟ ਦਾ ਸਮਾਂ ਲੈਂਦੇ ਹਨ।

### ਬਾਬੇ ਨੇ ਕੇਟ ਕੱਟਿਆ...

# ਵੱਡੇ ਬਾਦਲ ਨੇ ਅਪਣੇ ਪਿੰਡ 'ਚ ਮਨਾਇਆ ਜਨਮ ਦਿਨ

**ਲੰਬੀ/ਬਿਊਰੋ ਨਿਊਜ਼:** ਨੱਬਿਆਂ ਤੋਂ ਟੱਪੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸ਼ੁਕਰਵਾਰ ਨੂੰ ਪਿੰਡ ਬਾਦਲ ਵਿੱਚ ਆਪਣਾ ਜਨਮ ਦਿਨ ਮਨਾਇਆ। ਸਹਿਣਸ਼ੀਲਤਾ ਅਤੇ ਸੂਝ-ਬੂਝ ਨਾਲ ਸਿਆਸੀ ਪੌੜੀਆਂ ਚੜ੍ਹੇ ਸ੍ਰੀ ਬਾਦਲ ਅੱਜ ਜਨਮ ਦਿਨ ਦੇ ਬਹਾਨੇ ਅਕਾਲੀ ਸਫ਼ਾਂ 'ਚ ਜੋਸ਼ ਭਰ ਗਏ। ਉਂਜ ਉਨ੍ਹਾਂ ਨੂੰ ਆਪਣਾ ਜਨਮ ਵਰ੍ਹੇ ਬਾਰੇ ਪੱਕਾ ਪਤਾ ਨਹੀਂ ਹੈ।

ਪਿੰਡ ਬਾਦਲ ਵਿੱਚ ਮਾਤਾ ਜਸਵੰਤ ਕੌਰ ਮੈਮੋਰੀਅਲ ਸਕੂਲ 'ਚ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ। ਇਸ ਤੋਂ ਪਹਿਲਾਂ ਅਕਾਲੀ ਵਰਕਰਾਂ ਦੇ ਨਾਲ ਸ੍ਰੀ ਬਾਦਲ ਨੇ ਕੇਕ ਕੱਟਿਆ। ਧਾਰਮਿਕ ਸਮਾਗਮ ਲਈ ਸਮੁੱਚੇ ਪ੍ਰਬੰਧ ਸ੍ਰੀ ਬਾਦਲ ਦੇ ਪੁੱਤਰ ਸੁਖਬੀਰ ਸਿੰਘ ਬਾਦਲ ਅਤੇ ਕੇਂਦਰੀ ਮੰਤਰੀ ਨੂੰਹ ਹਰਸਿਮਰਤ ਕੌਰ ਬਾਦਲ ਨੇ ਆਪਣੇ ਪੱਧਰ 'ਤੇ ਕਰਵਾਏ। ਇਸ 'ਸਰਪ੍ਰਾਈਜ਼ ਸਮਾਗਮ' ਬਾਰੇ ਸਾਬਕਾ ਮੁੱਖ ਮੰਤਰੀ ਨੂੰ ਵੀਰਵਾਰ ਦੇਰ ਸ਼ਾਮ ਤੱਕ ਕੋਈ ਸੂਹ ਨਹੀਂ ਸੀ। ਹਾਲਾਂਕਿ ਫ਼ਿਰੋਜ਼ਪੁਰ ਜ਼ਿਲ੍ਹੇ 'ਚ ਧਰਨੇ ਵਿੱਚ ਡਟੇ ਹੋਣ ਕਰਕੇ ਸੁਖਬੀਰ ਸਿੰਘ ਬਾਦਲ ਆਪਣੇ ਪਿਤਾ ਦੇ ਜਨਮ ਦਿਨ ਸਮਾਗਮ ਵਿੱਚ ਸ਼ਾਮਲ ਨਹੀਂ ਹੋ ਸਕੇ, ਪਰ ਉਨ੍ਹਾਂ ਨੇ ਧਰਨੇ ਤੋਂ ਸਵੇਰੇ ਹੀ ਫੋਨ 'ਤੇ ਆਪਣੇ ਪਿਤਾ ਨੂੰ ਜਨਮ ਦਿਨ ਦੀ ਵਧਾਈ ਦਿੱਤੀ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਅਤੇ ਪੋਤਰੀ ਹਰਲੀਨ ਕੌਰ ਬਾਦਲ ਧਾਰਮਿਕ ਸਮਾਗਮ ਮੌਕੇ ਮੌਜੂਦ ਸਨ। ਹਮੇਸ਼ਾ ਵਾਂਗ ਚੁਸਤ-ਦਰੁਸਤ ਨਜ਼ਰ ਆ ਰਹੇ ਸ੍ਰੀ ਬਾਦਲ ਦੀ ਤੰਦਰੁਸਤੀ, ਲੰਮੀ ਉਮਰ ਲਈ ਅਰਦਾਸ ਕੀਤੀ ਗਈ। ਧਾਰਮਿਕ ਸਮਾਗਮ ਵਿੱਚ ਮਹਿਮਾਨਾਂ ਦੇ ਖਾਣ-ਪੀਣ ਦਾ ਪ੍ਰਬੰਧ ਵੀ ਸੀ।

ਮਹਿਮਾਨ ਵਰਕਰਾਂ ਨੂੰ ਸੰਬੋਧਨ ਕਰਦਿਆਂ ਸ੍ਰੀ ਬਾਦਲ ਨੇ ਸੁਖਬੀਰ ਸਿੰਘ ਬਾਦਲ ਦੇ ਉਨ੍ਹਾਂ ਦੇ ਜਨਮ ਦਿਨ ਸਮਾਗਮ ਵਿੱਚ ਸ਼ਾਮਲ ਹੋਣ ਦੀ ਬਜਾਏ ਲੋਕ ਹਿੱਤ ਲਈ ਦਿੱਤੇ ਧਰਨਿਆਂ 'ਚ ਡਟੇ ਹੋਣ 'ਤੇ ਖ਼ੁਸ਼ੀ ਪ੍ਰਗਟਾਈ। ਸ੍ਰੀ ਬਾਦਲ ਨੇ ਕਿਹਾ ਕਿ ਉਹ ਆਪਣੇ ਅਖ਼ੀਰਲੇ ਪਲ ਤੱਕ ਦੇਸ਼ ਅਤੇ ਪਾਰਟੀ ਲਈ ਸੇਵਾਵਾਂ ਨਿਭਾਉਂਦੇ ਰਹਿਣਗੇ।

ਇੱਕ ਸਵਾਲ ਦੇ ਜਵਾਬ ਵਿੱਚ ਸ੍ਰੀ ਬਾਦਲ ਨੇ ਦੱਸਿਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਉਨ੍ਹਾਂ ਨੂੰ ਜਨਮ ਦਿਨ ਦੀ ਕੋਈ ਵਧਾਈ ਨਹੀਂ ਆਈ।



ਪਿੰਡ ਬਾਦਲ 'ਚ ਵਰਕਰਾਂ ਨਾਲ ਜਨਮ ਦਿਨ ਦਾ ਕੇਟ ਕੱਟਦੇ ਹੋਏ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ।

## ਬਾਦਲ ਨੇ ਸਾਰੀ ਉਮਰ ਪੰਜਾਬ ਦੇ ਹੱਕ ਵੇਚਣ ਦਾ ਖਟਿਆ ਖਾਧਾ: ਮਾਨ

**ਜਲੰਧਰ/ਬਿਊਰੋ ਨਿਊਜ਼:** ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜਨਮ ਦਿਨ ਮੌਕੇ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਸ੍ਰੀ ਬਾਦਲ ਨੇ ਆਪਣੀ ਉਮਰ ਵਿੱਚ ਪੰਜਾਬ ਜਾਂ ਸਿੱਖ ਕੌਮ ਲਈ ਕੋਈ ਪ੍ਰਾਪਤੀ ਨਹੀਂ ਕੀਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਸ੍ਰੀ ਬਾਦਲ ਨੇ ਸਾਰੀ ਉਮਰ ਪੰਜਾਬ ਦੇ ਹੱਕ ਵੇਚ ਕੇ ਰੋਟੀ ਖਾਧੀ ਹੈ। ਇਸ ਲਈ ਪੰਜ ਵਾਰ ਪੰਜਾਬ ਦਾ ਮੁੱਖ ਮੰਤਰੀ ਬਣਨ ਦੇ ਬਾਵਜੂਦ ਸ੍ਰੀ ਬਾਦਲ ਦਾ ਨਾਂ ਇਤਿਹਾਸ 'ਚ ਨਹੀਂ ਲਿਖਿਆ ਜਾਵੇਗਾ।

# ਸ਼ਾਹੀ ਸ਼ਹਿਰ ਪਟਿਆਲੇ ਦਾ ਮੁੰਡਾ ਬਣਿਆ 'ਮਿਸਟਰ ਪੰਜਾਬ'

**ਐਸ.ਏ.ਐਸ.ਨਗਰ (ਮੁਹਾਲੀ)/ਬਿਊਰੋ ਨਿਊਜ਼:** ਪੀਟੀਸੀ ਚੈਨਲ ਦੇ 'ਮਿਸਟਰ ਪੰਜਾਬ 2017' ਮੁਕਾਬਲੇ ਦਾ ਖ਼ਿਤਾਬ ਪਟਿਆਲਾ ਦੇ ਗੱਭਰੂ ਹਰਪਵਿੱਤ ਸਿੰਘ ਦੀ ਝੋਲੀ ਪਿਆ ਹੈ। ਹਰਪਵਿੱਤ ਨੂੰ ਇੱਕ ਲੱਖ ਰੁਪਏ ਦਾ ਨਗਦ ਇਨਾਮ ਵੀ ਮਿਲਿਆ ਹੈ। ਇਸ ਮੁਕਾਬਲੇ ਵਿੱਚ ਅਰਸ਼ਵੀਰ ਸਿੰਘ ਫਸਟ ਰਨਰ ਅੱਪ ਰਿਹਾ ਹੈ। ਮੁਹਾਲੀ ਦਾ ਨੌਜਵਾਨ ਤਰਲੋਕ ਸਿੰਘ ਅਤੇ ਮੁੰਬਈ ਦਾ ਰਵਨੀਤ ਸਿੰਘ ਸੈਕਿੰਡ ਰਨਰ ਅੱਪ ਐਲਾਨੇ ਗਏ। ਫਸਟ ਅਤੇ ਸੈਕਿੰਡ ਰਨਰਅੱਪ ਨੂੰ ਪੰਜਾਹ-ਪੰਜਾਹ ਹਜ਼ਾਰ ਰੁਪਏ ਦੀ ਰਾਸ਼ੀ ਇਨਾਮ ਵਜੋਂ ਦਿੱਤੀ ਗਈ ਹੈ। ਫਾਈਨਲ ਮੁਕਾਬਲੇ ਵਿੱਚ ਵੱਖ-ਵੱਖ ਪੜਾਵਾਂ ਵਿੱਚੋਂ ਲੰਘਣ ਵਾਲੇ ਦਸ ਗੱਭਰੂ ਪੁੱਜੇ। ਦੇਰ ਰਾਤ ਤੱਕ ਚੱਲੇ ਫਾਈਨਲ ਮੁਕਾਬਲੇ ਦੇ ਜੱਜਾਂ ਵਿੱਚ ਕਾਮੇਡੀ ਕਲਾਕਾਰ ਗੁਰਪ੍ਰੀਤ ਸਿੰਘ ਘੁੱਗੀ ਵੀ ਸ਼ਾਮਲ ਸੀ। ਫਾਈਨਲ ਦੇ ਸਾਰੇ ਪੜਾਵਾਂ ਦੌਰਾਨ ਮੰਚ ਸੰਚਾਲਨ ਸਤਿੰਦਰ ਸੱਤੀ ਨੇ ਕੀਤਾ। ਇਸ ਮੌਕੇ ਪੀਟੀਸੀ ਚੈਨਲ ਦੇ ਮੁਖੀ ਰਾਜੀ ਐੱਮ ਸ਼ਿੰਦੇ ਤੇ ਨਰਾਇਣ ਸ਼ਿੰਦੇ ਵੀ ਹਾਜ਼ਰ ਸਨ। ਪੰਜਾਬੀ ਗਾਇਕ ਜੈਜ਼ੀ ਬੀ, ਸੁਨੰਦਾ ਸ਼ਰਮਾ, ਕੁਲਵਿੰਦਰ ਬਿੱਲਾ, ਨਿਸ਼ਾ ਖਾਨ, ਕਾਦਿਰ ਥਿੰਦ, ਰੌਸ਼ਨ ਪ੍ਰਿੰਸ, ਗੁਰਮਹਿਕ ਸਿੰਘ ਸਿੱਧੂ ਸਮੇਤ ਹੋਰਨਾਂ ਕਲਾਕਾਰਾਂ ਨੇ ਆਪਣੇ ਫ਼ਨ ਦਾ ਮੁਜ਼ਾਹਰਾ ਕੀਤਾ।




ਪੀਟੀਸੀ ਦੇ 'ਮਿਸਟਰ ਪੰਜਾਬ-2017' ਮੁਕਾਬਲੇ ਦਾ ਜੇਤੂ ਹਰਪਵਿੱਤ ਸਿੰਘ ਖ਼ਿਤਾਬ ਹਾਸਲ ਕਰਦਾ ਹੋਇਆ।

# ਹਾਈ ਕੋਰਟ ਨੇ ਹੁਣ ਵਿਆਹਾਂ ਮੌਕੇ ਵੀ ਪਟਾਕੇ ਚਲਾਉਣ ਉੱਤੇ ਲਾਈ ਰੋਕ

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਅੱਜ ਇਕ ਹੁਕਮ ਜਾਰੀ ਕਰਦਿਆਂ ਵਿਆਹਾਂ ਤੇ ਖ਼ੁਸ਼ੀ ਦੇ ਹੋਰਨਾਂ ਮੌਕਿਆਂ 'ਤੇ ਪਟਾਕੇ ਚਲਾਉਣ 'ਤੇ ਰੋਕ ਲਾ ਦਿੱਤੀ ਹੈ। ਅਦਾਲਤੀ ਹੁਕਮ ਕੇਸ ਦੀ ਅਗਲੀ ਸੁਣਵਾਈ 11 ਜਨਵਰੀ 2018 ਤਕ ਲਾਗੂ ਰਹਿਣਗੇ। ਉਂਜ ਹਾਈ ਕੋਰਟ ਦੇ ਇਨ੍ਹਾਂ ਹੁਕਮਾਂ ਨਾਲ ਪਟਾਕੇ ਚਲਾ ਕੇ ਨਵੇਂ ਸਾਲ ਦੇ ਜਸ਼ਨ ਮਨਾਉਣ ਵਾਲਿਆਂ ਦੇ ਅਰਮਾਨ ਜ਼ਰੂਰ ਠੰਡੇ ਪੈ ਗਏ ਹਨ। ਹਾਈ ਕੋਰਟ ਦੇ ਡਿਵੀਜ਼ਨ ਬੈਂਚ ਨੇ ਕੌਮੀ ਰਾਜਧਾਨੀ ਖੇਤਰ (ਐਨਸੀਆਰ) ਨੂੰ ਆਪਣੇ ਸੱਜਰੇ ਹੁਕਮਾਂ ਦੇ ਅਧਿਕਾਰ ਖੇਤਰ 'ਚੋਂ ਬਾਹਰ ਰੱਖਿਆ ਹੈ। ਜਸਟਿਸ ਅਜੇ ਕੁਮਾਰ ਮਿੱਤਲ ਤੇ ਜਸਟਿਸ ਅਮਿਤ ਰਾਵਲ ਦੇ ਬੈਂਚ ਨੇ ਉਪਰੋਕਤ ਹੁਕਮ ਅਦਾਲਤੀ ਮਿੱਤਰ ਅਨੁਪਮ ਗੁਪਤਾ ਵੱਲੋਂ ਦਾਇਰ ਹਲਫ਼ਨਾਮੇ 'ਤੇ ਸੁਣਾਏ ਹਨ। ਗੁਪਤਾ ਨੇ ਕਿਹਾ ਸੀ ਕਿ ਵਿਆਹਾਂ ਮੌਕੇ ਚਲਾਏ ਜਾਣ ਵਾਲੇ ਪਟਾਕੇ ਅਜੇ ਵੀ ਜਸ਼ਨਾਂ ਦਾ ਹਿੱਸਾ ਹਨ। ਬੈਂਚ ਨੇ ਦੋਵਾਂ ਰਾਜਾਂ ਤੇ ਯੂਟੀ ਪ੍ਰਸ਼ਾਸਨ ਦੇ ਵਕੀਲਾਂ ਨੂੰ ਸਾਫ਼ ਕਰ ਦਿੱਤਾ ਹੈ ਕਿ ਉਹ ਪਾਬੰਦੀ ਦੇ ਹੁਕਮਾਂ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਉਣ। ਦਿੱਲੀ ਦੇ ਫ਼ਿਰੋਜ਼ਸ਼ਾਹ ਕੋਟਲਾ ਮੈਦਾਨ 'ਤੇ ਖੇਡੇ ਤੀਜੇ ਟੈਸਟ ਮੈਚ ਦੌਰਾਨ ਸ੍ਰੀਲੰਕਾਈ ਖਿਡਾਰੀਆਂ ਵੱਲੋਂ ਮੈਦਾਨ 'ਤੇ ਪ੍ਰਦੂਸ਼ਣ ਤੋਂ ਬਚਣ ਲਈ ਪਾਏ ਮਾਸਕ ਦਾ ਹਵਾਲਾ ਦਿੰਦਿਆਂ ਬੈਂਚ ਨੇ ਕਿਹਾ ਕਿ ਉਹ ਮੁਸ਼ਕਲ ਸਾਹਮਣੇ ਵੇਖ ਕੇ ਮਹਿਜ਼ ਅੱਖਾਂ ਬੰਦ ਕਰਕੇ ਨਹੀਂ ਸਾਰ ਸਕਦੇ। ਕਾਬਿਲੇਗੌਰ ਹੈ ਕਿ ਜਸਟਿਸ ਰਾਵਲ ਨੇ ਇਸ ਤੋਂ ਪਹਿਲਾਂ ਦੀਵਾਲੀ ਮੌਕੇ ਪਟਾਕਿਆਂ ਕਰਕੇ ਹੋਏ ਪ੍ਰਦੂਸ਼ਣ ਦਾ ਵੀ ਖ਼ੁਦ ਨੋਟਿਸ ਲਿਆ ਸੀ। ਉਨ੍ਹਾਂ ਖ਼ਤਰਨਾਕ ਪੱਧਰ 'ਤੇ ਪੁੱਜੇ ਪ੍ਰਦੂਸ਼ਣ ਤੇ ਇਸ ਦੇ ਮਨੁੱਖਾਂ 'ਤੇ ਪੈਣ ਵਾਲੇ ਅਸਰ ਨੂੰ ਲੈ ਕੇ ਫ਼ਿਕਰਮੰਦੀ ਜ਼ਾਹਿਰ ਕੀਤੀ ਸੀ।

# ਜਿਉਂਦੇ ਬੱਚੇ ਨੂੰ ਮਰਿਆ ਕਰਾਰ ਦੇਣ ਬਦਲੇ ਮੈਕਸ ਹਸਪਤਾਲ ਦਾ ਲਾਇਸੈਂਸ ਰੱਦ ਕੀਤਾ

**ਨਵੀਂ ਦਿੱਲੀ/ਬਿਊਰੋ ਨਿਊਜ਼:** ਇਥੇ ਸ਼ਾਲੀਮਾਰ ਸਥਿਤ ਮੈਕਸ ਹਸਪਤਾਲ ਦਾ ਦਿੱਲੀ ਸਰਕਾਰ ਨੇ ਲਾਇਸੈਂਸ ਰੱਦ ਕਰ ਦਿੱਤਾ ਹੈ। ਦੱਸਣਯੋਗ ਹੈ ਕਿ 30 ਨਵੰਬਰ ਨੂੰ ਪੈਦਾ ਹੋਏ ਜੌੜੇ ਬੱਚਿਆਂ 'ਚੋਂ ਇੱਕ ਨੂੰ ਜ਼ਿੰਦਾ ਹੋਣ ਦੇ ਬਾਵਜੂਦ ਇਸ ਹਸਪਤਾਲ ਦੇ ਡਾਕਟਰਾਂ ਨੇ ਮ੍ਰਿਤਕ ਐਲਾਨ ਦਿੱਤਾ ਸੀ। ਇਸ ਹਸਪਤਾਲ ਵੱਲੋਂ ਕਥਿਤ ਦੋਸ਼ੀ ਦੋ ਡਾਕਟਰਾਂ ਨੂੰ ਪਹਿਲਾਂ ਹੀ ਕੱਢਿਆ ਜਾ ਚੁੱਕਾ ਹੈ। ਦਿੱਲੀ ਸਰਕਾਰ ਨੇ ਇਸ ਮਾਮਲੇ ਦੀ ਜਾਂਚ ਲਈ ਤਿੰਨ ਮੈਂਬਰੀ ਕਮੇਟੀ ਕਾਇਮ ਕੀਤੀ ਸੀ, ਜਿਸ ਦੀ ਰਿਪੋਰਟ ਦੇ ਆਧਾਰ 'ਤੇ ਸਿਹਤ ਮੰਤਰੀ ਸਤਿੰਦਰ ਜੈਨ ਨੇ ਇਹ ਫ਼ੈਸਲਾ ਕੀਤਾ ਹੈ। ਸ੍ਰੀ ਜੈਨ ਨੇ ਪੱਤਰਕਾਰਾਂ ਨੂੰ ਕਿਹਾ ਕਿ ਅਜਿਹੀ ਅਪਰਾਧਕ ਅਣਗਿਹਲੀ ਹਰਗਿਜ਼ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਦਿੱਲੀ ਸਰਕਾਰ ਨੇ ਮੈਕਸ ਹਸਪਤਾਲ ਦਾ ਲਾਇਸੈਂਸ ਰੱਦ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੈਕਸ ਹਸਪਤਾਲ ਨੂੰ ਵੱਖ ਵੱਖ ਮਸਲਿਆਂ ਵਿੱਚ ਪਹਿਲਾਂ ਵੀ ਤਿੰਨ ਨੋਟਿਸ ਦਿੱਤੇ ਗਏ ਸਨ, ਜਿਨ੍ਹਾਂ 'ਚ ਉਸ ਦੀਆਂ ਖਾਮੀਆਂ ਸਾਹਮਣੇ ਆਈਆਂ ਸਨ। ਇਹ ਨੋਟਿਸ ਸਰਕਾਰ ਤੋਂ ਸਸਤੀ ਜ਼ਮੀਨ ਲੈਣ ਵਾਲੇ ਹਸਪਤਾਲਾਂ ਵੱਲੋਂ ਗ਼ਰੀਬਾਂ ਨੂੰ ਇਲਾਜ ਵਿੱਚ ਦਿੱਤੀ ਜਾਂਦੀ ਛੋਟ ਦੀ ਪਾਲਣਾ ਨਾ ਕਰਨ ਕਰਕੇ ਜਾਰੀ ਕੀਤੇ ਸਨ। ਇਨ੍ਹਾਂ ਨੋਟਿਸਾਂ ਕਰਕੇ ਅਤੇ ਹੁਣ ਦੇ ਮਾਮਲੇ 'ਚ ਇਹ ਕਾਰਵਾਈ ਕੀਤੀ ਗਈ ਹੈ। ਮੈਕਸ ਹਸਪਤਾਲ ਦੇ ਪ੍ਰਬੰਧਕਾਂ ਨੇ ਦਿੱਲੀ ਸਰਕਾਰ ਦੀ ਕਾਰਵਾਈ ਨੂੰ ਕਠੋਰ ਦੱਸਦਿਆਂ ਕਿਹਾ ਕਿ ਵਿਅਕਤੀਗਤ ਗ਼ਲਤੀ ਲਈ ਹਸਪਤਾਲ ਨੂੰ ਦੋਸ਼ੀ ਠਹਿਰਾਉਣਾ ਗਲਤ ਹੈ। ਇੰਡੀਅਨ ਮੈਡੀਕਲ ਐਸੋਸੀਏਸ਼ਨ ਦੇ ਪ੍ਰਧਾਨ ਕੇ.ਕੇ. ਅਗਰਵਾਲ ਨੇ ਕਿਹਾ ਕਿ ਇਹ ਸਖ਼ਤ ਫ਼ੈਸਲਾ ਹੈ।



## ‘ਅਪਣੀਆਂ ਸਿਆਸੀ ਛੁਰਲੀਆਂ ’ਚ ਘਿਰ ਗਿਐ ਮੋਦੀ’

# ਪ੍ਰਧਾਨ ਮੰਤਰੀ ਝੂਠ ਬੋਲਣ ਬਦਲੇ ਦੇਸ਼ ਤੋਂ ਮੰਗੇ ਮੁਆਫ਼ੀ : ਮਨਮੋਹਨ ਸਿੰਘ

### ਸਾਬਕਾ ਪ੍ਰਧਾਨ ਮੰਤਰੀ ਨੇ ਮੋਦੀ ਨੂੰ ਕਰਾਰੇ ਹੱਥੀਂ ਲਿਆ

**ਨਵੀਂ ਦਿੱਲੀ/ਬਿਊਰੋ ਨਿਊਜ਼:** ਅਪਣੀਆਂ ਸਿਆਸੀ ਛੁਰਲੀਆਂ ਲਈ ਜਾਣੇ ਜਾਂਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਾਬਕਾ ਪ੍ਰਧਾਨ ਮੰਤਰੀ ਬਾਰੇ ਬੇਤੁਕੀ ਟਿਪਣੀ ਕਰਨ ਕਾਰਨ ਵਿਵਾਦਾਂ ’ਚ ਘਿਰ ਗਏ ਹਨ ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਗੁਜਰਾਤ ਦੀਆਂ ਚੋਣਾਂ ‘ਚ ਪਾਕਿਸਤਾਨ ਨਾਲ ਮਿਲ ਕੇ ਸਾਜ਼ਸ਼ ਦੀ ਟਿਪਣੀ ‘ਤੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਤਿੱਖਾ ਪਲਟਵਾਰ ਕਰਦਿਆਂ ਕਿਹਾ ਕਿ ਮੋਦੀ ਇਤਰਾਜ਼ਯੋਗ ਉਦਾਹਰਣ ਸਥਾਪਤ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਦੇਸ਼ ਤੋਂ ਮਾਫ਼ੀ ਮੰਗਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਮੋਦੀ ਆਪਣੀ ‘ਕੁਲਹਿਣੀ ਸੋਚ’ ਨਾਲ ‘ਖ਼ਤਰਨਾਕ ਪਿਰਤ’ ਪਾ ਰਹੇ ਹਨ। ਸਾਬਕਾ ਪ੍ਰਧਾਨ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਲਛਮਣ ਰੇਖਾ ਨੂੰ ਬਿਨਾਂ ਵਿਚਾਰੇ ਲੰਘਣ ਕਰ ਕੇ ਗ਼ਲਤ ਪਰੰਪਰਾ ਕਾਇਮ ਕਰ ਰਹੇ ਹਨ। ਉਨ੍ਹਾਂ ਇਸ ਦੋਸ਼ ਨੂੰ ਮਨਘੜਤ ਅਤੇ ਝੂਠ ਕਹਿ ਕੇ ਖ਼ਾਰਜ ਕਰ ਦਿਤਾ। ਉਨ੍ਹਾਂ ਕਿਹਾ ਕਿ ਮਣੀਸ਼ੰਕਰ ਅਈਅਰ ਵਲੋਂ ਪਾਕਿਸਤਾਨ ਦੇ ਸਾਬਕਾ ਵਿਦੇਸ਼ ਮੰਤਰੀ ਖੁਰਸ਼ੀਦ ਕਸੂਰੀ ਲਈ ਦਿਤੇ ਰਾਤਰੀਭੋਜ ‘ਚ ਉਨ੍ਹਾਂ ਨੇ ਕਿਸੇ ਨਾਲ ਵੀ ਗੁਜਰਾਤ ਚੋਣਾਂ ਬਾਰੇ ਵਿਚਾਰ-ਵਟਾਂਦਰਾ ਨਹੀਂ ਕੀਤਾ ਸੀ।

ਉਨ੍ਹਾਂ ਦੋਸ਼ ਲਾਇਆ ਕਿ ਗੁਜਰਾਤ ਚੋਣ ‘ਚ ਦਿਸ ਰਹੀ ਅਪਣੀ ਪਾਰਟੀ ਦੀ ਹਾਰ ਨੂੰ ਵੇਖਦਿਆਂ ਪ੍ਰਧਾਨ ਮੰਤਰੀ ਹਰ ਤਰ੍ਹਾਂ ਦੇ ਹੋਛੇ ਸ਼ਬਦਾਂ ਦਾ ਪ੍ਰਯੋਗ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਵਲੋਂ ਸਿਆਸੀ ਲਾਭ ਲੈਣ ਲਈ ਜੋ ਝੂਠ ਅਤੇ ਅਫ਼ਵਾਹਾਂ ਫੈਲਾਈਆਂ ਜਾ ਰਹੀਆਂ ਹਨ ਉਸ ਤੋਂ ਉਹ ਪੀੜਤ ਅਤੇ ਨਿਰਾਸ਼ ਹਨ।

ਸਾਬਕਾ ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਪੂਰੀ ਉਮੀਦ ਹੈ ਕਿ ਪ੍ਰਧਾਨ ਮੰਤਰੀ ਗ਼ਲਤ ਢੰਗ ਨਾਲ ਵਿਚਾਰ ਕੀਤੇ ਬੇਤੁਕੇ ਨੁਕਤਿਆਂ ‘ਤੇ ਅਪਣਾ ਅੱਡੀ ਚਟੀ ਦਾ ਜੋਰ ਲਾਉਣ ਦੀ ਬਜਾਏ ਅਪਣੇ ਉੱਚ ਅਹੁਦੇ ਦੇ ਅਨੁਸਾਰ


ਨਰਿੰਦਰ ਮੋਦੀ ਤੇ ਮਨਮੋਹਨ ਸਿੰਘ ਦੀ ਪੁਰਾਣੀ ਤਸਵੀਰ।

ਸੰਜੀਦਗੀ ਵਿਖਾਉਣਗੇ।

ਉਨ੍ਹਾਂ ਕਿਹਾ ਕਿ ਨਾ ਤਾਂ ਕਾਂਗਰਸ ਪਾਰਟੀ ਅਤੇ ਨਾ ਹੀ ਉਨ੍ਹਾਂ ਨੂੰ ਦੇਸ਼ਭਗਤੀ ‘ਤੇ ਅਜਿਹੇ ਪ੍ਰਧਾਨ ਮੰਤਰੀ ਜਾਂ ਇਕ ਅਜਿਹੀ ਪਾਰਟੀ ਤੋਂ ਉਪਦੇਸ਼ ਚਾਹੀਦਾ ਹੈ ਜਿਨ੍ਹਾਂ ਦਾ ਅਤਿਵਾਦ ਨਾਲ ਲੜਨ ਦਾ ਰੀਕਾਰਡ ਢਿੱਲਾ-ਮੱਠਾ ਰਿਹਾ ਹੋਵੇ। ਉਨ੍ਹਾਂ ਕਿਹਾ ਕਿ ਨਰਿੰਦਰ ਮੋਦੀ ਨੂੰ ਯਾਦ ਰਖਣਾ ਚਾਹੀਦਾ ਹੈ ਕਿ ਉਹ ਊਧਮਪੁਰ ਅਤੇ ਗੁਰਦਾਸਪੁਰ ਦੇ ਅਤਿਵਾਦੀ ਹਮਲਿਆਂ ਦੇ ਬਾਵਜੂਦ ਬਿਨਾਂ ਸੱਦੇ ਪਾਕਿਸਤਾਨ ਗਏ ਸਨ। ਉਨ੍ਹਾਂ ਕਿਹਾ, “ਕੀ ਮੋਦੀ ਜੀ ਦੇਸ਼ ਨੂੰ ਦੱਸਣਗੇ ਕਿ ਕਿਨ੍ਹਾਂ ਕਾਰਨਾਂ ਕਰ ਕੇ ਉਨ੍ਹਾਂ ਪਾਕਿਸਤਾਨ ‘ਚ ਰਚੇ ਗਏ ਪਠਾਨਕੋਟ ਹਮਲੇ ਤੋਂ ਬਾਅਦ ਪਾਕਿਸਤਾਨ ਦੀ ਬਦਨਾਮ ਖ਼ੁਫ਼ੀਆ ਏਜੰਸੀ ਆਈ. ਐਸ.ਆਈ. ਨੂੰ ਸੁਰੱਖਿਆ ਦੀ ਦ੍ਰਿਸ਼ਟੀ ਨਾਲ ਮਹੱਤਵਪੂਰਨ ਪਠਾਨਕੋਟ ਹਵਾਈ ਅੱਡੇ ‘ਤੇ ਜਾਂਚ ਲਈ ਸਦਿਆ ਸੀ ?”

ਇਸ ਬਾਰੇ ਸਥਿਤੀ ਸਪੱਸ਼ਟ ਕਰਦਿਆਂ ਅਤੇ ਮੋਦੀ ਦੇ ਦਾਅਵਿਆਂ ਨੂੰ ਖ਼ਾਰਜ ਕਰਦਿਆਂ ਮਨਮੋਹਨ ਸਿੰਘ ਨੇ ਕਿਹਾ, “ਸ੍ਰੀ ਮਣੀਸ਼ੰਕਰ ਅਈਅਰ ਵਲੋਂ ਦਿਤੇ ਰਾਤਰੀਭੋਜ ‘ਚ ਮੈਂ ਗੁਜਰਾਤ ਚੋਣਾਂ ਬਾਰੇ ਨਾ ਤਾਂ ਕਿਸੇ ਵਿਅਕਤੀ ਨਾਲ ਚਰਚਾ ਕੀਤੀ ਅਤੇ ਨਾ ਹੀ ਗੁਜਰਾਤ ਦਾ ਮੁੱਦਾ ਕਿਸੇ ਤਰ੍ਹਾਂ ਨਾਲ ਚਰਚਾ ‘ਚ ਆਇਆ। ਚਰਚਾ ਸਿਰਫ਼ ਭਾਰਤ-ਪਾਕਿ ਰਿਸ਼ਤਿਆਂ ਤਕ ਸੀਮਤ ਰਹੀ।”

ਜ਼ਿਕਰਯੋਗ ਹੈ ਕਿ ਕਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਕ ਚੋਣ ਸਭਾ ਨੂੰ ਸੰਬੋਧਨ ਕਰਦਿਆਂ ਸੁਝਾਅ ਦਿਤਾ ਸੀ ਕਿ ਪਾਕਿਸਤਾਨ, ਗੁਜਰਾਤ ਦੀਆਂ ਵਿਧਾਨ ਸਭਾ ਚੋਣਾਂ ਨੂੰ ਪ੍ਰਭਾਵਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਸੀ ਕਿ ਪਾਕਿਸਤਾਨੀ ਅਧਿਕਾਰੀ ਅਤੇ ਮਨਮੋਹਨ ਸਿੰਘ ਦੀ ਕਾਂਗਰਸ ਆਗੂ ਮਣੀਸ਼ੰਕਰ ਅਈਅਰ ਦੇ ਘਰ ਛੇ ਦਸੰਬਰ ਨੂੰ ਬੈਠਕ ਹੋਈ ਸੀ। ਇਸ ਤੋਂ ਇਕ ਦਿਨ ਬਾਅਦ ਹੀ ਅਈਅਰ ਨੇ ਮੋਦੀ ਨੂੰ ਅਪਣੀ ਟਿਪਣੀ ‘ਚ ਨੀਚ ਆਦਮੀ ਕਿਹਾ ਸੀ। ਮਨਮੋਹਨ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਅਤੇ ਸਾਬਕਾ ਉਪ-ਰਾਸ਼ਟਰਪਤੀ ਹਾਮਿਦ ਅੰਸਾਰੀ ਤੋਂ ਇਲਾਵਾ ਅਈਅਰ ਵਲੋਂ ਕਸੂਰੀ ਦੇ ਮਾਣ ‘ਚ ਦਿਤੇ ਰਾਤਰੀਭੋਜ ‘ਚ ਪਾਕਿਸਤਾਨ ਦੇ ਸਫ਼ੀਰ, ਨਟਵਰ ਸਿੰਘ, ਕੇ.ਐਸ. ਵਾਜਪਾਈ, ਅਜੈ ਸ਼ੁਕਲਾ, ਸ਼ਰਦ ਸੱਭਰਵਾਲ, ਜਨਰਲ ਦੀਪਕ ਕਪੂਰ, ਟੀ.ਸੀ.ਏ. ਰਾਘਵਨ, ਸਤਿੰਦਰ ਕੇ. ਲਾਂਬਾ, ਐਮ.ਕੇ. ਭੱਦਰਕੁਮਾਰ, ਸੀ.ਆਰ. ਗਰੇਖਾਨ, ਪ੍ਰੇਮਸ਼ੰਕਰ ਝਾ, ਸਲਮਾਨ ਹੈਦਰ ਅਤੇ ਰਾਹੁਲ ਸਿੰਘ ਹਾਜ਼ਰ ਸਨ। ਉਨ੍ਹਾਂ ਕਿਹਾ ਕਿ ਇਨ੍ਹਾਂ ‘ਚੋਂ ਕਿਸੇ ‘ਤੇ ਵੀ ਦੇਸ਼ਧ੍ਰੋਹ ਦਾ ਇਲਜ਼ਾਮ ਲਾਉਣਾ ਸਰਾਸਰ ਝੂਠ ਅਤੇ ਅਧਰਮ ਹੋਵੇਗਾ।

ਸਾਬਕਾ ਸਫ਼ੀਰ ਲਾਂਬਾ ਅਤੇ ਸਾਬਕਾ ਸਫ਼ੀਰ ਗਰੇਖਾਨ ਨੇ ਕਿਹਾ ਕਿ ਉਸ ਰਾਤਰੀਭੋਜ ‘ਚ ਭਾਰਤ-ਪਾਕਿ ਰਿਸ਼ਤਿਆਂ ‘ਤੇ ਆਮ ਚਰਚਾ ਹੋਈ ਸੀ। ਗਰੇਖਾਨ ਨੇ ਇਕ ਸਮਾਚਾਰ ਚੈਨਲ ਨੂੰ ਕਿਹਾ ਕਿ ਇਸ ‘ਚ ਕਿਸੇ ਵੀ ਤਰ੍ਹਾਂ ਦੀ ਸਿਆਸੀ ਚਰਚਾ ਨਹੀਂ ਹੋਈ। ਸਾਬਕਾ ਫ਼ੌਜ ਮੁਖੀ ਜਨਰਲ ਕਪੂਰ ਦੇ ਹਵਾਲੇ ਨਾਲ ਵੀ ਕਿਹਾ ਗਿਆ ਕਿ ਇਸ ਰਾਤਰੀਭੋਜ ‘ਚ ਗੁਜਰਾਤ ਚੋਣਾਂ ਬਾਰੇ ਬਿਲਕੁਲ ਚਰਚਾ ਨਹੀਂ ਹੋਈ। ਇਸ ਦੌਰਾਨ ਕਾਂਗਰਸ ਦੇ ਬੁਲਾਰੇ ਆਨੰਦ ਸ਼ਰਮਾ ਅਤੇ ਸੀਨੀਅਰ ਆਗੂ ਪੀ. ਚਿਦੰਬਰਮ ਨੇ ਵੀ ਪ੍ਰਧਾਨ ਮੰਤਰੀ ਵਲੋਂ ਮਾਫ਼ੀ ਮੰਗਣ ਦੀ ਮੰਗ ਕੀਤੀ।

### ਜੇਤਲੀ ਕਹਿੰਦਾ : ਕਾਹਦੇ ਲਈ ਰੱਖੀ ਸੀ ਮੀਟਿੰਗ

ਨਵੀਂ ਦਿੱਲੀ: ਸਰਕਾਰ ਨੇ ਪਾਕਿ ਅਧਿਕਾਰੀਆਂ ਨਾਲ ਮੀਟਿੰਗ ਲਈ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਉਤੇ ਹਮਲਾ ਕਰਦਿਆਂ ਇਸ ਬੈਠਕ ਦੇ ਪ੍ਰਸੰਗ ਬਾਰੇ ਪੁੱਛਿਆ ਹੈ। ਪ੍ਰਧਾਨ ਮੰਤਰੀ ਮੋਦੀ ਤੋਂ ਮੁਆਫ਼ੀ ਦੀ ਮੰਗ ਨੂੰ ਰੱਦ ਕਰਦਿਆਂ ਵਿੱਤ ਮੰਤਰੀ ਅਰੁਣ ਜੇਤਲੀ ਨੇ ਮਨਮੋਹਨ ਸਿੰਘ ‘ਤੇ ਕੌਮੀ ਨੀਤੀ ਦੀ ਉਲੰਘਣਾ ਦਾ ਦੋਸ਼ ਲਾਇਆ। ਉਨ੍ਹਾਂ ਨੇ ਮਨੀ ਸ਼ੰਕਰ ਅਈਅਰ ਵੱਲੋਂ ਆਪਣੇ ਘਰ ਪਾਕਿਸਤਾਨੀ ਹਸਤੀਆਂ ਲਈ ਰੱਖੇ ਰਾਤਰੀ ਭੋਜ ‘ਚ ਸ਼ਾਮਲ ਹੋਣ ਦੇ ਪ੍ਰਸੰਗ, ਸਾਰਥਿਕਤਾ ਅਤੇ ਲੋੜ ਬਾਰੇ ਪੁੱਛਿਆ। ਇਸ ਮੀਟਿੰਗ ਨੂੰ ‘ਸਿਆਸੀ ਦੁਰਘਟਨਾ’ ਕਰਾਰ ਦਿੰਦਿਆਂ ਸ੍ਰੀ ਜੇਤਲੀ ਨੇ ਕਿਹਾ ਕਿ ਮੁਲਕ ਦੀ ਕੌਮੀ ਨੀਤੀ ਹੈ ਕਿ ਅਤਿਵਾਦ ਤੇ ਗੱਲਬਾਤ ਨਾਲ ਨਾਲ ਨਹੀਂ ਚੱਲ ਸਕਦੇ। ਇਸ ਦਾ ਮੁੱਖ ਵਿਰੋਧੀ ਧਿਰ ਵੱਲੋਂ ਵੀ ਪਾਲਣ ਕੀਤੇ ਜਾਣ ਦੀ ਉਮੀਦ ਕੀਤੀ ਜਾਂਦੀ ਹੈ।

### ਸਾਨੂੰ ਅਪਣੀ ਸਿਆਸਤ ’ਚ ਨਾ ਘੜੀਸੋ: ਪਾਕਿਸਤਾਨ

**ਇਸਲਾਮਾਬਾਦ:** ਪ੍ਰਧਾਨ ਮੰਤਰੀ ਮੋਦੀ ਵੱਲੋਂ ਪਾਕਿਸਤਾਨ ‘ਤੇ ਗੁਜਰਾਤ ਚੋਣਾਂ ‘ਚ ਦਖ਼ਲ ਦੇਣ ਬਾਰੇ ਲਾਏ ਦੋਸ਼ਾਂ ਦੇ ਇਕ ਦਿਨ ਬਾਅਦ ਅੱਜ ਪਾਕਿਸਤਾਨ ਨੇ ਇਸ ਨੂੰ ਭਾਰਤੀ ਸਿਆਸਤਦਾਨਾਂ ਦਾ ਉਸ ਨੂੰ ਘਰੇਲੂ ਸਿਆਸਤ ‘ਚ ਘੜੀਸਣ ਦਾ ‘ਨਿਰਆਧਾਰ ਤੇ ਗ਼ੈਰਜ਼ਿੰਮੇਵਾਰ’ ਯਤਨ ਦੱਸਿਆ ਹੈ। ਸ੍ਰੀ ਮੋਦੀ ਦੀਆਂ ਟਿੱਪਣੀਆਂ ‘ਤੇ ਪਾਕਿਸਤਾਨ ਦੇ ਵਿਦੇਸ਼ ਦਫ਼ਤਰ ਦੇ ਤਰਜਮਾਨ ਮੁਹੰਮਦ ਫੈਸਲ ਨੇ ਟਵੀਟ ਕੀਤਾ, ‘ਭਾਰਤ ਵੱਲੋਂ ਪਾਕਿਸਤਾਨ ਨੂੰ ਆਪਣੀ ਚੋਣ ਬਹਿਸ ਵਿੱਚ ਨਹੀਂ ਘੜੀਸਿਆ ਜਾਣਾ ਚਾਹੀਦਾ ਅਤੇ ਸਾਜ਼ਿਸ਼ਾਂ ਘੜਨ ਬਜਾਏ ਆਪਣੇ ਦਮ ’ਤੇ ਜਿੱਤ ਪ੍ਰਾਪਤ ਕਰਨੀ ਚਾਹੀਦੀ।’

# ਡੇਰਾ ਪ੍ਰੇਮੀ ਦੇ ਕਤਲ ਕੇਸ ’ਚ ਜਿੰਮੀ ਦਾ ਪੁਲੀਸ ਰਿਮਾਂਡ ਵਧਾਇਆ

**ਪਾਇਲ/ਬਿਊਰੋ ਨਿਊਜ਼**, ਤਹਿਸੀਲ ਦੇ ਪਿੰਡ ਨਾਨਕਪੁਰ ਜਗੇੜਾ ਵਿੱਚ 25 ਫਰਵਰੀ ਨੂੰ ਕਤਲ ਕੀਤੇ ਡੇਰਾ ਸਿਰਸਾ ਦੇ ਸੇਵਾਦਾਰ ਪਿਓ-ਪੁੱਤ ਮਾਮਲੇ ਵਿੱਚ 4 ਮੁਲਜ਼ਮਾਂ ਨੂੰ ਇੱਥੋਂ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਇਨ੍ਹਾਂ ਵਿੱਚੋਂ 3 ਮੁਲਜ਼ਮਾਂ ਨੂੰ ਅਦਾਲਤ ਨੇ 22 ਦਸੰਬਰ ਤੱਕ ਜੁਡੀਸ਼ਲ ਰਿਮਾਂਡ ’ਤੇ ਭੇਜ ਦਿੱਤਾ, ਜਦੋਂਕਿ ਇੱਕ ਮੁਲਜ਼ਮ ਦੇ ਪੁਲੀਸ ਰਿਮਾਂਡ ਵਿੱਚ ਦੋ ਦਿਨਾਂ ਦਾ ਵਾਧਾ ਕੀਤਾ ਗਿਆ ਹੈ।

ਡੇਰਾ ਪ੍ਰੇਮੀ ਪਿਓ-ਪੁੱਤ ਦੇ ਕਤਲ ਕੇਸ ਵਿੱਚ ਜੰਮੂ ਵਾਸੀ ਤਲਜੀਤ ਸਿੰਘ ਜਿੰਮੀ ਨੂੰ ਥਾਣਾ ਮਲੌਦ ਦੀ ਪੁਲੀਸ ਨੇ 5 ਦਿਨ ਦਾ ਪੁਲੀਸ ਰਿਮਾਂਡ ਖ਼ਤਮ ਹੋਣ ਤੋਂ ਬਾਅਦ ਜੱਜ ਗੁਰਮਹਿਤਾਬ ਸਿੰਘ ਦੀ ਅਦਾਲਤ ਵਿੱਚ ਪੇਸ਼ ਕਰ ਕੇ ਹੋਰ ਰਿਮਾਂਡ ਦੀ ਮੰਗ ਕੀਤੀ ਸੀ। ਅਦਾਲਤ ਨੇ ਜਿੰਮੀ ਦੇ ਪੁਲੀਸ ਰਿਮਾਂਡ ਵਿੱਚ 2 ਦਿਨ ਦਾ ਵਾਧਾ ਕਰਨ ਸਮੇਤ ਪੁਲੀਸ ਨੂੰ ਕੁਝ ਹਦਾਇਤਾਂ ਵੀ ਦਿੱਤੀਆਂ ਹਨ। ਇਸ ਮੌਕੇ ਪਾਇਲ ਦੇ ਡੀਐਸਪੀ ਰਛਪਾਲ ਸਿੰਘ



ਢੀਂਡਸਾ, ਥਾਣਾ ਮੁਖੀ ਮਲੌਦ ਹਰਦੀਪ ਸਿੰਘ ਚੀਮਾ, ਸਤਵਿੰਦਰ ਸਿੰਘ ਤੇ ਨਛੱਤਰ ਸਿੰਘ ਸਮੇਤ ਹੋਰ ਪੁਲੀਸ ਅਧਿਕਾਰੀਆਂ ਦੀ ਅਗਵਾਈ ਵਿੱਚ ਪੁਲੀਸ ਨੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਹੋਏ ਸਨ।

ਪੁਲੀਸ ਨੇ ਇਸੇ ਮਾਮਲੇ ਵਿੱਚ ਤਿੰਨ ਹੋਰ ਮੁਲਜ਼ਮਾਂ ਅਮਨਿੰਦਰ ਸਿੰਘ ਮਿੰਦੂ ਵਾਸੀ ਸਲਾਣਾ ਦੂਲਾ ਸਿੰਘ ਵਾਲਾ, ਮਨਪ੍ਰੀਤ ਸਿੰਘ ਮਨੀ ਵਾਸੀ ਗੰਢੂਆਂ ਤੇ ਰਾਵਪਾਲ ਸਿੰਘ ਭੂੰਡਾਂ ਵਾਸੀ ਪਾਇਲ ਨੂੰ ਵੀ ਅਦਾਲਤ ਵਿੱਚ ਪੇਸ਼ ਕੀਤਾ। ਅਦਾਲਤ ਨੇ ਤਿੰਨਾਂ ਨੂੰ ਮੁੜ 22 ਦਸੰਬਰ ਤੱਕ ਜੇਲ੍ਹ ਭੇਜ ਦਿੱਤਾ ਹੈ।

# ਬਲਾਤਕਾਰੀ ‘ਪਾਪਾ ਦੀ ਪਰੀ’ ਨੇ ਪੰਚਕੂਲਾ ’ਚ ਪੇਸ਼ੀ ਭੁਗਤੀ

ਪੰਚਕੂਲਾ/ਬਿਊਰੋ ਨਿਊਜ਼, ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਦੀ ਗੋਦ ਲਈ ਹੋਈ ਧੀ ਹਨੀਪ੍ਰੀਤ, ਜਿਸ ਖ਼ਿਲਾਫ਼ ਦੇਸ਼ ਧ੍ਰੋਹ ਦਾ ਮਾਮਲਾ ਦਰਜ ਹੈ, ਨੂੰ ਅੱਜ ਅੰਬਾਲਾ ਜੇਲ੍ਹ ਤੋਂ ਪੰਚਕੂਲਾ ਜ਼ਿਲ੍ਹਾ ਅਦਾਲਤ ਦੀ ਸੀਜੇਐਮ ਕੋਰਟ ਵਿੱਚ ਲਿਆਂਦਾ ਗਿਆ। ਇੱਥੇ ਉਸ ਨੂੰ ਦਿੱਤੀ ਚਾਰਜਸ਼ੀਟ ‘ਤੇ ਬਹਿਸ ਹੋਈ। ਹਨੀਪ੍ਰੀਤ ਨੂੰ ਅੱਜ ਸਵੇਰੇ ਪੁਲੀਸ ਭਾਰੀ ਸੁਰੱਖਿਆ ਪ੍ਰਬੰਧ ਹੇਠ ਸਾਢੇ ਦਸ ਵਜੇ ਲੈ ਕੇ ਆਈ ਅਤੇ 11:50 ਮਿੰਟ ‘ਤੇ ਸੁਣਵਾਈ ਤੋਂ ਬਾਅਦ ਉਸ ਨੂੰ ਵਾਪਸ ਲੈ ਗਈ। ਹਨੀਪ੍ਰੀਤ ਦੀ ਅਗਲੀ ਪੇਸ਼ੀ ਹੁਣ 21 ਦਸੰਬਰ ਨੂੰ ਰੱਖੀ ਗਈ ਹੈ। ਅੱਜ ਉਸ ਦੇ ਹੋਰ ਵੀ ਕਈ ਸਾਥੀ ਕੋਰਟ ਵਿੱਚ ਪੇਸ਼ ਹੋਏ। ਇਸ ਕੇਸ ਨਾਲ ਸਬੰਧਤ ਇੱਕ ਹੋਰ ਮੁਲਜ਼ਮ ਦੇ ਕੇਸ ਦੀ ਪੈਰਵੀ ਕਰ ਰਹੇ ਵਕੀਲ ਸੁਰੇਸ਼ ਰੋਹਿਲਾ ਨੇ ਦੱਸਿਆ ਕਿ ਅਗਲੀ ਵਾਰ ਹਨੀਪ੍ਰੀਤ ਨੂੰ ਸੈਸ਼ਨ ਕੋਰਟ ਵਿੱਚ ਪੇਸ਼ ਕੀਤਾ ਜਾਵੇਗਾ। ਅੱਜ ਹਨੀਪ੍ਰੀਤ ਦੇ ਹੋਰ ਵੀ ਕਈ ਸਾਥੀ ਸੀਜੇਐਮ ਕੋਰਟ ਪੰਚਕੂਲਾ ਵਿੱਚ ਪੇਸ਼ ਕੀਤੇ ਗਏ, ਜਿਨ੍ਹਾਂ ਖ਼ਿਲਾਫ਼ ਦੇਸ਼ਧ੍ਰੋਹ ਦਾ ਕੇਸ ਦਰਜ ਹੈ। ਮੁਲਜ਼ਮਾਂ ਵਿੱਚ ਚਮਕੌਰ ਸਿੰਘ, ਸੁਰਿੰਦਰ ਧੀਮਾਨ, ਸੀਪੀ ਅਰੋੜਾ ਅਤੇ ਹੋਰ ਸ਼ਾਮਲ ਹਨ। ਦੱਸਣਯੋਗ ਹੈ ਕਿ ਪੁਲੀਸ ਨੇ ਹਨੀਪ੍ਰੀਤ ਤੇ ਸਾਥੀਆਂ ‘ਤੇ ਦੰਗਾ ਭੜਕਾਉਣ ਅਤੇ ਦੇਸ਼ ਧ੍ਰੋਹ ਦੇ ਮਾਮਲਿਆਂ ਵਿੱਚ ਚਾਰਜਸ਼ੀਟ ਪੇਸ਼ ਕੀਤੀ ਸੀ।



**ਡੇਰੇ ਦਾ ਇੱਕ ਪ੍ਰੇਮੀ ਪੁਲੀਸ ਨੇ ਕੀਤਾ ਕਾਬੂ**

ਪੁਲੀਸ ਨੇ 25 ਅਗਸਤ ਨੂੰ ਹੋਈ ਹਿੰਸਾ ਦੇ ਮਾਮਲੇ ਵਿੱਚ ਡੇਰਾ ਸਿਰਸਾ ਦੇ ਪ੍ਰੇਮੀ ਹਰੀਕੇਸ਼ ਨੂੰ ਕੈਥਲ ਤੋਂ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਅਨੁਸਾਰ ਮੁਲਜ਼ਮ ਖ਼ਿਲਾਫ਼ ਵੀ ਦੇਸ਼ ਧ੍ਰੋਹ ਦਾ ਮਾਮਲਾ ਦਰਜ ਕੀਤਾ ਗਿਆ ਹੈ। ਪੁਲੀਸ ਕਈ ਦਿਨਾਂ ਤੋਂ ਇਸ ਨੂੰ ਫੜਨ ਲਈ ਛਾਪੇ ਮਾਰ ਰਹੀ ਸੀ ਅਤੇ ਇਹ ਕਈ ਦਿਨਾਂ ਤੋਂ ਫਰਾਰ ਸੀ। ਦੇਸ਼ ਧ੍ਰੋਹ ਦੇ ਮਾਮਲੇ ਵਿੱਚ ਪੁਲੀਸ ਨੇ 15 ਲੋਕਾਂ ਖ਼ਿਲਾਫ਼ ਚਾਰਜਸ਼ੀਟ ਦਾਖ਼ਲ ਕੀਤੀ ਸੀ। ਇਸ ਸਬੰਧੀ ਹਨੀਪ੍ਰੀਤ ਨੇ ਦੰਗਾ ਭੜਕਾਉਣ, ਮੀਟਿੰਗਾਂ ਕਰਨ ਅਤੇ ਹੋਰ ਕਈ ਗੱਲਾਂ ਕਬੂਲੀਆਂ ਸਨ।

## ਗੈਂਗਸਟਰਾਂ ਦੇ ਹਮਲੇ ਦੇ ਡਰੋਂ ਲੰਗਾਹ ਨੂੰ ਜੇਲ੍ਹ ਬਦਲ ਕੇ ਪਟਿਆਲਾ ਲਿਆਂਦਾ

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਦੇ ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲਗਾਹ ਦੇ ਗੈਂਗਸਟਰਾਂ ਦੇ ਨਿਸ਼ਾਨੇ ‘ਤੇ ਹੋਣ ਕਾਰਨ ਜੇਲ੍ਹ ਵਿਭਾਗ ਚੌਕੰਨਾ ਹੋ ਗਿਆ ਹੈ। ਲੰਗਾਹ ਦੀ ਜਾਨ ਨੂੰ ਖ਼ਤਰਾ ਦੇਖਦਿਆਂ ਉਸ ਨੂੰ ਕਪੂਰਥਲਾ ਤੋਂ ਪਟਿਆਲਾ ਜੇਲ੍ਹ ‘ਚ ਤਬਦੀਲ ਕਰ ਦਿੱਤਾ ਗਿਆ ਹੈ। ਵਧੀਕ ਡੀਜੀਪੀ (ਜੇਲ੍ਹਾਂ) ਇਕਬਾਲਪ੍ਰੀਤ ਸਿੰਘ ਸਹੋਤਾ ਨੇ ਸਾਬਕਾ ਮੰਤਰੀ ਨੂੰ



ਪਟਿਆਲਾ ਜੇਲ੍ਹ ਤਬਦੀਲ ਕੀਤੇ ਜਾਣ ਦੀ ਪੁਸ਼ਟੀ ਕੀਤੀ ਹੈ। ਉਧਰ ਜੇਲ੍ਹ ਵਿਭਾਗ ਦੇ ਸੂਤਰਾਂ ਮੁਤਾਬਕ ਜਬਰ ਜਨਾਹ ਦੇ ਕੇਸ ਵਿੱਚ ਅਦਾਲਤੀ ਹਿਰਾਸਤ ਅਧੀਨ ਚੱਲ ਰਹੇ ਲੰਗਾਹ ਦਾ ਕਤਲ ਕਰਨ ਲਈ ਸੇਖੋਂ ਗੈਂਗ ਨੇ ਵਿਉਂਤ ਬਣਾ ਲਈ ਸੀ। ਸੂਤਰਾਂ ਦਾ ਕਹਿਣਾ ਹੈ ਕਿ ਲੰਗਾਹ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਨੇ ਪਟਿਆਲਾ ਦੀ ਥਾਂ ਗੁਰਦਾਸਪੁਰ ਜਾਂ ਅੰਮ੍ਰਿਤਸਰ ਜੇਲ੍ਹ ਵਿੱਚ ਉਸ ਨੂੰ ਤਬਦੀਲ ਕਰਨ ਦੀ ਬੇਨਤੀ ਕੀਤੀ ਸੀ ਪਰ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਕਿ ਮਾਝਾ ਖੇਤਰ ਦੀਆਂ ਉਕਤ ਦੋਵੇਂ ਜੇਲ੍ਹਾਂ ਵਿੱਚ ਵੀ ਲੰਗਾਹ ਲਈ ਖ਼ਤਰੇ ਬਰਕਰਾਰ ਹਨ। ਉਕਤ ਜੇਲ੍ਹਾਂ ਵਿੱਚ ਕਈ ਅਜਿਹੇ ‘ਬੇਕਸੂਰ’ ਵਿਅਕਤੀ ਬੰਦੀ ਹਨ ਜਿਨ੍ਹਾਂ ‘ਤੇ ਅਕਾਲੀ ਹਕੂਮਤ ਦੌਰਾਨ ਮਾਮਲੇ ਦਰਜ ਹੋਏ ਅਤੇ ਇਨ੍ਹਾਂ ਵਿੱਚ ਕਈ ਮਾਮਲੇ ਦਰਜ ਕਰਾਉਣ ਪਿੱਛੇ ਅਕਸਰ ਸੁੱਚਾ ਸਿੰਘ ਲੰਗਾਹ ਉਪਰ ਵੀ ਦੋਸ਼ ਲੱਗਦੇ ਰਹੇ ਹਨ। ਸੂਤਰਾਂ ਨੇ ਕਿਹਾ ਕਿ ਲੰਗਾਹ ਨੂੰ ਜਦੋਂ ਕਪੂਰਥਲਾ ਜੇਲ੍ਹ ਵਿੱਚ ਭੇਜਿਆ ਗਿਆ ਸੀ ਤਾਂ ਉਸ ਨੇ ਜਾਨ ਦਾ ਖ਼ਤਰਾ ਹੋਣ ਦੀ ਗੱਲ ਆਖੀ ਸੀ। ਜੇਲ੍ਹ ਅਧਿਕਾਰੀਆਂ ਮੁਤਾਬਕ ਦਸੰਬਰ ਦੇ ਸ਼ੁਰੂ ‘ਚ ਹੀ ਸੇਖੋਂ ਗੈਂਗ ਦੇ ਕਪੂਰਥਲਾ ਜੇਲ੍ਹ ‘ਚ ਬੰਦ ਕੁਝ ਬੰਦਿਆਂ ਦੀਆਂ ਵਿਉਂਤਾਂ ਬਾਰੇ ਸੂਹ ਮਿਲ ਗਈ ਸੀ। ਗੈਂਗ ਦੇ ਮੈਂਬਰਾਂ ਦਾ ਆਪਸੀ ਵਾਰਤਾਲਾਪ, ਜੋ ਜੇਲ੍ਹ ਅਧਿਕਾਰੀਆਂ ਕੋਲ ਪਹੁੰਚਿਆ ਹੈ, ਮੁਤਾਬਕ ਲੰਗਾਹ ਨੂੰ ਨਿਹੰਗ ਅਜੀਤ ਸਿੰਘ ਪੂਹਲਾ ਵਾਂਗ ਕਤਲ ਕਰਨ ਦੀ ਸਕੀਮ ਬਣਾਈ ਗਈ ਸੀ। ਗੈਂਗਸਟਰਾਂ ਨੇ ਕਤਲ ਦਾ ਮਕਸਦ ਇਹੀ ਮੰਨਿਆ ਸੀ ਕਿ ਲੰਗਾਹ ਨੂੰ ਕਤਲ ਕਰਨ ਤੋਂ ਬਾਅਦ ਵਿਦੇਸ਼ਾਂ ਤੋਂ ਮਾਇਆ ਦੇ ਗੱਫੇ ਮਿਲਣਗੇ।

# ਮੇਰੀ ਭਾਸ਼ਾ ਮਰ ਰਹੀ ਹੈ

**ਡਾ. ਹਰਸ਼ਿੰਦਰ ਕੌਰ, ਐਮ. ਡੀ.,**
(ਫੋਨ ਨੰ: 0175-2216783)

ਹੌਲੀ-ਹੌਲੀ ਆਉਂਦੀ ਮੌਤ ਕਦੇ ਕਿਸੇ ਦੇ ਨਜ਼ਰੀ ਨਹੀਂ ਪੈਂਦੀ। ਹਰ ਕਿਸੇ ਦਾ ਇੱਕੋ ਹੀ ਜਵਾਬ ਹੁੰਦਾ ਹੈ- "ਪਤਾ ਹੀ ਨਹੀਂ ਲੱਗਿਆ ਕਦੋਂ ਪੂਰੀ ਜ਼ਿੰਦਗੀ ਲੰਘ ਗਈ। ਜਦੋਂ ਕੋਈ ਮਾਰੂ ਰੋਗ, ਜਿਸ ਨਾਲ ਜ਼ਿੰਦਗੀ ਦਾ ਅੰਤ ਸਾਹਮਣੇ ਦਿੱਸੇ, ਬਾਰੇ ਪਤਾ ਲੱਗ ਜਾਵੇ, ਉਸ ਬੰਦੇ ਲਈ ਬਚੀ ਹੋਈ ਜ਼ਿੰਦਗੀ ਦਾ ਹਰ ਪਲ ਮਾਇਨੇ ਰੱਖਣ ਲੱਗ ਪੈਂਦਾ ਹੈ। ਸਿਰਫ਼ ਉਹੀ ਸਮਝ ਸਕਦਾ ਹੈ ਕਿ ਕੋਈ ਐਵੇਂ ਹੀ ਵਿਹਲਾ ਬੈਠਾ ਚਾਰ ਘੰਟੇ ਜੇ ਜ਼ਾਇਆ ਕਰ ਰਿਹਾ ਹੈ ਤਾਂ ਕਿੰਨੇ ਬੇਸ਼ਕੀਮਤੀ ਪਲ ਅਜਾਈਂ ਗੁਆ ਰਿਹਾ ਹੈ। ਇਸ ਸਭ ਦੀ ਸਮਝ ਆ ਜਾਣ ਬਾਅਦ ਵੀ ਸਾਹਮਣੇ ਦਿਸਦੀ ਮੌਤ ਤੇ ਪਲ-ਪਲ ਖਿਸਕਦੀ ਜਾਂਦੀ ਜ਼ਿੰਦਗੀ ਨੂੰ ਫੜ ਕੇ ਕੋਈ ਬਹਿ ਨਹੀਂ ਸਕਦਾ ਤੇ ਨਾ ਹੀ ਮੌਤ ਟਲਦੀ ਹੈ।



ਬਿਲਕੁਲ ਇੰਜ ਹੀ ਭਾਸ਼ਾ ਨਾਲ ਹੁੰਦਾ ਹੈ। ਇਕ ਸਮੇਂ ਦੇ ਲੋਕ ਪਿਛਲੇ ਸਮੇਂ ਵਿਚ ਬੋਲੇ ਜਾ ਰਹੇ ਸ਼ਬਦਾਂ ਦੇ ਹੌਲੀ-ਹੌਲੀ ਲੋਪ ਹੋ ਜਾਣ ਨਾਲ ਭਾਸ਼ਾ ਦੀ ਹੌਲੀ-ਹੌਲੀ ਆ ਰਹੀ ਮੌਤ ਤੋਂ ਬੇਫ਼ਿਕਰੇ ਹੁੰਦੇ ਹਨ ਤੇ ਸਿਰਫ਼ ਆਖ਼ਰੀ ਪੁਸ਼ਤ, ਜਿਸ ਵਿਚ ਭਾਸ਼ਾ ਨੂੰ ਬੋਲਣ ਵਾਲੇ ਉਂਗਲਾਂ ਉੱਤੇ ਗਿਣੇ ਜਾਣ ਵਾਲੇ ਰਹਿ ਜਾਂਦੇ ਹਨ, ਉਦੋਂ ਹੀ ਸਾਹਮਣੇ ਮੌਤ ਦਿਸਦੀ ਹੈ ਤੇ ਉਦੋਂ ਇਹ ਮੌਤ ਟਲ ਨਹੀਂ ਸਕਦੀ ਹੁੰਦੀ।

ਮੇਰੀ ਇਸ ਸੰਵੇਦਨਸ਼ੀਲ ਸੋਚ ਨਾਲ ਅੱਜ ਦੀਆਂ ਉਹ ਮਾਵਾਂ ਕਦੇ ਸਹਿਮਤ ਨਹੀਂ ਹੋਣਗੀਆਂ ਜੋ ਆਪਣੇ ਲਾਡਲੇ ਪੁੱਤਰ ਨੂੰ 'ਓਏ ਹੈਰੀ', 'ਡਿੱਕ ਪੁੱਤਰ', 'ਸਨੀ ਡੀਅਰ', ਆਦਿ ਕਹਿ ਕੇ ਆਵਾਜ਼ ਮਾਰ ਰਹੀਆਂ ਹਨ। ਮੈਂ ਤਾਂ ਆਪਣੀ ਨਿੱਘ ਭਰੀ ਮਾਂ ਦੀ ਬੋਲੀ ਨੂੰ ਆਪਣੇ ਕਲੇਜੇ ਵਿਚ ਸਾਂਭ ਕੇ ਦਫ਼ਨ ਹੋ ਚੁੱਕੀਆਂ ਮਾਵਾਂ ਦੀ ਯਾਦ ਚੇਤੇ ਕਰਵਾ ਰਹੀ ਹਾਂ। 'ਮਾਂ ਸਦਕੇ, ਆ ਖਾਂ ਮੇਰੇ ਕਲੇਜੇ ਦੇ ਟੁਕੜਿਆ," "ਆ ਮੇਰੇ ਹੀਰੇ ਪੁੱਤਰਾ", "ਵੇ ਤੈਨੂੰ ਤੱਤੀ 'ਵਾ ਨਾ ਲੱਗੇ", "ਤੇਰੀ ਆਈ ਤੇਰੀ ਮਾਂ ਮਰ ਜੇ", "ਓਏ ਮੇਰਿਆ ਲਾਡਲਿਆ, ਛਾਤੀ ਨਾਲ ਲੱਗ ਜਾ ਵੇ, ਮੈਨੂੰ ਠੰਡ ਪੈ ਜਾਏ", "ਮੇਰਿਆ ਸੁਹਣਿਆ, ਆ ਤੇਰੀ ਨਜ਼ਰ ਉਤਾਰ ਲਵਾਂ", ਵਾਲੇ ਮੋਹ ਭਰੇ ਸ਼ਬਦ ਮੇਰੀ ਮਾਂ ਬੋਲੀ 'ਚੋਂ ਲੋਪ ਹੋ ਚੁੱਕੇ ਹਨ। ਕੋਈ ਦੱਸੇ ਖਾਂ, ਕਿੰਨੇ ਕੁ ਘਰ ਬਚੇ ਹਨ ਜਿੱਥੇ ਪਿਆਰੀ ਦਾਦੀ ਦੀ, ਮੋਹ ਦੀ ਮਾਰੀ ਦੀ ਆਵਾਜ਼ ਸੁਣਾਈ ਦੇ ਰਹੀ ਹੈ, "ਵੇ ਮਰ ਜਾਣਿਆ, ਔਤਰਿਆ, ਇੱਧਰ ਆ ਤੇਰੀਆਂ ਲੱਤਾ ਭੰਨਾਂ। ਚੰਦਰਿਆ, ਮੇਰੀ ਚਾਸ਼ਨੀ ਰੋੜ੍ਹ ਗਿਐਂ। ਠਹਿਰ ਜਾ, ਹੁਣੇ ਦਸਦੀ ਆਂ!" ਇਨ੍ਹਾਂ ਬੋਲਾਂ ਵਿਚ ਵੀ ਡੂੰਘਾ ਪਿਆਰ ਲੁਕਿਆ ਹੁੰਦਾ ਸੀ।

ਹਾਏ ਡੈਡ, ਡੈਡਾ, ਮੌਮ, ਮੰਮੀ, ਆਂਟ, ਦੇ ਥੱਲੇ ਦਫ਼ਨ ਹੋ ਚੁੱਕੇ ਭਾਪਾ ਜੀ, ਬਾਪੂ ਜੀ, ਬੇਬੇ ਜੀ, ਬੀਬੀ ਜੀ, ਚਾਚੀ ਜੀ, ਫੁੱਫੜ ਜੀ, ਭਾਈ ਜੀ, ਅੰਮੀ ਜੀ, ਹੌਲੀ-ਹੌਲੀ ਮਰ ਚੁੱਕੇ ਹਨ।

'ਸੁਹਣਿਆ ਪੁੱਤਰਾ', 'ਲਾਡਲਿਆ', 'ਚੰਨਾ', ਦੀ ਕਬਰ ਪੁੱਟ ਕੇ 'ਮੋਨੀ, ਪਿੰਟੂ, ਚੈਨੀ, ਫੈਨੀ ਨੇ ਅਪਣਾ ਡੰਕਾ ਵਜਾਇਆ ਹੋਇਆ ਹੈ।

ਮਾਂ ਦੀ ਮੋਹ ਭਰੀ ਬੋਲੀ ਤੇ ਉਸਨੂੰ ਸੁਣਨ ਦਾ ਸੁਖਦ ਇਹਸਾਸ ਜਦੋਂ ਹੌਲੀ-ਹੌਲੀ ਹੋਰ ਜ਼ਬਾਨ ਹੇਠ ਦਫਨ ਹੋਣਾ ਸ਼ੁਰੂ ਹੋ ਜਾਵੇ ਤਾਂ ਮਾਂ ਦੇ ਮਰ ਜਾਣ ਨਾਲ ਹੀ ਭਾਸ਼ਾ ਦਾ ਉਹ ਹਿੱਸਾ ਤਾਂ ਉਸੇ ਵੇਲੇ ਮਰ ਜਾਂਦਾ ਹੈ। ਬਚੀ ਖੁਚੀ ਭਾਸ਼ਾ ਵਿਚ ਹੋਰ ਭਾਸ਼ਾ ਨਾਲ ਮਿਲ ਕੇ ਬਣੀ ਖਿਚੜੀ ਭਾਸ਼ਾ ਦੂਜੀ ਪੁਸ਼ਤ ਤਕ ਲੰਗੜੀ ਹੋ ਕੇ ਪਹੁੰਚਦੀ ਹੈ। ਅਜਿਹੇ ਮੌਕੇ ਜੇ ਕੋਈ ਭਾਸ਼ਾ ਵਿਗਿਆਨੀ ਉਸ ਭਾਸ਼ਾ ਨਾਲ ਜੁੜੇ ਲੋਕਾਂ ਨਾਲ ਵੇਲੇ ਸਿਰ ਭਾਸ਼ਾ ਦੇ ਸਿਰ ਉੱਤੇ ਮੰਡਰਾ ਰਹੇ ਖ਼ਤਰੇ ਬਾਰੇ ਚਿੰਤਾ ਜਤਾਏ ਤਾਂ ਬਹੁਗਿਣਤੀ ਆਮ ਲੋਕ ਬਿਨਾਂ ਸੋਚੇ ਸਮਝੇ ਉਸ ਨੂੰ ਨਕਾਰ ਦਿੰਦੇ ਹਨ ਕਿ ਚੰਗੀ ਭਲੀ ਭਾਸ਼ਾ ਬੋਲੀ ਜਾ ਰਹੀ ਹੈ!

ਅਜਿਹੀ ਲੰਗੜੀ ਭਾਸ਼ਾ ਵਿਚਲੀਆਂ ਤ੍ਰੇੜਾਂ ਦਰਅਸਲ ਭਾਸ਼ਾ ਨੂੰ ਸਹਿਜੇ ਸਹਿਜੇ ਮੌਤ ਵੱਲ ਧੱਕ ਰਹੀਆਂ ਹੁੰਦੀਆਂ ਹਨ।

ਭਾਸ਼ਾ ਵਿਗਿਆਨੀਆਂ ਅਨੁਸਾਰ ਅਸਲ ਮੌਤ ਜਾਂ ਭਾਸ਼ਾ ਉੱਤੇ ਮੰਡਰਾਉਂਦਾ ਖ਼ਤਰਾ ਉਦੋਂ ਦਿਸਣ ਲੱਗਦਾ ਹੈ ਜਦੋਂ ਭਾਸ਼ਾ ਵਿਚਲੀਆਂ ਮੋਹ ਦੀਆਂ ਤੰਦਾਂ ਵੀ ਹੋਰ ਜ਼ਬਾਨ ਮੱਲ ਲਵੇ। ਉਦੋਂ ਤੀਜੀ ਪੁਸ਼ਤ ਦੇ ਗਿਣੇ ਚੁਣੇ ਬੱਚੇ ਹੀ ਸਾਹਿਤ ਵੱਲ ਰੁਚੀ ਰੱਖਦੇ ਹਨ ਤੇ ਬਹੁਤ ਥੋੜੇ ਜਣੇ ਹੀ ਮਾਂ ਬੋਲੀ ਵਿਚ ਰਚਿਆ ਸਾਹਿਤ ਪੜ੍ਹਦੇ ਹਨ। ਅਜਿਹੇ ਮੌਕੇ ਸਿਰਫ਼ ਉਂਗਲਾਂ ਉੱਤੇ ਗਿਣੇ ਜਾਣ ਵਾਲੇ ਹੀ ਉਸ ਭਾਸ਼ਾ ਵਿਚ ਲਿਖਦੇ ਰਹਿੰਦੇ ਹਨ।

ਇਸ ਤਰ੍ਹਾਂ ਦੀ ਲਿਖੀ ਜ਼ਬਾਨ ਵਿਚ ਬਹੁਤ ਸਾਰੇ ਸ਼ਬਦ ਦੂਜੀ ਭਾਸ਼ਾ ਦੇ ਮਿਲੇ ਹੁੰਦੇ ਹਨ ਤੇ ਲੋਪ ਹੋ ਚੁੱਕੇ ਸ਼ਬਦਾਂ ਦੀ ਯਾਦ ਉਘਾੜਨ ਵਾਲਾ ਕੋਈ ਬਚਿਆ ਨਹੀਂ ਹੁੰਦਾ।

ਅੱਜ ਅਸੀਂ ਇਸੇ ਪੜਾਅ ਉੱਤੇ ਪਹੁੰਚ ਚੁੱਕੇ ਹਾਂ ਜਿੱਥੇ ਸਾਡੇ ਬੱਚਿਆਂ ਵਿੱਚੋਂ ਵਿਰਲੇ ਟਾਵੇਂ ਨੂੰ ਹੀ ਧਰੇਕ, ਧਤੂਰਾ, ਪਤਿਓਰਾ, ਮਮਿਓਰਾ, ਦੰਦਾਸਾ, ਛਿੰਝ, ਤ੍ਰਿੰਜਣ, ਛਿੱਕੂ, ਪੂਣੀ, ਖੱਡੀ, ਘੋੜੀਆਂ, ਸੁਹਾਗ, ਬੁੱਕ, ਮੁੱਠ, ਮਰੱਬੇ, ਨਮੋਲੀਆਂ, ਲੋਈ, ਖੇਸੀ, ਦੁਹਾਜੂ, ਸ਼ਰੀਕਾ, ਟੋਭਾ, ਤ੍ਰਿਕਾਲਾਂ, ਲੌਢਾ ਵੇਲਾ, ਮੂੰਹ ਹਨ੍ਹੇਰਾ, ਪੌਣ, ਛਿੱਕੂ, ਭਖੜਾ, ਸੂਲਾਂ, ਦਹਾੜ, ਕਿਲਕਾਰੀ, ਚੋਜ, ਪਸੇਰਾ, ਭਲਕ, ਜੰਡ, ਅੱਖੌਤੀ, ਬੀਹੀ, ਪੋਲਾ, ਸੂਹਾ, ਪਪੋਲ, ਚਿੱਥ, ਚੱਬ, ਖੁਰਦਰਾ, ਪਹੁ ਫੁਟਾਲਾ, ਛਾਹ ਵੇਲਾ, ਵੱਡਾ ਤੜਕਾ, ਲੋਏ-ਲੋਏ, ਤਾਰੇ ਦਾ ਚੜਾਅ, ਸਰਘੀ ਵੇਲਾ, ਢਲਦੀਆਂ ਖਿੱਤੀਆਂ, ਪਲ-ਛਿਣ, ਚਕਲੀਆਂ, ਹੁਟਾ, ਖੂਹ ਦੀਆਂ ਟਿੰਡਾਂ, ਆਦਿ ਵਰਗੇ ਅਣਗਿਣਤ ਸ਼ਬਦਾਂ ਬਾਰੇ ਜਾਣਕਾਰੀ ਹੈ। ਅੱਧਕਾਂ, ਟਿੱਪੀਆਂ, ਬਿੰਦੀਆਂ ਤਾਂ ਫੇਸਬੁੱਕਾਂ ਤੇ ਮੋਬਾਈਲਾਂ ਦੀਆਂ ਰੋਮਨ ਲਿਪੀਆਂ ਨੇ ਕਦੋਂ ਦੀਆਂ ਚੱਬ ਲਈਆਂ।

ਇਸ ਦਾ ਸਪਸ਼ਟ ਮਤਲਬ ਹੈ ਕਿ ਪੰਜਾਬੀ ਭਾਸ਼ਾ ਦੇ ਸੈਂਕੜੇ ਸ਼ਬਦ ਦਫ਼ਨ ਹੋ ਚੁੱਕੇ ਹਨ ਤੇ ਅੱਜ ਦੇ ਦਿਨ ਹੀ ਅੱਧੀ ਭਾਸ਼ਾ ਤੇ ਉਸ ਵਿਚਲੇ ਅਨੇਕ ਮੋਹ ਭਿੱਜੇ ਵਾਕ ਮਰ ਚੁੱਕੇ ਹਨ।

ਬਥੇਰੇ 'ਫੈਨ' ਵਰਗੇ ਸ਼ਬਦਾਂ ਥੱਲੇ ਪੱਖਿਆਂ ਦੀ ਹਵਾ ਮਰ ਖੱਪ ਗਈ ਹੈ। ਚਰਖੇ ਦੀ ਘੂਕਰ 'ਮਸ਼ੀਨ' ਥੱਲੇ ਦੱਬੀ ਗਈ ਹੈ।

ਇਹ ਮੌਤ ਹਾਲੇ ਦਿਸ ਨਹੀਂ ਰਹੀ ਕਿਉਂਕਿ ਅੱਜ ਦੇ ਦਿਨ ਤਿੰਨ ਪੁਸ਼ਤਾਂ ਮੌਜੂਦ ਹਨ, ਜਿਨ੍ਹਾਂ ਵਿਚ ਵਡੇਰੀ ਪੁਸ਼ਤ ਹਾਲੇ ਇਹ ਸ਼ਬਦ ਵਰਤ ਰਹੀ ਹੈ। ਵਿਚਕਾਰਲੀ ਪੁਸ਼ਤ ਆਪਣੇ ਬੱਚਿਆਂ ਨੂੰ ਇਨ੍ਹਾਂ ਸ਼ਬਦਾਂ ਤੋਂ ਵਾਂਝੇ ਰੱਖ ਕੇ ਉਨ੍ਹਾਂ ਨੂੰ ਅਗਾਂਹਵਧੂ ਬਣਾਉਣ ਦੇ ਚੱਕਰ ਵਿਚ ਦੂਜੀ ਭਾਸ਼ਾ ਰਟਾ ਰਹੀ ਹੈ ਤੇ ਤੀਜੀ ਪੁਸ਼ਤ ਬਹੁਤ ਜ਼ੋਰ ਸ਼ੋਰ ਨਾਲ ਦੂਜੀ ਭਾਸ਼ਾ ਵਰਤ ਕੇ ਆਪਣੇ ਆਪ ਨੂੰ ਦਾਦਿਆਂ ਨਾਨਿਆਂ ਤੋਂ ਵੱਧ 'ਪੜ੍ਹੇ ਲਿਖੇ' ਸਾਬਤ ਕਰ ਕੇ ਖ਼ੁਸ਼ੀ ਮਹਿਸੂਸ ਕਰ ਰਹੀ ਹੈ।

ਦਸ ਪੰਦਰਾਂ ਸਾਲਾਂ ਬਾਅਦ ਪਹਿਲੀ ਪੁਸ਼ਤ ਵਾਲਾ ਦਾਦਾ ਨਾਨਾ ਕੋਈ ਨਹੀਂ ਬਚਣਾ ਤੇ ਭਾਸ਼ਾ ਦੇ ਵਡਮੁੱਲੇ ਸ਼ਬਦ ਤੇ ਵਾਕ ਨਾਲੋਂ-ਨਾਲ ਲੋਪ ਹੋ ਜਾਣਗੇ। ਪੰਜਾਬੀ ਭਾਸ਼ਾ ਉੱਤੇ ਕੀਤੇ ਜਾਂਦੇ ਖੋਜ ਕਾਰਜ ਵੀ ਠੱਪ ਹੋ ਜਾਣਗੇ ਤੇ ਉਦੋਂ ਭਾਸ਼ਾ ਵਿਗਿਆਨੀ ਫੇਰ ਖੋਰੂ ਪਾਉਣਗੇ ਕਿ ਪੰਜਾਬੀ ਭਾਸ਼ਾ ਮਰ ਚੱਲੀ ਹੈ। ਇਕ ਵਾਰ ਫੇਰੀ ਦੂਜੀ ਪੁਸ਼ਤ ਦੇ ਲੋਕ ਜੋ ਹੁਣ ਪਹਿਲੀ ਪੁਸ਼ਤ ਦੇ ਤੁਰ ਜਾਣ ਬਾਅਦ ਦਾਦਾ ਨਾਨਾ ਬਣ ਚੁੱਕੇ ਹੋਣਗੇ, ਇਹ ਤੱਥ ਨਕਾਰ ਦੇਣਗੇ ਕਿ ਅਸੀਂ ਭਾਸ਼ਾ ਬੋਲ ਰਹੇ ਹਾਂ ਤੇ ਲਿਖ ਵੀ ਰਹੇ ਹਾਂ। ਅੱਧੀ ਅਧੂਰੀ ਲੰਗੜੀ ਭਾਸ਼ਾ ਕਿੰਨਾ ਚਿਰ ਹੋਰ ਟਿਕੇਗੀ? ਬੁੱਢੀ ਹੋਈ ਭਾਸ਼ਾ ਜਦੋਂ ਤੀਜੀ ਪੁਸ਼ਤ ਨੂੰ ਮਰਦੀ ਦਿੱਸਣ ਲੱਗ ਪਵੇਗੀ, ਉਦੋਂ ਮਰਦੇ ਹੋਏ ਸਰੀਰ ਵਾਂਗ ਇਸ ਨੂੰ ਕੋਈ ਬਚਾ ਨਹੀਂ ਸਕੇਗਾ ਤੇ ਉਦੋਂ ਅੰਤ ਯਕੀਨੀ ਹੋਵੇਗਾ। ਅੱਜ ਦੇ ਦਿਨ ਵੀ ਭਾਸ਼ਾ ਵਿਗਿਆਨੀ ਇਸ ਅਗਾਊਂ ਖ਼ਤਰੇ ਬਾਰੇ ਚੇਤੰਨ ਕਰ ਰਹੇ ਹਨ ਕਿ ਪੰਜਾਬੀ ਭਾਸ਼ਾ ਮਰਨ ਵੱਲ ਚਾਲੇ ਪਾ ਚੁੱਕੀ ਹੈ। ਇਸ ਨੂੰ ਬਚਾਉਣ ਲਈ ਚਮਤਕਾਰ ਦੀ ਲੋੜ ਹੈ। ਲੋਕ ਕਹਿੰਦੇ ਹਨ ਚਮਤਕਾਰ ਵਾਪਰਦੇ ਨਹੀਂ। ਪਰ ਮੈਂ ਸਾਬਤ ਕਰ ਸਕਦੀ ਹਾਂ ਕਿ ਭਾਸ਼ਾ ਵਰਤਣ ਨਾਲ ਚਮਤਕਾਰ ਜ਼ਰੂਰ ਵਾਪਰਦੇ ਹਨ।

**ਬਾਕੀ ਸਫ਼ਾ 33 'ਤੇ**

# ਲੋਕ ਹਿੱਤਾਂ ਉਪਰ ਭਾਰੂ ਹੋਇਆ ਕੱਟੜਵਾਦ

**ਕੇ.ਸੀ. ਸਿੰਘ**
ਲੇਖਕ ਵਿਦੇਸ਼ ਮੰਤਰਾਲੇ ਵਿੱਚ ਸਕੱਤਰ ਰਹਿ ਚੁੱਕਾ ਹੈ।



ਉੱਘੇ ਬਰਤਾਨਵੀ ਪੱਤਰਕਾਰ ਤੇ ਸਾਹਿਤਕਾਰ ਰੁਡਯਾਰਡ ਕਿਪਲਿੰਗ ਦਾ ਮਸ਼ਹੂਰ ਕਥਨ ਹੈ, "ਪੂਰਬ ਨੇ ਪੂਰਬ ਅਤੇ ਪੱਛਮ ਨੇ ਪੱਛਮ ਹੀ ਰਹਿਣਾ ਹੈ। ਇਨ੍ਹਾਂ ਦਾ ਆਪਸ ਵਿੱਚ ਕਦੇ ਮਿਲਾਪ ਨਹੀਂ ਹੋ ਸਕਦਾ।" ਪ੍ਰੰਤੂ ਉਹ ਦੁਨੀਆਂ ਨੂੰ 19ਵੀਂ ਸਦੀ ਦੇ ਬਰਤਾਨਵੀ ਰਾਜ ਦੇ ਪ੍ਰਤੀਬਿੰਬ ਵਜੋਂ ਵੇਖਦਾ ਸੀ। ਉਹ ਵਿਦੇਸ਼ੀਆਂ ਅਤੇ ਇਸਲਾਮ ਵਿਰੋਧੀ ਤਾਕਤਾਂ ਨੂੰ ਵੇਖ ਅਤੇ ਧਰਤੀ 'ਤੇ ਇੱਕ-ਦੂਜੇ ਦੇ ਉਲਟ ਪਾਸੇ ਵੱਸੇ ਲੋਕਤੰਤਰੀ ਦੇਸ਼ਾਂ ਜਿਵੇਂ ਅਮਰੀਕਾ ਤੇ ਭਾਰਤ ਦੇ ਸਿਆਸੀ ਆਗੂਆਂ ਵਿੱਚ ਰਿਸ਼ਤਿਆਂ ਦੀ ਸਾਂਝ ਵਰਗੀਆਂ ਆਤਮਾਵਾਂ ਪੈਦਾ ਨਹੀਂ ਕਰ ਸਕੇ ਸਨ।

ਉੱਘੀ ਪੱਤ੍ਰਿਕਾ 'ਦਿ ਇਕਨੌਮਿਸਟ' ਵਿੱਚ ਪਦਮਾਵਤੀ ਵਿਵਾਦ ਬਾਰੇ ਛਪਿਆ ਹੈ, "ਵੀਰਤਾ ਬਾਰੇ ਇੱਕ ਫ਼ਿਲਮ ਜਿਸ ਨੇ ਭਾਰਤੀ ਸਿਆਸਤਦਾਨਾਂ ਅੰਦਰੀ ਕਰੂਰਤਾ ਸਾਹਮਣੇ ਲੈ ਆਂਦੀ ਹੈ।" ਸੋਲ੍ਹਵੀਂ ਸਦੀ ਦੇ ਕਵੀ ਮਲਿਕ ਮੁਹੰਮਦ ਜਾਯਸੀ ਨੇ ਅਲਿਖਤ ਰਵਾਇਤਾਂ ਦੇ ਆਧਾਰ ਅਤੇ ਚਿਤੌੜ ਰਾਜ ਦੇ ਖ਼ਾਤਮੇ ਦੇ ਸਮੇਂ ਨੂੰ ਕਹਾਣੀ ਦੱਸਣ ਦੇ ਅੰਦਾਜ਼ ਵਿੱਚ ਕਾਲਪਨਿਕ ਰੂਪ ਵਜੋਂ ਪੇਸ਼ ਕੀਤਾ ਹੈ। ਦਰਅਸਲ, ਇਹ ਘਟਨਾ ਇਸ ਤੋਂ ਵੀ ਦੋ ਸਦੀਆਂ ਪਹਿਲਾਂ ਭਾਵ 1303 ਵਿੱਚ ਵਾਪਰੀ ਸੀ। ਸ਼ਹਿਜ਼ਾਦੀ ਦੇ ਮੁਸਲਿਮ ਧਾੜਵੀ ਅਲਾਉਦੀਨ ਖਿਲਜੀ ਦੀਆਂ ਬਾਹਾਂ ਵਿੱਚ ਜਾਣ ਨਾਲੋਂ ਸ਼ਾਨ ਨਾਲ ਮੌਤ ਨੂੰ ਗਲੇ ਲਾਉਣ ਦੀ ਕਥਾ-ਕਹਾਣੀ ਹੈ। ਅੱਜ-ਕੱਲ੍ਹ 'ਲਵ ਜੇਹਾਦ' ਸ਼ਬਦ ਬਹੁਤ ਪ੍ਰਚੱਲਿਤ ਹੋਇਆ ਹੈ ਅਤੇ ਇਕ ਬਾਲਗ ਲੜਕੀ ਹਾਦੀਆ ਦੇ ਮਾਮਲੇ ਵਿੱਚ ਸੁਪਰੀਮ ਕੋਰਟ ਵੀ ਇਸ ਨੂੰ ਨਕਾਰਨ 'ਚ ਬੇਵੱਸ ਨਜ਼ਰ ਆਈ ਹੈ। ਇਹ ਵੀ ਇੱਕ ਹਿੰਦੂ ਲੜਕੀ ਨੂੰ ਲੈ ਕੇ ਇੱਕ ਮੁਸਲਮਾਨ ਲੜਕੇ ਨਾਲ ਨਫ਼ਰਤ ਪੇਸ਼ ਕਰਨ ਵਾਲਾ ਵਾਕਿਆ ਹੈ। ਭਾਜਪਾ ਦੇ ਕਾਰਕੁਨਾਂ ਨੇ ਇਸ ਵਾਕਿਆ ਨੂੰ ਫਿਰਕੂ ਧਰੁਵੀਕਰਨ ਵਜੋਂ ਵਰਤਿਆ ਹੈ।

ਅਜਿਹੇ ਤੱਥਾਂ ਨੂੰ ਨਜ਼ਰਅੰਦਾਜ਼ ਕਰਨ ਵਾਲੀ ਇੱਕ ਹੋਰ ਮਿਸਾਲ ਸਾਹਮਣੇ ਆਈ ਹੈ ਜਦੋਂ ਰਾਹੁਲ ਗਾਂਧੀ ਦੇ ਕਾਂਗਰਸ ਦੀ ਪ੍ਰਧਾਨਗੀ ਲਈ ਨਾਮਜ਼ਦਗੀ ਕਾਗਜ਼ ਦਾਖ਼ਲ ਕਰਨ ਨੂੰ ਲੈ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੁਜਰਾਤ ਵਿੱਚ ਇੱਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਇਸ ਨੂੰ ਤਾਜਪੋਸ਼ੀ ਕਰਾਰ ਦਿੱਤਾ ਤੇ ਇਸ ਦੀ ਤੁਲਨਾ ਔਰੰਗਜ਼ੇਬ ਦੇ ਸ਼ਾਹਜਹਾਨ ਨੂੰ ਕੈਦ ਕਰਕੇ ਮੁਗ਼ਲ ਬਾਦਸ਼ਾਹ ਬਣਨ ਨਾਲ ਕੀਤੀ ਸੀ। ਇਸ ਇਤਿਹਾਸਕ ਘਟਨਾ ਸਬੰਧੀ ਉਨ੍ਹਾਂ ਦਾ ਸੰਕੇਤ ਗਲਤ ਸੀ ਅਤੇ ਉਸ ਸਮੇਂ ਦੇ ਘਟਨਾਕ੍ਰਮ ਦੀ ਜਾਣਕਾਰੀ ਤੋਂ ਉਹ ਅਣਜਾਣ ਜਾਪੇ। ਔਰੰਗਜ਼ੇਬ ਨੇ ਗੱਦੀ ਜੰਗ ਦੇ ਮੈਦਾਨ ਵਿੱਚ ਹਥਿਆਰਬੰਦ ਮੁਗ਼ਲ ਫੌਜਾਂ ਰਾਹੀਂ ਦਾਰਾ ਸ਼ਿਕੋਹ ਨੂੰ ਹਰਾ ਕੇ ਹਾਸਲ ਕੀਤੀ ਸੀ ਜਿਸ ਦਾ ਇਸ ਉਪ ਮਹਾਂਦੀਪ ਦੇ ਭਵਿੱਖ ਉੱਪਰ ਵੱਡਾ ਅਸਰ ਪਿਆ ਸੀ। ਨੁਕਸਾਨ ਉਠਾਉਣ ਵਾਲਾ ਸ਼ਹਿਜ਼ਾਦਾ ਦਾਰਾ ਸ਼ਿਕੋਹ ਸੀ। ਉਹ ਔਰੰਗਜ਼ੇਬ ਦਾ ਵੱਡਾ ਭਰਾ ਅਤੇ ਗੱਦੀ ਦਾ ਅਸਲ ਹੱਕਦਾਰ ਸੀ। ਦਾਰਾ ਸ਼ਿਕੋਹ ਸਾਊ ਤੇ ਸੂਫੀਵਾਦ ਦੇ ਪ੍ਰਭਾਵ ਹੇਠ ਸੀ। ਸੱਚਾਈ ਇਹ ਹੈ ਕਿ ਦਾਰਾ ਸ਼ਿਕੋਹ ਨੂੰ ਗ੍ਰਿਫ਼ਤਾਰ ਕਰਨ ਬਾਅਦ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ। ਔਰੰਗਜ਼ੇਬ ਦੀ ਜਿੱਤ ਇੱਕ ਤਰ੍ਹਾਂ ਨਾਲ ਭਾਰਤ ਦੀ ਵੰਡ ਦੀ ਸ਼ੁਰੂਆਤ ਸੀ ਕਿਉਂਕਿ ਦੇਸ਼ ਅੰਦਰ ਰੂੜੀਵਾਦ ਤੇ ਇਸਲਾਮਿਕ ਅਸਹਿਣਸ਼ੀਲਤਾ ਦਾ ਦੌਰ ਸ਼ੁਰੂ ਹੋ ਗਿਆ ਸੀ। ਇਸ ਘਟਨਾਕ੍ਰਮ ਨਾਲ ਰਾਹੁਲ ਗਾਂਧੀ ਦੇ ਕਾਂਗਰਸ ਪ੍ਰਧਾਨ ਬਣਨ ਲਈ ਅਪਣਾਈ ਜਾ ਰਹੀ ਪ੍ਰਕਿਰਿਆ ਦਾ ਦੂਰ ਤਕ ਵੀ ਵਾਸਤਾ ਨਹੀਂ।

ਬਰਾਕ ਓਬਾਮਾ ਨੇ 2015 ਵਿੱਚ ਰਾਸ਼ਟਰਪਤੀ ਹੋਣ ਸਮੇਂ ਭਾਰਤ ਦਾ ਦੌਰਾ ਕੀਤਾ ਤੇ ਵਾਪਸੀ ਤੋਂ ਪਹਿਲਾਂ ਨਵੀਂ ਦਿੱਲੀ ਦੇ ਸ੍ਰੀ ਫੋਰਟ ਆਡੀਟੋਰੀਅਮ ਵਿੱਚ ਇੱਕ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਧਾਰਮਿਕ ਸਹਿਣਸ਼ੀਲਤਾ ਉੱਪਰ ਜ਼ੋਰ ਦਿੱਤਾ। ਰਾਸ਼ਟਰਪਤੀ ਵਜੋਂ ਸੇਵਾਮੁਕਤ ਹੋਣ ਬਾਅਦ ਹੁਣ ਉਨ੍ਹਾਂ ਨੇ ਫਿਰ ਭਾਰਤ ਦਾ ਦੌਰਾ ਕੀਤਾ ਤੇ ਉਸ ਸਮੇਂ ਇਸ ਮੁੱਦੇ ਨੂੰ ਉਠਾਉਣ ਅਤੇ ਇਸ ਸਬੰਧੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਇਸ ਤੋਂ ਪਹਿਲੀ ਫੇਰੀ ਦੌਰਾਨ ਹੋਈ ਗੱਲਬਾਤ ਨੂੰ ਯਾਦ ਕੀਤਾ। ਬਰਾਕ ਓਬਾਮਾ ਤੇ ਉਨ੍ਹਾਂ ਦੀ ਪਤਨੀ ਮਿਸ਼ੇਲ ਓਬਾਮਾ 2010 ਵਿੱਚ ਆਪਣੀ ਪਹਿਲੀ ਸਰਕਾਰੀ ਭਾਰਤ ਫੇਰੀ 'ਤੇ ਆਉਣ ਸਮੇਂ ਹਿਮਾਯੂੰ ਦੇ ਮਕਬਰੇ ਉੱਪਰ ਵੀ ਗਏ ਸਨ। ਜਦੋਂ ਉਨ੍ਹਾਂ ਨੂੰ ਔਰੰਗਜ਼ੇਬ ਦੇ ਬਾਦਸ਼ਾਹ ਬਣਨ ਦੇ ਘਟਨਾਕ੍ਰਮ ਅਤੇ ਦੋਵਾਂ ਭਰਾਵਾਂ ਵਿੱਚ ਇਸਲਾਮ ਦੀ ਵਿਆਖਿਆ ਦੇ ਮੁੱਦੇ ਉੱਪਰ ਹੋਈ ਲੜਾਈ ਅਤੇ ਉਨ੍ਹਾਂ ਦੇ ਵੱਡੇ ਭਰਾ ਦਾਰਾ ਸ਼ਿਕੋਹ ਦੇ ਉਸ ਮਕਬਰਾ ਕੰਪਲੈਕਸ ਅੰਦਰ ਸਿਰ ਰਹਿਤ ਸਰੀਰ ਨੂੰ ਦਫ਼ਨਾਏ ਹੋਣ ਬਾਰੇ ਦੱਸਿਆ ਗਿਆ ਸੀ ਤਾਂ ਉਨ੍ਹਾਂ ਤੁਰੰਤ ਉਹ ਜਗ੍ਹਾ ਵੇਖਣ ਦੀ ਇੱਛਾ ਪ੍ਰਗਟਾਈ। ਪ੍ਰੰਤੂ 'ਸੀਕਰੇਟ ਸਰਵਿਸ' ਦੇ ਅਧਿਕਾਰੀਆਂ ਨੇ ਉਨ੍ਹਾਂ ਨੂੰ ਉੱਥੇ ਨਹੀਂ ਜਾਣ ਦਿੱਤਾ ਕਿਉਂਕਿ ਉਹ ਜਗ੍ਹਾ ਸੁਰੱਖਿਆ ਪੱਖੋਂ ਢੁਕਵੀਂ ਨਹੀਂ ਸੀ। ਉਸ ਸਮੇਂ ਓਬਾਮਾ ਤੇ ਉਨ੍ਹਾਂ ਦੀ ਪਤਨੀ ਮਿਸ਼ੇਲ, ਦੋਵਾਂ ਨੇ ਉੱਥੇ ਹੀ ਦਾਰਾ ਸ਼ਿਕੋਹ ਦੇ ਮਕਬਰੇ ਵੱਲ ਸਤਿਕਾਰ ਵਜੋਂ ਸਿਰ ਝੁਕਾਏ ਅਤੇ ਦੱਸਿਆ ਕਿ ਜਿਨ੍ਹਾਂ ਕਦਰਾਂ-ਕੀਮਤਾਂ ਲਈ ਦਾਰਾ ਸ਼ਿਕੋਹ ਡਟੇ ਰਹੇ, ਅਮਰੀਕਨ ਫ਼ੌਜਾਂ ਉਨ੍ਹਾਂ ਵਾਸਤੇ ਵਡੇਰੀ ਇਸਲਾਮਿਕ ਦੁਨੀਆਂ ਖ਼ਾਤਰ ਅਫ਼ਗਾਨਿਸਤਾਨ ਵਿੱਚ ਲੜ ਰਹੀਆਂ ਹਨ। ਇਹ ਤ੍ਰਾਸਦੀ ਹੈ ਕਿ ਇਸਲਾਮਿਕ ਦੇਸ਼ ਇਸ ਵੇਲੇ ਆਪਸ ਵਿੱਚ ਹੀ ਲੜ ਰਹੇ ਹਨ।

ਔਰੰਗਜ਼ੇਬ ਦੇ ਸੱਤ੍ਹਾ ਹਥਿਆਉਣ ਦੀ ਰਾਹੁਲ ਗਾਂਧੀ ਦੇ ਨਿਰਵਿਰੋਧ ਕਾਂਗਰਸ ਪ੍ਰਧਾਨ ਚੁਣੇ ਜਾਣ ਦੀ ਸਥਿਤੀ ਵਿੱਚ ਪਹੁੰਚਣ ਨਾਲ ਤੁਲਨਾ ਕਰਨੀ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਇਤਿਹਾਸ ਤੋਂ ਅਣਜਾਣਤਾ ਦਾ ਪ੍ਰਗਟਾਵਾ ਕਰਦੀ ਹੈ। ਪ੍ਰੰਤੂ ਅਮਰੀਕਾ ਦੇ ਮੌਜੂਦਾ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਇੱਕ ਕੌਮਾਂਤਰੀ ਘਟਨਾ ਨੂੰ ਲੈ ਕੇ ਕੀਤੇ ਤਿੰਨ ਰੀਟਵੀਟ ਵੀ ਇਸ ਨਾਲ ਮੇਲ ਨਹੀਂ ਖਾਂਦੇ। ਉਹ ਟਵੀਟ ਪਹਿਲਾਂ ਇੱਕ ਰੂੜੀਵਾਦੀ ਗਰੁੱਪ ਵੱਲੋਂ ਨਕਲੀ ਇਸਲਾਮ ਵਿਰੋਧੀ ਵੀਡੀਓਜ਼ ਅਟੈਚ ਕਰਕੇ ਕੀਤੇ ਗਏ ਸਨ ਜਿਨ੍ਹਾਂ ਵਿੱਚ ਲਿਖਿਆ ਸੀ, 'ਬਰਤਾਨੀਆ ਪਹਿਲਾਂ'। ਟਰੰਪ ਨੇ ਇਨ੍ਹਾਂ ਟਵੀਟਾਂ ਨੂੰ ਬਰਤਾਨੀਆ ਦੀ ਪ੍ਰਧਾਨ ਮੰਤਰੀ ਥੇਰੇਸਾ ਮੇਅ ਦੇ ਸਿਰਨਾਵੇਂ ਉੱਪਰ ਰੀਟਵੀਟ ਕੀਤਾ ਸੀ। ਇਸ ਗਰੁੱਪ ਦੇ ਆਗੂ ਪਾਲ ਗੋਲਡਿੰਗ ਨੂੰ ਬ੍ਰਿਟਿਸ਼ ਨੈਸ਼ਨਲ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ ਸੀ, ਜਿਹੜੀ ਬਰਤਾਨੀਆ ਦੀ ਸੰਸਦ ਦੀਆਂ ਕੁੱਲ 650 ਸੀਟਾਂ ਵਿੱਚੋਂ ਸਿਰਫ ਤਿੰਨ ਉੱਪਰ ਹੀ ਇੱਕ ਫ਼ੀ ਸਦੀ ਵੋਟਾਂ ਲੈ ਸਕੀ ਸੀ। ਜਦੋਂ ਪ੍ਰਧਾਨ ਮੰਤਰੀ ਦੇ ਸਟਾਫ ਨੇ ਇਨ੍ਹਾਂ ਤਿੰਨ ਰੀਟਵੀਟਾਂ ਦਾ ਬੁਰਾ ਮਨਾਇਆ ਤਾਂ ਟਰੰਪ ਨੇ ਪ੍ਰਤੀਕਰਮ ਵਜੋਂ ਲਿਖਿਆ, "ਥੇਰੇਸਾ, ਮੇਰੇ ਵੱਲ ਧਿਆਨ ਨਾ ਦੇ, ਰੂੜੀਵਾਦੀ ਇਸਲਾਮਿਕ ਦਹਿਸ਼ਤਗਰਦੀ ਉਪਰ ਧਿਆਨ ਕੇਂਦਰਿਤ ਕਰ।"

ਇਸ ਦੌਰਾਨ ਸਾਊਦੀ ਅਰਬ ਦਾ ਸ਼ਹਿਜ਼ਾਦਾ ਮੁਹੰਮਦ ਬਿਨ ਸਲਮਾਨ ਆਪਣੇ ਕੱਟੜ ਮੁਲਾਣਿਆਂ ਨੂੰ ਨਰਮ ਕਰਨ ਦੇ ਯਤਨਾਂ ਵਿੱਚ ਲੱਗਾ ਹੋਇਆ ਹੈ ਜਿਹੜੇ ਇਸਲਾਮ ਦੇ ਸਭ ਤੋਂ ਵੱਧ ਅਸਹਿਣਸ਼ੀਲ ਮੱਤ 'ਵਾਹਾਬਵਾਦ' ਨੂੰ ਮੰਨਦੇ ਹਨ। ਇਹ ਇਸਲਾਮੀ ਮੱਤ ਇਸ ਵੇਲੇ ਕੌਮਾਂਤਰੀ ਇਸਲਾਮ ਵਿੱਚ ਭਾਰੂ ਹੈ। ਜਰਮਨ ਚਾਂਸਲਰ ਏਂਜੇਲਾ ਮਰਕਲ ਨੂੰ ਇਸ ਵੇਲੇ ਸਿਆਸੀ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਉਹ ਦੇਸ਼ ਅੰਦਰ ਸਾਂਝੀ ਸਰਕਾਰ ਬਣਾਉਣ ਦੇ ਸਮਰੱਥ ਨਹੀਂ। ਇਸ ਸੰਕਟ ਦੀਆਂ ਜੜ੍ਹਾਂ ਸੀਰੀਆ ਵਿਚੋਂ ਆਏ ਕਰੀਬ ਦਸ ਲੱਖ ਸ਼ਰਨਾਰਥੀ ਹਨ, ਜਿਨ੍ਹਾਂ ਨੂੰ ਉਸ ਨੇ ਦੇਸ਼ ਅੰਦਰ ਰਹਿਣ ਦੀ ਇਜਾਜ਼ਤ ਦਿੱਤੀ ਹੋਈ ਹੈ। ਪੱਛਮ ਵਿੱਚ ਲੋਕਾਂ ਦੀ ਰਾਇ ਸ਼ਰਨਾਰਥੀਆਂ ਨੂੰ ਸ਼ਰਨ ਦਿੱਤੇ ਜਾਣ ਖ਼ਿਲਾਫ਼ ਹੋ ਗਈ ਹੈ।

ਰਾਸ਼ਟਰਪਤੀ ਟਰੰਪ ਨੇ ਆਪਣੇ ਜਵਾਈ ਜਾਰੇਡ ਕੁਸ਼ਨਰ ਦੀ ਡਿਊਟੀ ਇਸਰਾਈਲ-ਫਲਸਤੀਨ ਵਿਵਾਦ ਦੇ ਸ਼ਾਂਤਮਈ ਹੱਲ ਲਈ ਲਾਈ ਹੋਈ ਹੈ, ਪ੍ਰੰਤੂ ਟਰੰਪ ਵੱਲੋਂ ਯੇਰੂਸ਼ਲਮ ਨੂੰ ਇਸਰਾਈਲ ਦੀ ਰਾਜਧਾਨੀ ਵਜੋਂ ਮਾਨਤਾ ਦੇਣ ਅਤੇ ਉੱਥੇ ਅਮਰੀਕੀ ਦੂਤਘਰ ਤਬਦੀਲ ਕਰਨ ਦੇ ਐਲਾਨ ਬਾਅਦ ਮੁਸਲਿਮ ਦੇਸ਼, ਖਾਸ ਕਰਕੇ ਅਰਬ ਦੇਸ਼ ਰੋਹ ਵਿੱਚ ਆ ਗਏ ਹਨ। ਇਸ ਖਿੱਤੇ ਵਿੱਚ ਵੀ ਹਾਲਾਤ ਹੋਰ ਖਰਾਬ ਹੋਣ ਦੇ ਆਸਾਰ ਬਣ ਗਏ ਹਨ। ਟਰੰਪ ਵੱਲੋਂ ਸੀਰੀਆ ਤੇ ਯਮਨ ਵਿੱਚ ਇਰਾਨ ਦੇ ਪ੍ਰਭਾਵ ਨੂੰ ਘਟਾਉਣ ਲਈ ਵੀ ਯਤਨ ਜਾਰੀ ਹਨ। ਕਤਰ ਵਿਵਾਦ ਅਜੇ ਵੀ ਕਾਇਮ ਹੈ। ਜਿੱਥੋਂ ਤੱਕ ਅਫ਼ਗਾਨਿਸਤਾਨ ਦਾ ਮਾਮਲਾ ਹੈ, ਪਾਕਿਸਤਾਨ ਅਜੇ ਟਰੰਪ ਦੇ ਦਬਾਅ ਹੇਠ ਨਹੀਂ ਆ ਰਿਹਾ। ਜੇ ਪਕਿਸਤਾਨ ਨੇ ਤਾਲਿਬਾਨ ਨੂੰ ਗੱਲਬਾਤ ਦੀ ਮੇਜ਼ 'ਤੇ ਆਉਣ ਲਈ ਮਜਬੂਰ ਕਰਨ ਵਾਸਤੇ ਅਮਰੀਕਾ ਦਾ ਸਾਥ ਦਿੱਤਾ ਤਾਂ ਤਾਲਿਬਾਨ ਦਾ ਝੁਕਾਅ ਇਰਾਨ ਤੇ ਰੂਸ ਵੱਲ ਵਧ ਸਕਦਾ ਹੈ।

ਵਾਹਾਬੀ ਇਸਲਾਮ ਨੂੰ ਨਰਮ ਬਣਾਉਣਾ ਬਹੁਤ ਮੁਸ਼ਕਲ ਹੈ। ਸਾਊਦੀ ਅਰਬ ਵਿੱਚ ਆਧੁਨਿਕਤਾ ਲਿਆਉਣ ਦੇ ਯਤਨਾਂ ਵਿੱਚ ਕੱਟੜਤਾ ਰੁਕਾਵਟ ਬਣੀ ਹੋਈ ਹੈ। ਭਾਜਪਾ ਨੂੰ ਵੀ ਚੋਣਾਂ ਦੌਰਾਨ ਕੱਟੜਵਾਦ ਨੂੰ ਅਸਥਿਰ ਆਰਥਿਕਤਾ ਦਾ ਬਦਲ ਬਣਾਉਣ ਦਾ ਯਤਨ ਨਹੀਂ ਕਰਨਾ ਚਾਹੀਦਾ। ਇਹ ਗਰੀਬਾਂ ਦੇ ਹਿੱਤਾਂ ਤੇ ਸੰਵਿਧਾਨਿਕ ਭਾਵਨਾ ਦੇ ਮਾਮਲੇ ਹਨ।

ਅਮਰੀਕਾ ਦੇ ਮਹਾਨ ਰਾਸ਼ਟਰਪਤੀ ਸਵਰਗੀ ਰੂਜ਼ਵੈਲਟ ਨੇ ਇੱਕ ਵਾਰ ਕਿਹਾ ਸੀ, "ਮੈਂ ਲੋਕਾਂ ਦੇ ਵਿਚਾਰਾਂ ਨੂੰ ਅੱਗੇ ਪੇਸ਼ ਨਹੀਂ ਕਰਦਾ, ਮੈਂ ਲੋਕਾਂ ਦੀ ਪ੍ਰਤੀਨਿਧਤਾ ਕਰਦਾ ਹਾਂ।" ਲੋਕਾਂ ਦੇ ਅਸਲੀ ਹਿੱਤਾਂ ਤੇ ਇਨ੍ਹਾਂ ਹਿੱਤਾਂ ਬਾਰੇ ਲੋਕਾਂ ਦੇ ਵਿਚਾਰਾਂ ਵਿੱਚ ਬਹੁਤ ਫਰਕ ਹੈ। ਉਨ੍ਹਾਂ ਇਹ ਵੀ ਕਿਹਾ, "ਮੈਨੂੰ ਪੱਛਮ ਦੇ ਉਕਸਾਊ ਵਿਚਾਰਾਂ ਦੀ ਪ੍ਰਤੀਨਿਧਤਾ ਨਹੀਂ ਕਰਨੀ ਚਾਹੀਦੀ, ਪ੍ਰੰਤੂ ਸਮੁੱਚੇ ਲੋਕਾਂ ਦੇ ਅਸਲੀ ਹਿੱਤਾਂ ਦਾ ਪ੍ਰਤੀਨਿਧ ਬਣ ਕੇ ਚੱਲਣਾ ਚਾਹੀਦਾ ਹੈ।" ਸਭ ਤੋਂ ਪੁਰਾਣੇ ਲੋਕਤੰਤਰੀ ਦੇਸ਼ਾਂ ਭਾਵ ਅਮਰੀਕਾ ਤੇ ਭਾਰਤ ਦੀ ਅਗਵਾਈ ਕਰਨ ਵਾਲੇ ਆਗੂਆਂ ਲਈ ਇਸ ਤੋਂ ਵਧੀਆ ਹੋਰ ਕੋਈ ਸਲਾਹ ਨਹੀਂ ਹੋ ਸਕਦੀ।

# ਗੁਜਰਾਤ ਚੋਣਾਂ 'ਤੇ ਨਿੱਗਰ ਨਿ.ਗਰਾਨੀ ਦੀ ਲੋੜ

**ਹਰੀਸ਼ ਖਰੇ**





ਇਹ ਚੰਗੀ ਗੱਲ ਹੈ ਕਿ ਮੁੱਖ ਚੋਣ ਕਮਿਸ਼ਨਰ ਏ.ਕੇ. ਜੋਤੀ ਨੇ ਝੱਟ ਹੀ ਇਹ ਸਪਸ਼ਟ ਕਰ ਦਿੱਤਾ ਕਿ ਉੱਤਰ ਪ੍ਰਦੇਸ਼ ਵਿੱਚ ਸਥਾਨਕ ਸੰਸਥਾਵਾਂ ਦੀਆਂ ਹਾਲੀਆ ਚੋਣਾਂ ਭਾਰਤ ਦੇ ਚੋਣ ਕਮਿਸ਼ਨ ਨੇ ਨਹੀਂ ਸਗੋਂ ਸੂਬਾਈ ਚੋਣ ਕਮਿਸ਼ਨ ਨੇ ਕਰਵਾਈਆਂ ਸਨ। ਉੱਤਰ ਪ੍ਰਦੇਸ਼ ਦੇ ਇਨ੍ਹਾਂ ਚੋਣ ਨਤੀਜਿਆਂ ਬਾਰੇ ਸ਼ੰਕੇ ਪੈਦਾ ਹੋਣੇ ਸ਼ੁਰੂ ਹੋ ਗਏ ਕਿਉਂਕਿ ਦਿੱਲੀ ਤੇ ਲਖਨਊ 'ਚ ਸੱਤਾਧਾਰੀ ਪਾਰਟੀ ਨੇ ਜ਼ਿਆਦਾਤਰ ਉਨ੍ਹਾਂ ਥਾਵਾਂ 'ਤੇ ਹੀ ਚੋਣਾਂ ਜਿੱਤੀਆਂ ਸਨ, ਜਿੱਥੇ ਜਿੱਥੇ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਦੀ ਵਰਤੋਂ ਹੋਈ ਸੀ। ਉਨ੍ਹਾਂ ਹਲਕਿਆਂ 'ਚ ਇਹ ਪਾਰਟੀ ਹਾਰ ਗਈ ਸੀ, ਜਿੱਥੇ ਕਿਤੇ ਵੀ ਬੈਲਟ ਪੇਪਰ ਵਰਤੇ ਗਏ ਸਨ। ਸਾਨੂੰ ਇਹ ਵੀ ਦੱਸਿਆ ਗਿਆ ਸੀ ਕਿ ਲਖਨਊ ਚੋਣ ਅਥਾਰਟੀ ਨੇ ਅਸਲ 'ਚ ਵੋਟਿੰਗ ਮਸ਼ੀਨਾਂ ਦੇ ਨਵੇਂ ਮਾੱਡਲ ਐੱਮ2 ਦੀ ਨਹੀਂ ਸਗੋਂ ਪੁਰਾਣੇ ਮਾੱਡਲ- ਐੱਮ1 ਦੀ ਵਰਤੋਂ ਕੀਤੀ ਸੀ। ਸ੍ਰੀ ਜੋਤੀ ਨੇ ਕੁਝ ਅਰਥਪੂਰਨ ਢੰਗ ਨਾਲ ਇਹ ਵੀ ਆਖਿਆ ਕਿ ਚੋਣ ਕਮਿਸ਼ਨ ਨੇ 2006 ਤੋਂ ਐੱਮ1 ਦੀ ਵਰਤੋਂ ਨਹੀਂ ਕੀਤੀ। ਉਨ੍ਹਾਂ ਦੇ ਇਸ ਬਿਆਨ ਤੋਂ ਉੱਤਰ ਪ੍ਰਦੇਸ਼ ਚੋਣਾਂ 'ਚ ਪੁਰਾਣੀਆਂ ਮਸ਼ੀਨਾਂ ਨਾਲ ਛੇੜਖਾਨੀ ਕੀਤੇ ਹੋਣ ਤੇ ਉਨ੍ਹਾਂ ਨੂੰ ਆਪਣੇ ਹਿਸਾਬ ਨਾਲ ਵਰਤੇ ਜਾਣ ਦੀਆਂ ਸੰਭਾਵਨਾਵਾਂ ਪ੍ਰਗਟਾਈਆਂ ਜਾਣ ਲੱਗੀਆਂ। ਇਹ ਸਪੱਸ਼ਟੀਕਰਨ ਨੇ ਚੋਣ ਕਮਿਸ਼ਨ ਦੀ ਸੰਸਥਾਗਤ ਸਾਖ਼ ਦੁਆਲਿਓਂ ਸ਼ੱਕ ਦੀ ਗੁੰਜਾਇਸ਼ ਮਿਟਾਉਣ ਵਿੱਚ ਚੋਖੀ ਮਦਦ ਕੀਤੀ ਹੈ।

ਇਸ ਸਾਖ਼ ਨੂੰ ਉਦੋਂ ਕਾਫ਼ੀ ਖੋਰਾ ਲੱਗਿਆ ਸੀ ਜਦੋਂ ਚੋਣ ਕਮਿਸ਼ਨ ਗੁਜਰਾਤ ਵਿਧਾਨ ਸਭਾ ਚੋਣਾਂ ਦੀਆਂ ਤਰੀਕਾਂ ਦੇ ਮਾਮਲੇ ਵਿੱਚ ਅਹਿਮਦਾਬਾਦ ਤੇ ਦਿੱਲੀ ਦੀ ਸੱਤਾਧਾਰੀ ਪਾਰਟੀ ਦੇ ਹੱਕ ਵਿੱਚ ਉਲਾਰ ਹੁੰਦਾ ਜਾਪਿਆ ਸੀ। ਉਸਨੇ ਚੋਣ ਤਰੀਕਾਂ ਦਾ ਐਲਾਨ ਕਰਨ 'ਚ ਬੇਲੋੜੀ ਦੇਰੀ ਕੀਤੀ, ਜਿਸਦਾ ਲਾਭ ਪ੍ਰਧਾਨ ਮੰਤਰੀ ਨੇ ਟੈਕਸਦਾਤਿਆਂ ਦੇ ਖ਼ਰਚੇ 'ਤੇ ਕੁਝ ਜ਼ਿਆਦਾ ਚੋਣ ਪ੍ਰਚਾਰ ਕਰਨ ਲਈ ਕੀਤਾ। ਚੋਣ ਜ਼ਾਬਤਾ ਲਾਗੂ ਨਾ ਹੋਣ ਦਾ ਉਨ੍ਹਾਂ ਨੇ ਚੋਖਾ ਫ਼ਾਇਦਾ ਲਿਆ। ਇਸ 'ਤੇ ਵਿਰੋਧੀ ਧਿਰ ਨੇ ਚੋਣ ਕਮਿਸ਼ਨ ਦੀ ਨਿਰਪੱਖਤਾ ਉੱਤੇ ਕਿੰਤੂ-ਪ੍ਰੰਤੂ ਕਰਨੇ ਸ਼ੁਰੂ ਕਰ ਦਿੱਤੇ। ਕਮਿਸ਼ਨ ਨੇ ਭਾਵੇਂ ਇਸ ਮਾਮਲੇ 'ਚ ਬਥੇਰੇ ਸਪੱਸ਼ਟੀਕਰਨ ਦਿੱਤੇ, ਪਰ ਗੱਲ ਨਹੀਂ ਬਣੀ।

ਇਸ ਸੰਦਰਭ 'ਚ, ਮੁੱਖ ਚੋਣ ਕਮਿਸ਼ਨਰ ਦਾ ਇਹ ਭਰੋਸਾ ਕਾਫ਼ੀ ਸੁਕੂਨਦੇਹ ਹੈ ਕਿ ਨਿਰਵਾਚਨ ਸਦਨ ਗੁਜਰਾਤ ਦੇ ਸਾਰੇ 182 ਵਿਧਾਨ ਸਭਾ ਹਲਕਿਆਂ ਦੇ ਇੱਕ-ਇੱਕ ਪੋਲਿੰਗ ਬੂਥ ਦੀਆਂ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਅਤੇ 'ਵੋਟਰ ਵੱਲੋਂ ਪੁਸ਼ਟੀਯੋਗ ਪਰਚੀ ਪੜਤਾਲ' (ਵੀਵੀਪੀਏਟੀ) ਦੀਆਂ ਵੋਟਾਂ ਦੀ ਗਿਣਤੀ ਨੂੰ ਮਿਲਾਏ ਜਾਣਾ ਯਕੀਨੀ ਬਣਾਏਗਾ। ਸ੍ਰੀ ਜੋਤੀ ਨੇ ਆਸ ਪ੍ਰਗਟਾਈ ਹੈ ਕਿ ਇਸ ਅਭਿਆਸ ਨਾਲ ਲੋਕਾਂ ਦਾ ਵੋਟਿੰਗ ਮਸ਼ੀਨਾਂ/ਵੀਵੀਪੀਏਟੀ ਪ੍ਰਣਾਲੀ ਵਿੱਚ ਵਿਸ਼ਵਾਸ ਕਾਇਮ ਰੱਖਣ ਵਿੱਚ ਮਦਦ ਮਿਲੇਗੀ। ਇਹ ਪੈਂਤੜਾ ਭਾਵੇਂ ਪੂਰੀ ਤਰ੍ਹਾਂ ਤਾਂ ਨਹੀਂ, ਪਰ ਇੱਕ ਵੱਡੀ ਹੱਦ ਤਕ ਤਸੱਲੀ ਦੇਣ ਵਾਲਾ ਜ਼ਰੂਰ ਹੈ।

ਇਸ ਵੇਲੇ ਮੁੱਦਾ ਇਹ ਨਹੀਂ ਹੈ ਕਿ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਨਾਲ ਛੇੜਖਾਨੀ ਹੋ ਸਕਦੀ ਹੈ ਜਾਂ ਨਹੀਂ ਸਗੋਂ ਹੁਣ ਤਾਂ ਚੋਣ ਪ੍ਰਕਿਰਿਆ ਤੇ ਇਸ ਦੀ ਦਿਆਨਤਦਾਰੀ ਦੇ ਰਾਖੇ ਭਾਰਤੀ ਚੋਣ ਕਮਿਸ਼ਨ ਦੀ ਸਾਖ ਹੀ ਦਾਅ 'ਤੇ ਲੱਗੀ ਹੋਈ ਹੈ। ਇਸੇ ਸਾਖ਼ ਨੂੰ ਧੱਕਾ ਪਹਿਲਾਂ ਵੀ ਲੱਗ ਚੁੱਕਾ ਹੈ। ਮੁੱਖ ਚੋਣ ਕਮਿਸ਼ਨਰ ਦੀ ਨਿਰਪੱਖਤਾ 'ਤੇ ਕਿੰਤੂ-ਪ੍ਰੰਤੂ ਕੋਈ ਪਹਿਲੀ ਵਾਰ ਨਹੀਂ ਹੋ ਰਹੇ; ਸਾਲ 2002 'ਚ, ਉਦੋਂ ਦੇ ਮੁੱਖ ਚੋਣ ਕਮਿਸ਼ਨਰ ਦੀ ਧਾਰਮਿਕ ਵਿਚਾਰਧਾਰਾ ਦੇ ਆਧਾਰ 'ਤੇ ਉਨ੍ਹਾਂ ਦੀ ਨਿਰਪੱਖਤਾ 'ਤੇ ਸੁਆਲ ਉੱਠੇ ਸਨ। ਮੌਜੂਦਾ ਮਾਮਲੇ 'ਚ ਅਜਿਹੀ ਕੋਈ ਗੱਲ ਕਰਨੀ ਸ਼ਾਇਦ ਨਾਵਾਜਬ ਹੋਵੇਗੀ ਕਿ ਸ੍ਰੀ ਜੋਤੀ ਵੀ ਕਿਸੇ ਵੇਲੇ ਗੁਜਰਾਤ ਦੇ ਆਈਏਐੱਸ ਭਾਈਚਾਰੇ ਨਾਲ ਸਬੰਧਿਤ ਰਹੇ ਹਨ ਅਤੇ ਗਾਂਧੀਨਗਰ ਦੀ ਸੱਤਾਧਾਰੀ ਧਿਰ ਦੇ ਭਰੋਸੇ ਵਿੱਚ ਰਹਿ ਕੇ ਕੰਮ ਕਰਦੇ ਰਹੇ ਹਨ ਅਤੇ ਉਨ੍ਹਾਂ ਨੂੰ ਇਸ ਧਿਰ ਦੀ ਸਿਆਸੀ ਸਰਪ੍ਰਸਤੀ ਵੀ ਹਾਸਲ ਸੀ। ਇਸੇ ਲਈ ਗੁਜਰਾਤ ਚੋਣਾਂ 'ਤੇ ਉਹ ਓਨੇ ਨਿਰਪੱਖ ਢੰਗ ਨਾਲ ਨਿਗਰਾਨੀ ਨਹੀਂ ਰੱਖ ਸਕਦੇ।

ਇਸ ਦੇ ਨਾਲ ਹੀ, ਇਸ ਤੱਥ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਕਿ ਗੁਜਰਾਤ ਵਿੱਚ ਇਸ ਵਾਰ ਬਹੁਤ ਕੁਝ ਦਾਅ 'ਤੇ ਹੈ। ਚੋਣ ਅਖਾੜਾ ਇਸ ਵੇਲੇ ਪੂਰੀ ਤਰ੍ਹਾਂ ਭਖਿਆ ਹੋਇਆ ਹੈ, ਚੋਣ ਸਰਗਰਮੀਆਂ ਸਿਖ਼ਰਾਂ 'ਤੇ ਹਨ; ਅਤੇ ਸੁਭਾਵਿਕ ਤੌਰ 'ਤੇ ਚੋਣ ਕਮਿਸ਼ਨ ਤੋਂ ਕੁਝ ਵਾਜਬ ਤੇ ਜ਼ਿਆਦਾਤਰ ਨਾਵਾਜਬ ਮੰਗਾਂ ਕੀਤੀਆਂ ਜਾਣਗੀਆਂ। ਨਾਲ ਹੀ ਇਸ ਦੀ ਨਿਰਪੱਖਤਾ ਤੇ ਇਮਾਨਦਾਰੀ ਨੂੰ ਢਾਹ ਲਾਉਣ ਦੇ ਯਤਨ ਵੀ ਜ਼ਰੂਰ ਹੋਣਗੇ। ਕਮਿਸ਼ਨ ਦੀ ਸਾਖ਼ ਨਾਲੋਂ ਵੱਡਾ ਸ਼ੱਕ ਦਿੱਲੀ 'ਚ ਬੈਠੀ ਸੱਤਾਧਾਰੀ ਧਿਰ ਦੀ ਸਾਖ਼ ਬਾਰੇ ਹੈ, ਜਿਸ ਬਾਰੇ ਹੁਣ ਇਹੋ ਸਮਝਿਆ ਜਾਂਦਾ ਹੈ ਕਿ ਉਹ ਭਾਵਨਾਹੀਣ ਹੈ ਤੇ ਉਹ ਹਰ ਹਾਲਤ ਵਿੱਚ ਹਰ ਚੰਗਾ ਤੇ ਮਾੜਾ ਹਰਬਾ ਵਰਤ ਕੇ ਲਗਾਤਾਰ ਸੱਤਾ 'ਤੇ ਕਾਬਜ਼ ਹੋਣ ਲਈ ਦ੍ਰਿੜ੍ਹ ਹੈ; ਆਪਣੇ ਅਜਿਹੇ ਵਿਵਹਾਰ 'ਤੇ ਉਸ ਨੇ ਕਦੇ ਵੀ ਸ਼ਰਮ ਮਹਿਸੂਸ ਨਹੀਂ ਕੀਤੀ। ਹੁਣ ਕਿਉਂਕਿ ਸੱਤਾਧਾਰੀ ਧਿਰ ਨੇ ਨਿਰੰਤਰ ਕਈ ਮਹੱਤਵਪੂਰਨ ਚੋਣ ਜਿੱਤਾਂ ਹਾਸਲ ਕਰ ਲਈਆਂ ਹਨ, ਇਸੇ ਲਈ ਉਸ ਨੂੰ ਲੱਗਦਾ ਹੈ ਕਿ ਸਾਮ, ਦਾਮ, ਭੇਦ, ਦੰਡ ਤੇ ਬਦਇਖ਼ਲਾਕੀ ਦੀਆਂ ਖ਼ੁਸ਼ੀਆਂ ਹਾਸਲ ਕਰਨ ਲਈ ਜੇ ਸਿਆਸੀ ਨੈਤਿਕਤਾਵਾਂ ਨੂੰ ਛਿੱਕੇ ਵੀ ਟੰਗ ਦਿੱਤਾ ਜਾਵੇ, ਤਾਂ ਉਸ ਨਾਲ ਪੈਦਾ ਹੋਏ ਵਿਵਾਦ ਬਾਅਦ 'ਚ ਖ਼ੁਦ-ਬਖ਼ੁਦ ਹੱਲ ਹੋ ਜਾਣਗੇ। ਜਦੋਂ ਨਿਆਂਪਾਲਿਕਾ ਨੂੰ ਤਿੱਖੇ ਤੇ ਕਰੂਰ ਢੰਗ ਨਾਲ ਕਿਹਾ ਜਾਂਦਾ ਹੈ ਕਿ ਉਹ ਚੋਣਾਂ ਜਿੱਤਣ ਵਾਲੀ ਧਿਰ ਦੇ ਹਿੱਤ ਦਾ ਧਿਆਨ ਧਰੇ, ਤਾਂ ਚੋਣ ਕਮਿਸ਼ਨ ਤੋਂ ਵੀ ਆਪਣੇ ਮੌਕਾਪ੍ਰਸਤ ਵਿਵਹਾਰਵਾਦ ਦੀ ਭਾਵਨਾ ਤੇ ਇੱਛਾ ਵਿੱਚ ਵਹਿ ਜਾਣ ਦੀ ਆਸ ਰੱਖੀ ਹੀ ਜਾ ਸਕਦੀ ਹੈ। ਇਹ ਅਜਿਹਾ ਸਮਾਂ ਹੈ, ਜਦੋਂ ਦੇਸ਼ ਦੀਆਂ ਮੁੱਖ ਸੰਸਥਾਵਾਂ ਦੀ ਪਰਖ ਹੁੰਦੀ ਹੈ। ਅਤੇ ਹੁਣ ਭਾਰਤ ਦੇ ਮੁੱਖ ਚੋਣ ਕਮਿਸ਼ਨ ਦੀ ਵੀ ਪਰਖ ਹੋ ਰਹੀ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਗੁਜਰਾਤ ਇਸ ਵੇਲੇ ਦੋ ਵਿਰੋਧੀ ਵਿਚਾਰਧਾਰਕ ਧਿਰਾਂ ਵਿਚਾਲੇ ਜੰਗ ਦਾ ਮੈਦਾਨ ਬਣਿਆ ਹੋਇਆ ਹੈ। ਇੱਕ ਪਾਸੇ ਗ਼ੈਰ-ਉਦਾਰਵਾਦੀ ਸਰਦਾਰੀ ਵਾਲੀ ਸੋਚ ਤੇ ਦੂਜੇ ਪਾਸੇ ਜਨ ਵਿਦਰੋਹ ਵਾਲਾ ਜਜ਼ਬਾ। ਇੱਕ ਪਾਸੇ ਹੰਕਾਰ ਤੇ ਗ਼ੁਮਾਨ ਹੈ; ਛੋਟੇ ਤੋਂ ਲੈ ਕੇ ਵੱਡੇ ਤਕ ਸਾਰੇ ਹੀ ਕਾਰਕੁੰਨਾਂ ਵਿੱਚ ਇਸ ਗੱਲ ਨੂੰ ਲੈ ਕੇ ਰੋਹ ਹੈ ਕਿ ਆਖ਼ਿਰ ਭਾਜਪਾ ਦੇ ਵਿਰੋਧੀਆਂ ਨੇ ਗੁਜਰਾਤ ਵਰਗੇ ਗੜ੍ਹ ਵਿੱਚ ਆਪਣੇ ਡੇਰੇ ਕਿਵੇਂ ਲਾ ਲਏ ਹਨ। ਗੁਜਰਾਤ ਤਾਂ ਸਾਡਾ ਹੈ; ਅਸੀਂ ਇਸ ਨੂੰ ਵਿਕਸਿਤ ਕੀਤਾ ਹੈ ਅਤੇ ਗੁਜਰਾਤੀਆਂ ਵਿੱਚ ਗੌਰਵ-ਮਾਇਆ ਉੱਪ-ਰਾਸ਼ਟਰਵਾਦ ਦੀ ਭਾਵਨਾ ਭਰੀ ਗਈ ਹੈ; ਅਤੇ ਅਜਿਹੀ ਸਥਿਤੀ ਨੂੰ ਅਸੀਂ ਕਾਇਮ ਰੱਖਣਾ ਚਾਹੁੰਦੇ ਹਾਂ। ਨੈਤਿਕਤਾ ਦੀ ਇੱਕ ਭਾਵਨਾ ਪਾਈ ਜਾ ਰਹੀ ਹੈ, ਲੁਕਵਾਂ ਗੁੱਸਾ ਹੈ ਤੇ ਸ਼ਰੇਆਮ ਹੰਕਾਰੀ ਢੰਗ ਨਾਲ ਇਹੋ ਆਖਿਆ ਜਾ ਰਿਹਾ ਹੈ ਕਿ 18 ਦਸੰਬਰ ਨੂੰ ਭਾਜਪਾ ਗਾਂਧੀਨਗਰ 'ਚ ਮੁੜ ਆਪਣਾ ਕੰਮ ਸ਼ੁਰੂ ਕਰ ਦੇਵੇਗੀ। ਆਖ਼ਰ, ਇਹ ਗੁਜਰਾਤ ਹੀ ਸੀ, ਜਿਸ ਨੇ ਦਿੱਲੀ 'ਤੇ ਫ਼ਤਿਹ ਪਾ ਲਈ ਸੀ ਤੇ ਹੁਣ ਜਦੋਂ ਅਸੀਂ ਦਿੱਲੀ ਵਾਲਿਆਂ ਨੂੰ ਹਰਾ ਚੁੱਕੇ ਹਾਂ, ਉਹ ਹੁਣ ਸਾਡੀ ਜੱਦੀ ਧਰਤੀ 'ਤੇ ਆ ਕੇ ਸਾਨੂੰ ਚੁਣੌਤੀ ਕਿਵੇਂ ਦੇ ਰਹੇ ਹਨ।

ਇਸ ਜਮਹੂਰੀ ਚੁਣੌਤੀ ਦਾ ਬੁਰਾ ਮਨਾਇਆ ਜਾ ਰਿਹਾ ਹੈ। ਇਸ ਗੱਲ ਕਾਰਨ ਹੋਰ ਵੀ ਤਿੱਖਾ ਰੋਹ ਹੈ ਕਿ ਭਾਜਪਾ ਨੂੰ ਆਪਣੀ ਸਲਤਨਤ ਵਿੱਚ ਹੀ ਆਪਣੇ ਰਿਕਾਰਡ ਦੀ ਰਾਖੀ ਕਰਨ ਲਈ ਮਜਬੂਰ ਕਰ ਦਿੱਤਾ ਗਿਆ ਹੈ। ਸਾਰੇ ਕੇਂਦਰੀ ਮੰਤਰੀਆਂ ਨੂੰ ਮੁਹੱਲਿਆਂ ਵਿੱਚ ਅਤੇ ਸਾਰੇ ਮੁੱਖ ਮੰਤਰੀਆਂ ਨੂੰ ਦੂਰ-ਦੁਰਾਡੇ ਚੋਣ ਹਲਕਿਆਂ ਵਿੱਚ ਪ੍ਰਚਾਰ ਲਈ ਭੇਜਣ ਨੂੰ ਲੈ ਕੇ ਵੀ ਰੋਹ ਹੈ। ਇਹ ਸਾਰਾ ਕੁਝ ਸਮੁੱਚੀ ਚੋਣ ਪ੍ਰਕਿਰਿਆ ਦੀ ਨਿਰਾਰਥਕਤਾ ਵੱਲ ਸੰਕੇਤ ਕਰਦਾ ਹੈ।

ਬਾਕੀ ਸਫ਼ਾ 33 'ਤੇ

# ਗੁਜਰਾਤ ਚੋਣਾਂ: ਇਸ ਵਾਰ ਮਾਹੌਲ ਭਾਜਪਾ ਲਈ ਸਾਜ਼ਗਾਰ ਨਹੀਂ

**ਯੋਗੇਂਦਰ ਯਾਦਵ**



ਕੀ ਗੁਜਰਾਤ 'ਚ ਭਾਰਤੀ ਜਨਤਾ ਪਾਰਟੀ ਨੂੰ ਸੱਚਮੁਚ ਹਰਾਇਆ ਜਾ ਸਕਦਾ ਹੈ? ਕੀ ਪ੍ਰਧਾਨ ਮੰਤਰੀ ਆਪਣੇ ਜੱਦੀ ਸੂਬੇ ਵਿਚ ਇਹ ਅਹਿਮ ਚੋਣ ਹਾਰ ਸਕਦੇ ਹਨ? ਕੀ ਰਾਸ਼ਟਰੀ ਸਿਆਸੀ ਦ੍ਰਿਸ਼ ਵਿਚ ਅਚਾਨਕ ਕੋਈ ਤਬਦੀਲੀ ਆ ਸਕਦੀ ਹੈ? ਦੋ ਕੁ ਮਹੀਨੇ ਪਹਿਲਾਂ ਅਜਿਹੀਆਂ ਕਿਆਸਅਰਾਈਆਂ ਨੂੰ ਮੈਂ ਰੱਦ ਕਰ ਦੇਣਾ ਸੀ। ਗੁਜਰਾਤ 'ਚ ਭਾਜਪਾ ਮਹਿਜ਼ ਇੱਕ ਸੱਤਾਧਾਰੀ ਪਾਰਟੀ ਨਹੀਂ ਹੈ। ਇਹ ਇਸ ਸੂਬੇ ਵਿਚ ਬਿਲਕੁਲ ਉਵੇਂ ਹੀ ਡੂੰਘੀ ਲੱਥੀ ਹੋਈ ਹੈ, ਜਿਵੇਂ ਪੱਛਮੀ ਬੰਗਾਲ 'ਚ ਖੱਬੇ ਮੋਰਚੇ ਦੀ ਸਥਿਤੀ ਹੁੰਦੀ ਸੀ। 1991 ਦੀਆਂ ਲੋਕ ਸਭਾ ਚੋਣਾਂ 'ਚ ਹੈਰਾਨਕੁੰਨ ਜਿੱਤ ਹਾਸਲ ਕਰਨ ਤੋਂ ਬਾਅਦ ਭਾਜਪਾ ਨੇ ਗੁਜਰਾਤ ਵਿੱਚ ਕਦੇ ਇੱਕ ਵੀ ਚੋਣ ਨਹੀਂ ਹਾਰੀ। ਉਸ ਤੋਂ ਬਾਅਦ ਇਹ ਪਾਰਟੀ ਪੰਜ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਤੋਂ 10 ਫ਼ੀ ਸਦੀ ਵੋਟਾਂ ਵੱਧ ਲਿਜਾਣ ਵਿੱਚ ਸਫ਼ਲ ਰਹੀ ਹੈ। ਭਾਜਪਾ ਦੀ ਇਹ ਸਰਦਾਰੀ ਕੇਵਲ ਚੋਣਾਂ ਜਿੱਤਣ ਤੱਕ ਹੀ ਸੀਮਤ ਨਹੀਂ ਹੈ: ਇਸ ਨੇ ਗੁਜਰਾਤ ਦੇ ਸਮਾਜ 'ਤੇ ਵੀ - ਉਦਯੋਗ ਤੋਂ ਲੈ ਕੇ ਵਪਾਰ ਤੇ ਸਹਿਕਾਰੀ ਸਭਾਵਾਂ, ਮੀਡੀਆ ਤੇ ਬੁੱਧੀਜੀਵੀਆਂ ਤੱਕ ਆਪਣਾ ਪ੍ਰਭਾਵ ਬਣਾ ਲਿਆ ਹੈ। ਭਾਜਪਾ ਦੀ ਮੁੱਖ ਵਿਰੋਧੀ ਕਾਂਗਰਸ ਪਾਰਟੀ ਦਾ ਉੱਥੇ ਕੋਈ ਆਧਾਰ ਨਹੀਂ ਰਿਹਾ ਸੀ। ਇਸੇ ਲਈ, ਮੈਂ ਗੁਜਰਾਤ ਤੋਂ ਆਉਣ ਵਾਲੀਆਂ ਖ਼ਬਰਾਂ ਵੱਲ ਕੋਈ ਧਿਆਨ ਨਹੀਂ ਦੇ ਰਿਹਾ ਸੀ। ਭਾਜਪਾ ਦੀ ਇੱਕ ਹੋਰ ਜਿੱਤ, ਅਤੇ ਉਹ ਵੀ ਉਦੋਂ ਜਦੋਂ ਪ੍ਰਧਾਨ ਮੰਤਰੀ ਗੁਜਰਾਤ ਦਾ ਹੋਵੇ, ਇਹੋ ਪਹਿਲਾਂ ਤੋਂ ਤੈਅ ਸਿੱਟਾ ਸੀ।

ਅਗਸਤ ਮਹੀਨੇ ਜਦੋਂ ਸੀਐੱਸਡੀਐੱਸ ਦੀ ਟੀਮ ਨੇ ਇਕ ਸਰਵੇਖਣ ਤੋਂ ਬਾਅਦ ਇਹ ਨਤੀਜਾ ਕੱਢਿਆ ਸੀ ਕਿ ਭਾਜਪਾ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਵੱਡੇ ਫ਼ਰਕ ਨਾਲ ਜੇਤੂ ਰਹੇਗੀ, ਤਦ ਕਿਸੇ ਨੂੰ ਇਸ ਨਤੀਜੇ 'ਤੇ ਕੋਈ ਇਤਰਾਜ਼ ਨਹੀਂ ਸੀ। ਖੱਬੇ ਮੋਰਚੇ ਦੇ ਚੰਗੇ ਦਿਨਾਂ 'ਚ ਪੱਛਮੀ ਬੰਗਾਲ ਵਿਚ ਵੀ ਇਵੇਂ ਹੀ ਹੁੰਦਾ ਸੀ ਤੇ ਉਸ ਦੀ ਜਿੱਤ ਨੂੰ ਕੋਈ ਖ਼ਾਸ ਖ਼ਬਰ ਨਹੀਂ ਮੰਨਿਆ ਜਾਂਦਾ ਸੀ। ਉਸੇ ਤਰਕ ਨਾਲ, ਉਸ ਦੀ ਹਾਰ ਜ਼ਰੂਰ ਇਕ ਭੂਚਾਲ ਵਰਗੀ ਖ਼ਬਰ ਸੀ। ਪਰ ਭੂਚਾਲ ਹਰ ਰੋਜ਼ ਨਹੀਂ ਆਉਂਦੇ।

ਅਜਿਹਾ ਵੀ ਨਹੀਂ ਕਿ ਗੁਜਰਾਤ ਵਿੱਚ ਸਭ ਕੁਝ 'ਅੱਛਾ' ਹੈ। ਹਰੇਕ ਨੂੰ ਇਹ ਗੱਲ ਪਤਾ ਹੈ ਕਿ 'ਗੁਜਰਾਤ ਮਾਡਲ' ਅਧੀਨ ਨਿੱਕੀਆਂ-ਨਿੱਕੀਆਂ ਉਪਲਬਧੀਆਂ ਦਾ ਪ੍ਰਚਾਰ ਹੀ ਕੁਝ ਵੱਧ ਕਰ ਦਿੱਤਾ ਗਿਆ ਸੀ। ਸਿੱਖਿਆ ਤੇ ਸਿਹਤ ਜਿਹੇ ਸਮਾਜਿਕ ਸੂਚਕ-ਅੰਕਾਂ ਦੇ ਆਧਾਰ 'ਤੇ ਗੁਜਰਾਤ ਦਰਮਿਆਨੀ ਕਾਰਗੁਜ਼ਾਰੀ ਵਾਲਾ ਸੂਬਾ ਰਿਹਾ ਹੈ। ਇਸ ਮਾਡਲ ਨੇ ਕਿਸਾਨਾਂ ਲਈ ਖ਼ਾਸ ਤੌਰ 'ਤੇ ਕੁਝ ਨਹੀਂ ਕੀਤਾ। ਇਸ ਸੂਬੇ 'ਚ ਸ੍ਰੀ ਮੋਦੀ ਦੇ ਮੁੱਖ ਮੰਤਰੀ ਦੇ ਕਾਰਜਕਾਲ ਦੌਰਾਨ ਵੀ ਬਹੁਤ ਵੱਡੇ ਕਿਸਾਨ ਰੋਸ ਮੁਜ਼ਾਹਰੇ ਹੁੰਦੇ ਰਹੇ ਹਨ। ਸ੍ਰੀ ਮੋਦੀ ਦੇ ਦਿੱਲੀ ਚਲੇ ਜਾਣ ਤੋਂ ਬਾਅਦ ਤਾਂ ਗੁਜਰਾਤ 'ਚ ਹਾਲਾਤ ਬਦ ਤੋਂ ਬਦਤਰ ਹੋ ਗਏ। ਇਸ ਦੌਰਾਨ ਦਿਹਾਤੀ ਇਲਾਕਿਆਂ 'ਚ ਰੋਹ ਤੇ ਰੋਸ ਬਹੁਤ ਜ਼ਿਆਦਾ ਵਧ ਗਿਆ। ਸਰਕਾਰ ਵੱਲੋਂ ਦੋ ਵਾਰ ਲਗਾਤਾਰ ਸੋਕਿਆਂ ਦੇ ਬਾਵਜੂਦ ਉਚਿਤ ਢੰਗ ਨਾਲ ਰਾਹਤ ਵੀ ਨਹੀਂ ਪਹੁੰਚਾਈ ਗਈ। ਪਿਛਲੇ ਇੱਕ ਸਾਲ ਤੋਂ ਗੁਜਰਾਤ 'ਚ ਵੱਡੇ ਪੱਧਰ 'ਤੇ ਗੜਬੜ ਚੱਲ ਰਹੀ ਹੈ।



ਕੋਈ ਹੋਰ ਥਾਂ ਹੁੰਦੀ ਤਾਂ ਅਜਿਹੇ ਹਾਲਾਤ ਦਾ ਸਿੱਧਾ ਮਤਲਬ ਚੋਣਾਂ ਵਿਚ ਸੱਤਾਧਾਰੀ ਪਾਰਟੀ ਦੀ ਹਾਰ ਸੀ। ਪਰ ਗੁਜਰਾਤ ਦਾ ਮਾਮਲਾ ਕੁਝ ਵੱਖਰਾ ਹੈ ਜਾਂ ਸ਼ਾਇਦ ਮੈਂ ਇੰਜ ਸੋਚਦਾ ਹਾਂ। ਪਰ ਇੰਨੀ ਕੁ ਗੱਲ ਨਾਲ ਲੋਕ ਗੁੱਸੇ ਨਹੀਂ ਹੁੰਦੇ ਜਾਂ ਭਰਮਾਏ ਨਹੀਂ ਜਾ ਸਕਦੇ ਅਤੇ ਨਾ ਹੀ ਸਰਕਾਰ ਤੋਂ ਗੁੱਸੇ ਹੋ ਕੇ ਉਸ ਨੂੰ ਚੋਣਾਂ 'ਚ ਹਰਾ ਦਿੰਦੇ ਹਨ। ਗੁਜਰਾਤ ਵਿੱਚ ਕਾਂਗਰਸ ਪਾਰਟੀ ਦੀ ਭੂਮਿਕਾ ਬਿਲਕੁਲ ਉਹੋ ਜਿਹੀ ਹੈ, ਜਿਹੋ ਜਿਹੀ ਭਾਜਪਾ ਚਾਹੁੰਦੀ ਹੈ - ਨਾ ਉਸ ਦਾ ਕੋਈ ਦ੍ਰਿਸ਼ਟੀਕੋਣ ਹੈ, ਨਾ ਕੋਈ ਰਣਨੀਤੀ ਤੇ ਨਾ ਹੀ ਉਸ ਕੋਲ ਕੋਈ ਭਰੋਸੇਯੋਗ ਆਗੂ ਹੈ। ਜਿਹੜਾ ਵੀ ਵਿਅਕਤੀ ਗੁਜਰਾਤ 'ਚ ਭਾਜਪਾ ਦੀ ਹਾਰ ਦੀ ਖ਼ਬਰ ਲੈ ਕੇ ਆਉਂਦਾ, ਮੈਂ ਉਸ ਨੂੰ ਇਹੋ ਆਖਦਾ ਰਿਹਾ: "ਮੈਨੂੰ ਇਹ ਨਾ ਦੱਸੋ ਕਿ ਲੋਕ ਨਾਖ਼ੁਸ਼ ਹਨ। ਮੈਨੂੰ ਇਹ ਦੱਸੋ ਕਿ ਕੀ ਉਹ ਇੰਨੇ ਗੁੱਸੇ ਵਿੱਚ ਹਨ ਕਿ ਉਹ ਭਾਜਪਾ ਨੂੰ ਹਰਾਉਣ ਲਈ ਕਿਸੇ ਨੂੰ ਵੀ ਵੋਟਾਂ ਪਾ ਸਕਦੇ ਹਨ? ਕੀ ਉਹ ਕਾਂਗਰਸ ਨੂੰ ਵੀ ਵੋਟਾਂ ਪਾ ਸਕਦੇ ਹਨ?"

ਹੁਣ ਮੈਂ ਸੋਚਦਾ ਹਾਂ ਕਿ ਉਹ ਅਜਿਹਾ ਕਰ ਸਕਦੇ ਹਨ। ਇੰਜ ਜਾਪਦਾ ਹੈ ਕਿ ਕੁਝ ਅਣਕਿਆਸਿਆ ਵਾਪਰ ਸਕਦਾ ਹੈ, ਜਿਵੇਂ ਪੱਛਮੀ ਬੰਗਾਲ 'ਚ ਖੱਬੇ ਮੋਰਚੇ ਨਾਲ ਹੋਇਆ ਸੀ। ਆਉਂਦੀਆਂ ਚੋਣਾਂ 'ਚ ਸਭ ਤੋਂ ਵੱਧ ਸੰਭਾਵਨਾ ਇਹੋ ਹੈ ਕਿ ਗੁਜਰਾਤ 'ਚ ਭਾਜਪਾ ਹਾਰੇਗੀ ਅਤੇ ਕਾਂਗਰਸ ਦੀ ਸਪੱਸ਼ਟ ਜਿੱਤ ਹੋਵੇਗੀ। ਇੱਥੇ ਇਹ ਦੱਸਣਾ ਕੁਥਾਂ ਨਹੀਂ ਹੋਵੇਗਾ ਕਿ ਇਹ ਸਿੱਟਾ ਕਿਸੇ ਅੰਤਰਮੁਖੀ ਮੁਲਾਂਕਣ ਜਾਂ ਸਿਆਸੀ ਤਰਜੀਹ ਦੇ ਆਧਾਰ 'ਤੇ ਨਹੀਂ ਕੱਢਿਆ ਗਿਆ। ਮੈਂ ਅਜਿਹੇ ਨਤੀਜੇ ਕੁਝ ਜਨਤਕ ਸਰਵੇਖਣਾਂ ਦੇ ਆਧਾਰ 'ਤੇ ਹੀ ਕੱਢਦਾ ਹਾਂ, ਅਜਿਹਾ ਖ਼ਾਸ ਕਰ ਕੇ ਏਬੀਪੀ ਨਿਊਜ਼ ਲਈ 'ਲੋਕਨੀਤੀ-ਸੀਐੱਸਡੀਐੱਸ' ਦੀ ਟੀਮ ਵੱਲੋਂ ਕੀਤੇ ਤਿੰਨ "ਟ੍ਰੈਕਰ" ਸਰਵੇਖਣਾਂ ਦੀ ਲੜੀ ਨੂੰ ਵੇਖ ਕੇ ਆਖਿਆ ਹੈ। ਇਹ ਤਿੰਨੇ ਸਰਵੇਖਣ ਬਹੁਤ ਵਧੀਆ ਹਨ ਤੇ ਸੂਬੇ ਦੇ ਵੱਖੋ-ਵੱਖਰੇ 50 ਹਲਕਿਆਂ ਦੇ 3,500 ਵਿਅਕਤੀਆਂ ਨਾਲ ਕੀਤੀ ਗੱਲਬਾਤ ਦੇ ਆਧਾਰ 'ਤੇ ਉਨ੍ਹਾਂ ਦੇ ਨਤੀਜੇ ਕੱਢੇ ਗਏ ਹਨ। ਮੈਂ ਇਹ ਅੰਕੜੇ ਸਿਰਫ਼ ਇਸ ਲਈ ਨਹੀਂ ਵਰਤਦਾ ਕਿ ਮੈਨੂੰ ਇਸ ਏਜੰਸੀ ਵੱਲੋਂ ਰਿਕਾਰਡ ਸਹੀ ਢੰਗ ਨਾਲ ਇਕੱਠਾ ਕੀਤੇ ਜਾਣ ਦੀ ਪ੍ਰਕਿਰਿਆ ਉੱਪਰ ਭਰੋਸਾ ਹੈ, ਸਗੋਂ ਇਸ ਲਈ ਕਿ ਇਸ ਸਰਵੇਖਣ ਰਾਹੀਂ ਬਹੁਤ ਹੀ ਪਾਰਦਰਸ਼ੀ ਢੰਗ ਨਾਲ ਨਤੀਜੇ ਜੱਗ ਜ਼ਾਹਿਰ ਕੀਤੇ ਗਏ ਹਨ। ਇੱਥੇ ਵਰਨਣਯੋਗ ਹੈ ਕਿ ਲੋਕਨੀਤੀ-ਸੀਐੱਸਡੀਐੱਸ ਸਰਵੇਖਣ ਟੀਮ ਨਾਲ ਮੈਂ ਖ਼ੁਦ ਵੀ ਜੁੜਿਆ ਰਿਹਾ ਹਾਂ ਪਰ ਪਿਛਲੇ ਚਾਰ ਸਾਲਾਂ ਤੋਂ ਮੈਂ ਇਨ੍ਹਾਂ ਨਾਲ ਕੋਈ ਕੰਮ ਨਹੀਂ ਕੀਤਾ।

ਇਸ ਵਰ੍ਹੇ ਅਗਸਤ ਦੇ ਪਹਿਲੇ ਅੱਧ ਦੌਰਾਨ ਇਸ ਟ੍ਰੈਕਰ ਸਰਵੇਖਣ ਦੇ ਪਹਿਲੇ ਗੇੜ 'ਚ ਇਹ ਨਤੀਜਾ ਕੱਢਿਆ ਗਿਆ ਸੀ ਕਿ ਭਾਜਪਾ ਨੂੰ ਕਾਂਗਰਸ ਤੋਂ 30 ਫ਼ੀ ਸਦੀ ਵੱਧ ਵੋਟਾਂ ਮਿਲਣਗੀਆਂ। ਅਕਤੂਬਰ ਮਹੀਨੇ ਸਰਵੇਖਣ ਦੇ ਦੂਜੇ ਗੇੜ 'ਚ ਨਤੀਜੇ ਨਾਟਕੀ ਢੰਗ ਨਾਲ

ਬਾਕੀ ਸਫ਼ਾ 33 'ਤੇ

## 15,186 ਡਾਲਰਾਂ 'ਚ ਨੀਲਾਮ ਹੋਇਆ ਰਾਜਕੁਮਾਰੀ ਡਾਇਨਾ ਦਾ ਬੈਗ

**ਵਾਸ਼ਿੰਗਟਨ/ਬਿਊਰੋ ਨਿਊਜ਼,** ਅਮਰੀਕਾ ਵਿੱਚ ਇੱਕ ਨਿਲਾਮੀ ਦੌਰਾਨ ਰਾਜਕੁਮਾਰੀ ਡਾਇਨਾ ਦਾ ਰਤਨਾਂ ਨਾਲ ਜੜ੍ਹਿਆ ਬੈਗ 15,186 ਅਮਰੀਕੀ ਡਾਲਰਾਂ 'ਚ ਵਿਕਿਆ ਹੈ। ਇਸ ਬੈਗ ਦੀ ਵਰਤੋਂ 1980 ਵਿੱਚ ਰਾਜਕੁਮਾਰੀ ਡਾਇਨਾ ਵੱਲੋਂ ਕੀਤੀ ਗਈ ਸੀ। ਇਹ ਸਿਲਵਰ ਬੈਗ ਕੇਨਸਿੰਗਟਨ ਮਹਿਲ ਦੀ ਸੀਨੀਅਰ ਘਰੇਲੂ ਨੌਕਰਾਣੀ ਸ਼ੀਲਾ ਟਿੱਲੇ ਨੂੰ ਦੇ ਦਿੱਤਾ ਗਿਆ ਸੀ। ਆਰ ਆਰ ਆਕਸ਼ਨਜ ਮੁਤਾਬਕ,"ਇਹ ਬੈਗ ਭਾਰੀ ਅਤੇ ਮਜ਼ਬੂਤ ਹੈ ਅਤੇ ਕੋਈ ਵੀ ਤਸਵੀਰ ਇਸ ਦੀ ਸੁੰਦਰਤਾ ਨੂੰ ਕੈਦ ਨਹੀਂ ਕਰ ਸਕਦੀ। ਇਹ ਨਿਵੇਕਲਾ ਬੈਗ ਰਾਜਕੁਮਾਰੀ ਡਾਇਨਾ ਦੇ ਖ਼ਾਸ ਸਟਾਈਲ ਅਤੇ ਵਿਸ਼ੇਸ਼ ਪਸੰਦ ਦੀ ਜ਼ਾਮਨੀ ਭਰਦਾ ਹੈ।" ਇਸ ਬੈਗ ਨਾਲ ਮਿਲੇ ਇੱਕ ਖ਼ਤ ਵਿੱਚ ਟਿੱਲੇ ਨੇ ਲਿਖਿਆ ਹੈ,"ਮੈਂ ਇਸ ਗੱਲ ਦੀ ਗਵਾਹ ਹਾਂ ਕਿ ਮੈਂ ਵੇਲਜ ਦੇ ਰਾਜਕੁਮਾਰ ਅਤੇ ਰਾਜਕੁਮਾਰੀ ਚਾਰਲਸ ਤੇ ਡਾਇਨਾ ਦੇ ਸ਼ਾਹੀ ਖਾਨਦਾਨ ਵਿੱਚ ਮੁਲਾਜ਼ਮ ਸਾਂ। ਮੈਂ ਮਹਿਲ ਵਿੱਚ 1981 ਤੋਂ 1983 ਤਕ ਸੇਵਾਵਾਂ ਨਿਭਾਈਆਂ ਸਨ। ਸ਼ਾਹੀ ਖਾਨਸਾਮੇ ਐਲਨ ਫਿਸ਼ਰ ਵੱਲੋਂ ਰਾਜਕੁਮਾਰੀ ਡਾਇਨਾ ਦੀਆਂ ਕੁਝ ਬੇਲੋੜੀਂਦੀਆਂ ਵਸਤਾਂ ਉਸ ਸਮੇਂ ਰਸੋਈ ਵਿੱਚ ਮੌਜੂਦ ਸਟਾਫ਼ ਨੂੰ ਵੰਡਣ ਦੌਰਾਨ ਮੈਨੂੰ ਇਹ ਬੈਗ ਮਿਲਿਆ ਸੀ।"



## ਊਬਰ ਕੰਪਨੀ ਨੇ ਦਿੱਲੀ 'ਚ ਭਾਰਤੀ ਮਹਿਲਾ ਨਾਲ ਬਲਾਤਕਾਰ ਦੇ ਮਾਮਲੇ 'ਚ ਆਖ਼ਰ ਕੀਤਾ ਸਮਝੌਤਾ

**ਨਿਊ ਯਾਰਕ/ਬਿਊਰੋ ਨਿਊਜ਼:** ਭਾਰਤ ਦੇ ਰਾਜਧਾਨੀ ਵਾਲੇ ਸ਼ਹਿਰ ਨਵੀਂ ਦਿੱਲੀ 'ਚ ਇੱਕ ਭਾਰਤੀ ਮਹਿਲਾ ਨਾਲ ਹੋਏ ਦੁਰਵਿਹਾਰ ਸਬੰਧੀ ਊਬਰ ਕੰਪਨੀ ਸਮਝੌਤਾ ਕਰਨ ਲਈ ਰਾਜ਼ੀ ਹੋ ਗਈ ਹੈ। ਮੀਡੀਆ ਰਿਪੋਰਟ ਮੁਤਾਬਕ ਕੰਪਨੀ ਦੇ ਡਰਾਈਵਰ ਵੱਲੋਂ ਮਹਿਲਾ ਨਾਲ ਬਲਾਤਕਾਰ ਤੋਂ ਬਾਅਦ ਊਬਰ ਦੇ ਅਧਿਕਾਰੀਆਂ ਨੇ ਉਸ ਦੀ ਮੈਡੀਕਲ ਰਿਪੋਰਟ ਹਾਸਲ ਕਰਕੇ ਵਿਰੋਧੀ ਕੰਪਨੀ ਖ਼ਿਲਾਫ਼ ਗਲਤ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਸੀ। ਇਹ ਘਟਨਾ ਸਾਲ 2014 'ਚ ਦਿੱਲੀ 'ਚ ਵਾਪਰੀ ਸੀ ਅਤੇ ਊਬਰ 'ਤੇ ਜੂਨ 2015 ਤਕ ਪਾਬੰਦੀ ਲਾ ਦਿੱਤੀ ਗਈ ਸੀ।

26 ਵਰ੍ਹਿਆਂ ਦੀ ਮਹਿਲਾ ਨੇ ਕੈਲੀਫੋਰਨੀਆ ਦੀ ਸੰਘੀ ਅਦਾਲਤ 'ਚ ਜੂਨ 'ਚ ਮੁਕੱਦਮਾ ਕੀਤਾ ਸੀ। ਉਸ ਸਮੇਂ ਮਹਿਲਾ ਟੈਕਸਸ 'ਚ ਰਹਿ ਰਹੀ ਸੀ। ਕੰਪਨੀ ਦੇ ਏਸ਼ੀਆ ਪੈਸਿਫਿਕ ਕਾਰੋਬਾਰ ਦੇ ਪ੍ਰਧਾਨ ਐਰਿਕ ਅਲੈਗਜ਼ੈਂਡਰ ਨੇ ਮਹਿਲਾ ਦੇ ਮੈਡੀਕਲ ਰਿਕਾਰਡ ਨੂੰ ਹਾਸਲ ਕਰਕੇ ਊਬਰ ਦੇ ਚੀਫ਼ ਐਗਜ਼ੀਕਿਊਟਿਵ ਟਰੈਵਿਸ ਕਲਾਨਿਕ ਅਤੇ ਤਤਕਾਲੀ ਸੀਨੀਅਰ ਉਪ ਪ੍ਰਧਾਨ ਇਮਿਲ ਮਾਈਕਲ ਨਾਲ ਇਹ ਰਿਪੋਰਟ ਸਾਂਝੀ ਕੀਤੀ ਸੀ। ਬਾਅਦ 'ਚ ਕੰਪਨੀ ਨੇ ਅਲੈਗਜ਼ੈਂਡਰ ਨੂੰ ਫਾਰਗ ਕਰ ਦਿੱਤਾ ਸੀ।

# ਅਨੁਸ਼ਕਾ ਸ਼ਰਮਾ ਤੇ ਵਿਰਾਟ ਕੋਹਲੀ ਨੇ ਰਚਾਇਆ ਵਿਆਹ

## ਇਟਲੀ ਦੇ ਤੁਸ਼ੈਨੀ ਸ਼ਹਿਰ 'ਚ ਵੱਜੀਆਂ ਸ਼ਹਿਨਾਈ ਦੀਆਂ ਧੁਨਾਂ



**ਮੁੰਬਈ/ਬਿਊਰੋ ਨਿਊਜ਼:** ਭਾਰਤੀ ਕ੍ਰਿਕਟ ਟੀਮ ਦੇ ਕਪਤਾਨ ਵਿਰਾਟ ਕੋਹਲੀ ਅਤੇ ਬਾਲੀਵੁੱਡ ਅਦਾਕਾਰਾ ਅਨੁਸ਼ਕਾ ਸ਼ਰਮਾ ਇਟਲੀ ਵਿੱਚ ਵਿਆਹ ਬੰਧਨ ਵਿੱਚ ਬੱਝ ਗਏ। ਇਸ ਨਾਲ ਮੀਡੀਆ ਵੱਲੋਂ ਚਿਰਾਂ ਤੋਂ ਜੋੜੇ ਦੇ ਵਿਆਹ ਦੀਆਂ ਲਾਈਆਂ ਜਾ ਰਹੀਆਂ ਕਿਆਸਅਰਾਈਆਂ ਵੀ ਖਤਮ ਹੋ ਗਈਆਂ ਹਨ। ਜੋੜੇ ਦਾ ਵਿਆਹ ਇਕ ਨਿਜੀ ਸਮਾਗਮ ਵਿੱਚ ਨੇਪਰੇ ਚੜ੍ਹਿਆ ਜਿਸ ਵਿੱਚ ਪਰਿਵਾਰਕ ਮੈਂਬਰਾਂ ਅਤੇ ਨੇੜਲਿਆਂ ਨੇ ਸ਼ਮੂਲੀਅਤ ਕੀਤੀ। ਵਿਆਹ ਸਮਾਗਮ ਇਟਲੀ ਦੇ ਤੁਸੈਨੀ ਸ਼ਹਿਰ ਵਿਚਲੇ ਰਿਜ਼ੋਰਟ ਵਿੱਚ ਹੋਇਆ। ਅਨੁਸ਼ਕਾ ਅਤੇ ਕੋਹਲੀ ਨੇ ਵਿਆਹ ਸਮਾਗਮ ਦੀਆਂ ਤਸਵੀਰਾਂ ਟਵੀਟ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਹਮੇਸ਼ਾ ਲਈ ਪਿਆਰ ਦੇ ਬੰਧਨ ਵਿੱਚ ਬੱਝਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਨੂੰ ਇਹ ਖ਼ਬਰ ਸਾਂਝੀ ਕਰਦਿਆਂ ਬਹੁਤ ਖ਼ੁਸ਼ੀ ਹੋ ਰਹੀ ਹੈ। ਅਨੁਸ਼ਕਾ ਨੇ ਵਿਆਹ ਦੌਰਾਨ ਗੁਲਾਬੀ ਰੰਗ ਦਾ ਲਹਿੰਗਾ ਜਦੋਂ ਕਿ ਵਿਰਾਟ ਨੇ ਸ਼ੇਰਵਾਨੀ ਪਾਈ ਹੋਈ ਸੀ। ਇਨ੍ਹਾਂ ਦੋਵਾਂ ਦੇ ਕੱਪੜਿਆਂ ਨੂੰ ਇਕੋ ਡਿਜ਼ਾਈਨਰ ਨੇ ਤਿਆਰ ਕੀਤਾ ਹੈ। ਇਸ ਦੇ ਨਾਲ ਹੀ ਦੋਵਾਂ ਨੇ ਟਵੀਟ ਕੀਤਾ, "ਅੱਜ ਦਾ ਦਿਨ ਸਾਡੇ ਪਰਿਵਾਰਾਂ, ਪ੍ਰਸ਼ੰਸਕਾਂ ਅਤੇ ਖ਼ੈਰ ਮੰਗਣ ਵਾਲਿਆਂ ਦੇ ਪਿਆਰ ਅਤੇ ਸਹਿਯੋਗ ਨਾਲ ਬਹੁਤ ਵਿਸ਼ੇਸ਼ ਬਣ ਗਿਆ ਹੈ। ਸਾਡੇ ਇਸ ਸਫ਼ਰ ਦਾ ਹਿੱਸਾ ਬਣਨ ਲਈ ਸਭਨਾਂ ਦਾ ਧੰਨਵਾਦ।" ਇਹ ਵਿਆਹ ਹਿੰਦੂ ਰਿਤੀ ਰਿਵਾਜਾਂ ਨਾਲ ਹੋਇਆ। ਵਿਆਹ ਪਾਰਟੀ 21 ਦਸੰਬਰ ਨੂੰ ਨਵੀਂ ਦਿੱਲੀ ਵਿੱਚ ਹੋਵੇਗੀ ਅਤੇ ਫਿਲਮ ਇੰਡਸਟਰੀ ਦੇ ਦੋਸਤਾਂ ਅਤੇ ਕ੍ਰਿਕਟਰਾਂ ਲਈ ਵੱਖਰੀ ਪਾਰਟੀ 26 ਦਸੰਬਰ ਨੂੰ ਹੋਵੇਗੀ। ਵਿਆਹਿਆ ਜੋੜਾ ਬੀਤੇ ਚਾਰ ਵਰ੍ਹਿਆਂ ਤੋਂ ਡੇਟਿੰਗ ਕਰ ਰਿਹਾ ਸੀ ਤੇ ਮੀਡੀਆ ਦੀਆਂ ਵਿਆਹ ਸਬੰਧੀ ਕਿਆਸ ਅਰਾਈਆਂ ਦੇ ਬਾਵਜੂਦ ਪੂਰੀ ਤਰ੍ਹਾਂ ਚੁੱਪ ਸੀ।

# ਪਰਵਾਸੀ ਭਾਰਤੀ ਨੇ ਅਪਣਾਇਆ ਅਪਣੇ ਪਿੰਡ ਦਾ ਸਰਕਾਰੀ ਪ੍ਰਾਇਮਰੀ ਸਕੂਲ

**ਧਾਰੀਵਾਲ/ਬਿਊਰੋ ਨਿਊਜ਼:**
ਨੇੜਲੇ ਪਿੰਡ ਨੜਾਂਵਾਲੀ ਦੇ ਜੰਮਪਲ ਵਾਸੀ ਆਸਟਰੇਲੀਆ ਡਾ. ਕੁਲਜੀਤ ਸਿੰਘ ਨੇ ਆਪਣੇ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਨੂੰ ਅਪਨਾ ਲਿਆ ਹੈ। ਸਿੱਖਿਆ ਵਿਭਾਗ ਪ੍ਰਾਇਮਰੀ ਦੇ ਬਲਾਕ ਕਲਾਨੌਰ ਵਿੱਚ ਪੈਂਦੇ ਸਰਕਾਰੀ ਪ੍ਰਾਇਮਰੀ ਸਕੂਲ ਨੜਾਂਵਾਲੀ ਵਿੱਚ ਉਨ੍ਹਾਂ ਨੇ ਇਸ ਸਬੰਧ ਵਿੱਚ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ। ਇਸਤੋਂ ਮਗਰੋਂ ਸਕੂਲ ਦੀ ਬਣਨ ਵਾਲੀ ਇਮਾਰਤ ਦਾ ਨੀਂਹ ਪੱਥਰ ਰੱਖਿਆ ਗਿਆ।



ਸਕੂਲ ਦੀ ਇਮਾਰਤ ਦਾ ਨੀਂਹ ਪੱਥਰ ਰੱਖਣ ਮੌਕੇ ਡਾ.ਕੁਲਜੀਤ ਸਿੰਘ ਆਸਟਰੇਲੀਆ ਦੇ ਨਾਲ ਪਰਿਵਾਰਕ ਮੈਂਬਰ ਤੇ ਹੋਰ ।

ਇਸ ਮੌਕੇ ਡਾ. ਕੁਲਜੀਤ ਸਿੰਘ (ਜੇਲ੍ਹ ਅਫਸਰ ਆਸਟਰੇਲੀਆ) ਨੇ ਦੱਸਿਆ ਕਿ ਉਹ ਇਸ ਸਕੂਲ ਦੇ ਵਿਦਿਆਰਥੀ ਰਹੇ ਸਨ ਅਤੇ ਇਸ ਪਿੰਡ ਦਾ ਜੰਮਪਲ ਹੋਣ ਦੇ ਨਾਤੇ ਉਸਦਾ ਸੁਪਨਾ ਸੀ, ਕਿਆਪਣੇ ਪਿੰਡ ਦੇ ਸਕੂਲ ਨੂੰ ਇਕ ਨਮੂਨੇ ਦਾ ਸਕੂਲ ਬਣਾਉਣ। ਉਨ੍ਹਾਂ ਦੱਸਿਆ ਕਿ ਇਸ ਸਕੂਲ ਦੀ ਇਮਾਰਤ ਬਣਾਉਣ ਲਈ ਉਨ੍ਹਾਂ 55 ਲੱਖ ਰੁਪਏ ਦਾ ਪ੍ਰੋਜੈਕਟ ਤਿਆਰ ਕਰਵਾਇਆ ਹੈ। ਡਾ.ਕੁਲਜੀਤ ਸਿੰਘ ਨੇ ਕਿਹਾ ਕਿ ਜੇਕਰ ਸਕੂਲ ਲਈ 55 ਲੱਖ ਰੁਪਏ ਤੋਂ ਇਲਾਵਾ ਵੀ ਖਰਚਾ ਲੱਗੇਗਾ, ਤਾਂ ਉਹ ਵੀ ਉਨ੍ਹਾਂ ਵਲੋਂ ਹੀ ਦਿੱਤਾ ਜਾਵੇਗਾ। ਇਸ ਸਕੂਲ ਦੀ ਇਮਾਰਤ ਦਾ ਨੀਂਹ ਪੱਥਰ ਪਿੰਡ ਦੀ ਸਭ ਤੋਂ ਬਜ਼ੁਰਗ ਇਸਤਰੀ ਸ੍ਰੀ ਮਤੀ ਸ਼ਾਂਤੀ ਦੇਵੀ ਨੇ ਰੱਖਿਆ। ਇਸ ਮੌਕੇ ਡਾ.ਕੁਲਜੀਤ ਸਿੰਘ ਨਾਲ ਉਨ੍ਹਾਂ ਦੀ ਪਤਨੀ ਸ੍ਰੀ ਮਤੀ ਮਨਦੀਪ ਕੌਰ, ਪਿਤਾ ਸ੍ਰੀ ਮੁਲਖਾ ਸਿੰਘ ਸਾਬਕਾ ਸਰਪੰਚ, ਛੋਟਾ ਭਰਾ ਜਸਵੰਤ ਸਿੰਘ ਅਤੇ ਹੋਰ ਪਰਿਵਾਰਕ ਮੈਂਬਰਾਂ ਸਮੇਤ ਉਨ੍ਹਾਂ ਦੇ ਸਹਿਪਾਠੀ ਸੁਖਦੇਵ ਸਿੰਘ ਐਕਸੀਅਨ ਪੀ.ਡਬਲਯੂ. ਡੀ., ਤੋਂ ਇਲਾਵਾ ਸਰਪੰਚ ਬਲਦੇਵ ਸਿੰਘ, ਮੁੱਖ ਅਧਿਆਪਕ ਸ੍ਰੀ ਮਤੀ ਸ਼ੀਲਾ ਕੁਮਾਰੀ,ਸਮੂਹ ਸਕੂਲ ਸਟਾਫ ਮੈਂਬਰ ਅਤੇ ਪਿੰਡ ਵਾਸੀ ਹਾਜ਼ਰ ਸਨ।

# ਅਮਰੀਕੀ ਸਿੱਖ ਅਪਣੀ ਪਛਾਣ ਸੰਬੰਧੀ ਸ਼ੁਰੂ ਕਰਨਗੇ ਨਵੀਂ ਜਾਗਰੂਕਤਾ ਮੁਹਿੰਮ

**ਵਾਸ਼ਿੰਗਟਨ ਬਿਊਰੋ ਨਿਊਜ਼:** ਅਮਰੀਕਾ ਵਸਦੇ ਸਿੱਖਾਂ ਨੇ ਮੁਲਕ 'ਚ ਆਪਣੇ ਭਾਈਚਾਰੇ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਇਕ ਹੋਰ ਮੁਹਿੰਮ ਆਰੰਭ ਕਰਨ ਦਾ ਫ਼ੈਸਲਾ ਲਿਆ ਹੈ। ਪਹਿਲੀਆਂ ਕੋਸ਼ਿਸ਼ਾਂ ਨੂੰ ਬੂਰ ਪੈਣ ਤੋਂ ਬਾਅਦ ਸਿੱਖਾਂ ਵੱਲੋਂ ਨਵੀਂ ਮੁਹਿੰਮ ਸ਼ੁਰੂ ਕੀਤੀ ਜਾਵੇਗੀ। ਨਫ਼ਰਤੀ ਅਪਰਾਧਾਂ 'ਚ ਵਾਧੇ ਮਗਰੋਂ ਸਿੱਖਾਂ ਨੇ ਅਪਰੈਲ 'ਚ 'ਵੀ ਆਰ ਸਿੱਖਜ਼' (ਅਸੀਂ ਸਿੱਖ ਹਾਂ) ਮੁਹਿੰਮ ਸ਼ੁਰੂ ਕੀਤੀ ਸੀ ਅਤੇ ਇਸ ਰਾਹੀਂ ਘੱਟ ਗਿਣਤੀ ਬਾਰੇ ਫੈਲੇ ਭਰਮਾਂ ਨੂੰ ਦੂਰ ਕੀਤਾ ਗਿਆ ਅਤੇ ਸਿੱਖੀ ਬਾਰੇ ਜਾਗਰੂਕ ਕਰਨ ਦੇ ਯਤਨ ਕੀਤੇ ਗਏ। ਜਥੇਬੰਦੀ ਵੱਲੋਂ ਜਾਰੀ ਬਿਆਨ ਮੁਤਾਬਕ ਨੈਸ਼ਨਲ ਸਿੱਖ ਕੈਂਪੇਨ (ਐਨਐਸਸੀ) ਤਹਿਤ ਮੁਲਕ ਭਰ 'ਚੋਂ 9.2 ਕਰੋੜ ਲੋਕਾਂ ਨੇ ਦਸਤਖ਼ਤ ਕੀਤੇ ਅਤੇ ਉਨ੍ਹਾਂ ਨੂੰ ਸਮਝਾਇਆ ਗਿਆ ਕਿ ਸਿੱਖ ਵੱਖਰੀ ਕੌਮ ਹੈ।

ਐਨਐਸਸੀ ਨੇ ਭਾਈਚਾਰੇ ਦੀ ਹਮਾਇਤ ਹਾਸਲ ਕਰਨ ਲਈ 14 ਸ਼ਹਿਰਾਂ 'ਚ ਫੰਡ ਇਕੱਠੇ ਕਰਨ ਦੇ ਸਮਾਗਮ ਕਰਵਾਏ। ਇਸ ਮੁਹਿੰਮ ਦੀ ਕੁੱਲ ਲਾਗਤ 13 ਲੱਖ ਡਾਲਰ ਹੋਵੇਗੀ। ਐਨਐਸਸੀ ਦੇ ਸਹਿ ਬਾਨੀ ਅਤੇ ਸੀਨੀਅਰ ਸਲਾਹਕਾਰ ਡਾਕਟਰ ਰਾਜਵੰਤ ਸਿੰਘ ਨੇ ਕਿਹਾ ਕਿ ਸੀਮਤ ਫੰਡਾਂ ਨਾਲ ਅਮਰੀਕੀਆਂ ਨੂੰ ਸਮਝਾਇਆ ਗਿਆ ਕਿ ਸਿੱਖ ਕੌਣ ਹਨ। ਕੈਲੀਫੋਰਨੀਆ ਦੇ ਨਿੱਕ ਸਹੋਤਾ ਨੇ ਕਿਹਾ ਕਿ ਕਈ ਲੋਕਾਂ ਨੇ ਸਿੱਖਾਂ ਨੂੰ ਸੜਕਾਂ 'ਤੇ ਰੋਕ ਕੇ ਉਨ੍ਹਾਂ ਦਾ ਧੰਨਵਾਦ ਕੀਤਾ। ਐਨਐਸਸੀ ਦੇ ਇਕ ਹੋਰ ਮੈਂਬਰ ਅੰਮ੍ਰਿਤਪਾਲ ਸਿੰਘ ਨੇ ਕਿਹਾ, "ਸਿੱਖਾਂ ਦੀ ਸ਼ਲਾਘਾ ਬਾਰੇ ਉਨ੍ਹਾਂ ਕੋਲ ਕਈ ਕਹਾਣੀਆਂ ਹਨ। ਇਕ 92 ਵਰ੍ਹਿਆਂ ਦੀ ਮਹਿਲਾ ਆਈ ਅਤੇ ਮੇਰੇ ਗਲੇ ਲੱਗ ਕੇ ਦੱਸਿਆ ਕਿ ਕਿਵੇਂ ਵਿਤਕਰੇ ਕਰਕੇ 1928 'ਚ ਉਸ ਦੇ ਸਿੱਖ ਪਤੀ ਨੂੰ ਮੁਲਕ ਛੱਡਣਾ ਪਿਆ ਸੀ।" ਐਨਐਸੀ ਹੁਣ ਅਮਰੀਕੀ ਟੀਵੀ ਸਟੇਸ਼ਨਾਂ ਲਈ ਹਾਲੀਵੁੱਡ ਨਾਲ ਜੁੜੀ ਮੀਡੀਆ ਕੰਪਨੀ ਅਤੇ ਮਸ਼ਹੂਰ ਫਿਲਮ ਕੰਪਨੀ ਨਾਲ ਮਿਲ ਕੇ ਵੀਡੀਓ ਅਤੇ ਦਸਤਾਵੇਜ਼ੀ ਤਿਆਰ ਕਰਨ ਲਈ ਗੱਲਬਾਤ ਕਰ ਰਹੀ ਹੈ।

## ਭਾਰਤੀ-ਅਮਰੀਕੀ ਰੋਜ਼ਾਨਾ ਜੀਵਨ 'ਚ ਹੋ ਰਹੇ ਨੇ ਵਿਤਕਰਿਆਂ ਦਾ ਸ਼ਿਕਾਰ

**ਨਿਊਯਾਰਕ/ਬਿਊਰੋ ਨਿਊਜ਼,** ਭਾਰਤੀ-ਅਮਰੀਕੀਆਂ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਅਮਰੀਕਾ 'ਚ ਰੋਜ਼ਾਨਾ ਕਈ ਮਾਮਲਿਆਂ 'ਚ ਵਿਤਕਰਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਏਸ਼ੀਅਨ-ਅਮਰੀਕੀਆਂ ਬਾਰੇ ਆਏ ਨਵੇਂ ਸਰਵੇਖਣ 'ਚ ਇਹ ਖ਼ੁਲਾਸਾ ਹੋਇਆ ਹੈ। ਨੈਸ਼ਨਲ ਪਬਲਿਕ ਰੇਡੀਓ, ਰੌਬਰਟ ਵੁੱਡ ਜੌਹਨਸਨ ਫਾਊਂਡੇਸ਼ਨ ਅਤੇ ਹਾਰਵਰ ਟੀ ਐਚ ਚੈਨ ਸਕੂਲ ਆਫ਼ ਪਬਲਿਕ ਹੈਲਥ ਵੱਲੋਂ ਕਰਵਾਏ ਗਏ ਸਰਵੇਖਣ ਦੀ ਰਿਪੋਰਟ ਇਸ ਹਫ਼ਤੇ ਜਾਰੀ ਕੀਤੀ ਗਈ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ 10 ਏਸ਼ੀਅਨ-ਅਮਰੀਕੀਆਂ 'ਚੋਂ ਇਕ ਜਾਂ ਪਰਿਵਾਰਕ ਮੈਂਬਰ ਨੂੰ ਗ਼ੈਰਕਾਨੂੰਨੀ ਢੰਗ ਨਾਲ ਰੋਕਿਆ ਜਾਂਦਾ ਹੈ ਜਾਂ ਪੁਲੀਸ ਵੱਲੋਂ ਖ਼ਰਾਬ ਵਤੀਰਾ ਅਪਣਾਇਆ ਜਾਂਦਾ ਹੈ ਕਿਉਂਕਿ ਉਹ ਏਸ਼ੀਅਨ ਹਨ। ਪਰ ਨਸਲ ਦੇ ਆਧਾਰ 'ਤੇ ਭਾਰਤੀ-ਅਮਰੀਕੀਆਂ (17 ਫ਼ੀਸਦੀ) ਨੂੰ ਚੀਨੀ-ਅਮਰੀਕੀਆਂ (ਦੋ ਫ਼ੀਸਦੀ) ਨਾਲੋਂ 8 ਗੁਣਾ ਵਧ ਵਾਰ ਰੋਕਿਆ ਜਾਂਦਾ ਹੈ। ਹਾਰਵਰਡ ਟੀ ਐਚ ਚੈਨ ਸਕੂਲ ਆਫ਼ ਪਬਲਿਕ ਹੈਲਥ ਦੇ ਪ੍ਰੋਫ਼ੈਸਰ ਰੌਬਰਟ ਬਲੈਨਡਨ ਨੇ ਕਿਹਾ ਕਿ ਏਸ਼ੀਅਨ ਅਮਰੀਕਨ ਪਰਿਵਾਰਾਂ 'ਚ ਸਭ ਤੋਂ ਵਧ ਔਸਤਨ ਆਮਦਨ ਹੈ ਪਰ ਉਨ੍ਹਾਂ ਨਾਲ ਹਾਊਸਿੰਗ, ਨੌਕਰੀਆਂ ਅਤੇ ਕਾਲਜਾਂ 'ਚ ਵਿਤਕਰਾ ਕੀਤਾ ਜਾਂਦਾ ਹੈ। ਸਰਵੇਖਣ 'ਚ ਇਕ ਤਿਹਾਈ ਏਸ਼ੀਅਨ ਅਮਰੀਕਨਾਂ ਨੇ ਕਿਹਾ ਕਿ ਉਨ੍ਹਾਂ ਨੂੰ ਰੁਜ਼ਗਾਰ ਅਤੇ ਘਰ ਲੈਣ ਸਮੇਂ ਏਸ਼ੀਅਨ ਵਿਰੋਧੀ ਵਿਤਕਰਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ

# ਕਵੀਨਸ ਸ਼ਹਿਰ ਤੋਂ ਗੁੰਮ ਹੋਈ ਪੰਜਾਬਣ ਨੂੰ ਭਾਲ ਰਹੀ ਹੈ ਨਿਊਯਾਰਕ ਦੀ ਪੁਲੀਸ

**ਨਿਊਯਾਰਕ/ਹੁਸਨ ਲੜੋਆ ਬੰਗਾ:**
ਨਿਊਯਾਰਕ ਦੇ ਕਵੀਨਸ ਸ਼ਹਿਰ ਦੀ ਪੁਲੀਸ ਇੱਕ ਗਰਭਵਤੀ ਪੰਜਾਬਣ, ਜੋ ਬੈਂਕ ਜਾਣ ਤੋਂ ਬਾਅਦ ਗਾਇਬ ਦੱਸੀ ਜਾਂਦੀ ਹੈ ,ਦੀ ਭਾਲ ਤੇ ਤਫਤੀਸ਼'ਚ ਜੁਟੀ ਹੋਈ ਹੈ। ਇਸ ਭਾਰਤੀ ਅਮਰੀਕਨ ਔਰਤ ਦਾ ਨਾਂ ਅਮਰਜੀਤ ਕੌਰ ਦੱਸਿਆ ਗਿਆ ਹੈ, ਜੋ ਇਕ 7 ਸਾਲ ਦੀ ਉਮਰ ਦੇ ਦੋ ਬੱਚਿਆਂ ਦੀ ਵਿਆਹੁਤਾ ਮਾਂ ਹੈ ਤੇ ਨਿਊਯਾਰਕ ਵਿਚ ਪੁਲੀਸ ਇਸ ਗਰਭਵਤੀ ਔਰਤ ਨੂੰ ਲੱਭਣ ਵਿਚ ਲੋਕਾਂ ਦੀ ਮਦਦ ਮੰਗ ਰਹੀ ਹੈ। ਪੁਲਿਸ ਅਨੁਸਾਰ ਅਮਰਜੀਤ ਕੌਰ, 34 ਸਾਲ ਦੀ ਇਕ ਬੈਂਕ ਵਿੱਚ ਜਾਣ ਤੋਂ ਬਾਅਦ 5 ਦਸੰਬਰ ਨੂੰ ਲਾਪਤਾ ਹੋ ਗਈ ਸੀ। ਕੌਰ ਦੇ ਪਤੀ ਲਖਵਿੰਦਰ ਮੁਲਤਾਨੀ, ਜੋ ਕਿ ਬਿਜਨਸਮੈਨ ਹਨ, ਨੇ ਦੱਸਿਆ ਕਿ ਉਨ੍ਹਾਂ ਦੀ ਪਤਨੀ ਨੇ 128 ਵੇਂ ਸਟਰੀਟ 'ਤੇ ਆਪਣੇ ਘਰੋਂ ਸਵੇਰੇ 10.30 ਵਜੇ ਦੇ ਕਰੀਬ ਚੇਜ਼ ਬੈਂਕ ਛੱਡ ਦਿੱਤਾ ਸੀ। ਬੈਂਕ' ਤੋਂ ਕੋਈ ਚੈੱਕ ਜਮ੍ਹਾ ਕਰਨ ਮਗਰੋਂ ਉਹ ਮੁੜ ਘਰ ਵਾਪਿਸ ਨਹੀਂ ਆਈ ਤੇ ਉਸ ਦਾ ਫੋਨ 114 ਵੇਂ ਸਟਰੀਟ



ਅਤੇ ਲਿਬਰਟੀ ਐਵੇਨਿਊ 'ਤੇ ਖੜ੍ਹੀ ਕਾਰ ਦੇ ਅੰਦਰ ਸੀ. ਸਕੂਲ ਦੀ ਰਿਪੋਰਟ ਅਨੁਸਾਰ ਉਹ ਬੱਚਿਆਂ ਨੂੰ ਵੀ ਚੁੱਕਣ ਲਈ ਨਹੀਂ ਗਈ। ਇਸ ਤੋਂ ਬਾਦ ਪਤੀ ਲਖਵਿੰਦਰ ਮੁਲਤਾਨੀ ਨੇ ਫ਼ੋਨ ਕਰਨਾ ਸ਼ੁਰੂ ਕਰ ਦਿੱਤਾ। ਮੁਲਤਾਨੀ ਨੇ ਟੀ ਵੀ ਰਿਪੋਰਟ ਵਿਚ ਕਿਹਾ ਕਿ ਸਾਡੇ ਦੋ 7 ਸਾਲ ਦੇ ਜੁੜਵੇਂ ਮੁੰਡੇ ਹਨ ਅਤੇ ਉਹ ਛੇ ਹਫ਼ਤਿਆਂ ਦੀ ਗਰਭਵਤੀ ਹੈ,ਤੇਮੈਂ ਬਹੁਤ ਬੁਰਾ ਮਹਿਸੂਸ ਕਰ ਰਿਹਾ ਹਾਂ, ਬੱਚੇ ਬਹੁਤ ਮਾੜਾ ਮਹਿਸੂਸ ਕਰ ਰਹੇ ਹਨ। ਅਸੀਂ ਉਸ ਦੀ ਉਡੀਕ ਕਰ ਰਹੇ ਹਾਂ।" ਪਤੀ ਨੇ ਕਿਹਾ ਕਿ, "ਸਾਨੂੰ ਕਦੇ ਵੀ ਸਮੱਸਿਆਵਾਂ ਨਹੀਂ ਆਈਆਂ ਤੇ ਮੈਂ ਚਾਹੁੰਦਾ ਹਾਂ ਕਿ ਉਹ ਵਾਪਸ ਆ ਜਾਵੇ। ਪੁਲੀਸ ਨੂੰ ਮਿਲੀ ਵੀਡੀਓ ਵਿੱਚ ਉਹ ਗਾਇਬ ਹੋਣ ਤੋਂ ਥੋੜ੍ਹੇ ਹੀ ਸਮੇਂ ਵਿੱਚ ਸਾਈਡਵਾਕ ਉੱਤੇ ਪੈਦਲ ਚੱਲ ਰਹੀ ਸੀ। ਅਮਰਜੀਤ ਕੌਰ ਦੇ ਠਿਕਾਣਿਆਂ ਦੀ ਜਾਣਕਾਰੀ ਵਾਲਾ ਕੋਈ ਵੀ ਵਿਅਕਤੀ ਕਰਾਈਮ ਸਟਾਪਸ ਨੂੰ 800-577-8477 ਤੇ ਕਾਲ ਕਰ ਸਕਦਾ ਹੈ।

# Sir Speedy Tustin

*Printers to the Community*

**Outdoor 3'x11' Promo Flag**

**Only $29/-**

Pole & Spike $55/-

**Outdoor 3'x6' Durable Banner**

All weather, durable to sunlight, rain and wear & tear. Text only.

**Only $69/-**

**Receipt Books**

Customized with your information and design. 2 part carbonless with numbering and perforation.

**Call for Price**

**Retractable 33"x 80" Banner**

Includes stand and carry bag. Hi-res imaging, durable and Brilliant colors!

**Only $225/-**

**All Weather 18"x24" Yard Signs**

Includes H-stakes. Single sided, durable to sunlight and rain. Reusable!

**$49/- for 4**

**11" Printed Balloons**

Printed with your logo and info. One color, one location. Min. qty 1000

**19¢ each**

White T-Shirts, 1 color screen printing in 1 position. Min Qty. 100

**Your Printed T-Shirts**

**Only $4.99**

1 color in 1 position. Min Qty. 100

**Your Printed Caps**

**Only $4.99**

**Trip Envelopes** Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

**CUSTOMIZED SWEET BOXES**

*South Asian Wedding Cards*

**CALL NOW**

**ਗੁਰਬਾਣੀ**
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

**ਪੰਜਾਬੀ ਗਾਣੇ**
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
**Punjabi RADIO USA**
ON THE AIR
*Uniting Punjabi's All Over*
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

**NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM**



# KHALSA
## INSURANCE AGENCY, INC.

**Khalsa Insurance Agency is among TOP 50 agencies of Blue Cross in USA.**




- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

COVERED CALIFORNIA™

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

Call Now for the
Lowest Health Insurance
Premiums available
Some Households
qualify for
FREE HEALTHCARE

**408-272-2500**

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# ਪਤਲਾ ਹੋਣਾ ਔਖਾ ਪਰ ਮੁਮਕਿਨ

ਅੱਜ ਸਭ ਤੋਂ ਆਮ ਸਵਾਲ ਇਹ ਹੈ ਕਿ ਪੇਟ ਦੀ ਚਰਬੀ ਕਿਵੇਂ ਘਟਾਈਏ ? ਅਸਲ ਵਿਚ ਪੇਟ ਦਾ ਮੋਟੇ ਹੋਣਾ ਬਹੁਤ ਖਤਰਨਾਕ ਕਿਸਮ ਦਾ ਮੋਟਾਪਾ ਹੈ। ਸਿਆਣੀ ਗੱਲ ਤਾਂ ਇਹ ਹੈ ਕਿ ਕਮਰ ਦਾ ਭਾਰੀ ਹੋਣਾ ਬਿਮਾਰੀਆਂ ਦਾ ਸੰਕੇਤ ਹੈ। ਪਹਿਲੀ ਗੱਲ ਇਹ ਹੈ ਕਿ ਸਵੇਰੇ ਇਕ ਕੱਪ ਕੋਸਾ ਨਿੰਬੂ ਪਾਣੀ ਲਓ। ਸਾਰਾ ਦਿਨ ਅਤੇ ਹਰ ਖਾਣੇ ਪਿੱਛੋਂ ਢੇਰ ਸਾਰਾ ਪਾਣੀ ਪੀਓ। ਪੇਟ ਦੇ ਮੋਟਾਪੇ ਦਾ ਮੁਕਾਬਲਾ ਕਰਨ ਲਈ ਪੌਸ਼ਟਿਕ ਡਾਈਟ ਦਾ 8 ਫੀਸਦੀ ਯੋਗਦਾਨ ਹੈ। ਪ੍ਰੋਟੀਨ ਅਤੇ ਹਰੀਆਂ ਸਬਜ਼ੀਆਂ, ਮੋਟੇ ਅਨਾਜ, ਚੰਗੇ ਸਨੈਕਸ ਖਾ ਕੇ ਆਪਣੀ ਕੈਲੋਰੀਜ਼ ਨੂੰ ਘਟਾਓ। ਹੋਲ ਫੂਡਜ਼ ਹੀ ਖਾਓ (ਜਿਸ ਵਿਚ ਹੋਲ ਵੀਟ ਪਾਸਤਾ, ਹੋਲ ਵੀਟ ਬਰੈੱਡ ਸ਼ਾਮਿਲ ਹਨ)। ਧਿਆਨ ਰੱਖੋ ਕਿ ਕਈ ਕੰਪਨੀਆਂ ਮੈਦੇ ਦੀ ਵਰਤੋਂ ਕਰਦੀਆਂ ਹਨ ਪਰ ਲਿਖਦੀਆਂ ਇਸ ਨੂੰ ਹੋਲ ਵੀਟ ਹਨ।ਸਭ ਸਬਜ਼ੀਆਂ ਖਾਓ, ਜੋ ਤੁਸੀਂ ਖਾਣਾ ਚਾਹੁੰਦੇ ਹੋ।ਜਿੱਥੋਂ ਤੱਕ ਹੋ ਸਕੇ, ਲੀਨ ਪ੍ਰੋਟੀਨ ਹੀ ਖਾਓ, ਬੈਡ ਕਾਰਬੋਹਾਈਡ੍ਰੇਟ ਤੋਂ ਬਚੋ (ਚਿਪਸ, ਪਾਪਕੌਰਨ, ਬਿਸਕੁਟ, ਕੇਕ ਆਦਿ ਬਿਲਕੁਲ ਨਹੀਂ, ਨਾ ਹੀ ਜੰਕ ਫੂਡ)। ਅੱਧਾ ਘੰਟਾ ਤੋਂ 45 ਮਿੰਟ ਤੱਕ ਕਸਰਤ, ਸੈਰ ਜਾਂ ਜਾਗਿੰਗ ਕਰੋ। ਅੱਠ ਘੰਟੇ ਦੀ ਨੀਂਦ ਜ਼ਰੂਰ ਲਓ। ਤਣਾਅ ਘੱਟ ਕਰਨ ਲਈ ਤਣਾਅ ਦੇ ਹਾਰਮੋਨਜ਼ ਘਟਾਓ ਅਤੇ ਪੇਟ ਘੱਟ ਕਰੋ। ਆਪਣਾ ਭਾਰ ਕਦੀ ਨਾ ਤੋਲੋ (ਕੱਪੜਿਆਂ ਦੇ ਸਾਈਜ਼ ਤੋਂ ਅੰਦਾਜ਼ਾ ਲਗਾਓ ਇਹ ਇਕ ਇੰਚ ਢਿੱਲੇ ਹੋਣੇ ਚਾਹੀਦੇ ਹਨ)। ਆਪਣੇ ਭੋਜਨ ਸਬੰਧੀ ਇਕ ਡਾਇਰੀ ਲਗਾਓ। ਘੱਟ ਚਰਬੀ ਵਾਲੀ ਡੇਅਰੀ ਉਤਪਾਦ ਜਿਵੇਂ ਦਹੀਂ, ਘਰੇਲੂ ਪਨੀਰ, ਡੱਬਾਬੰਦ ਦੁੱਧ ਘੱਟ ਵਰਤੋ (ਠੋਸ ਪਨੀਰ ਬਿਲਕੁਲ ਨਹੀਂ)। ਘੱਟ ਚੀਨੀ, ਘੱਟ ਚਰਬੀ ਅਤੇ ਸਿਰਫ ਹੋਲ ਵੀਟ ਦਾ ਲੇਬਲ ਦੇਖ ਕੇ ਹੀ ਵਰਤੋ।ਇਕ ਚੰਗੀ ਕੰਪਨੀ ਦੇ ਮਲਟੀ ਵਿਟਾਮਿਨ ਜਾਂ ਮਿਨਰਲ ਹੀ ਲਓ। ਸੋਇਆਬੀਨ ਉਤਪਾਦ ਅਤੇ ਫਲੀਆਂ ਖਾਓ। ਕਦੇ ਵੀ ਜਬਰੀ ਡਾਈਟਿੰਗ ਜਾਂ ਡਾਈਟਿੰਗ ਪ੍ਰੋਗਰਾਮ 'ਤੇ ਨਾ ਜਾਓ, ਇਸ ਨਾਲ ਤੁਹਾਡੇ ਮੈਟੋਬੋਲਿਜ਼ਮ ਵਿਚ ਵਿਗਾੜ ਪੈਦਾ ਹੋ ਸਕਦਾ ਹੈ। ਅਖੀਰ ਲੰਬੇ ਸਮੇਂ ਬਾਅਦ ਤੁਹਾਡੇ ਭਾਰ ਵਿਚ ਵਾਧਾ ਹੋ ਜਾਵੇਗਾ। ਆਪਣੇ ਭਾਰ ਨੂੰ ਸਥਿਰ ਰੱਖਣ ਅਤੇ ਸਰੀਰ ਨੂੰ ਫਿੱਟ ਰੱਖਣ ਲਈ ਜੀਵਨ ਤਰਜ਼ ਵਿਚ ਤਬਦੀਲੀ ਦੀ ਲੋੜ ਹੈ ਨਾ ਕਿ ਚਰਬੀ ਯੁਕਤ ਖੁਰਾਕ ਜਾਂ ਕਿਸੇ ਹੋਰ ਅਜਿਹੇ ਪ੍ਰੋਗਰਾਮ ਦੀ। ਆਪਣੇ-ਆਪ ਲਈ ਸਦਾ ਚੰਗਾ ਮਹਿਸੂਸ ਕਰੋ ਕਿ ਜਿਹੋ ਜਿਹੇ ਵੀ ਤੁਸੀਂ ਹੋ, ਵਧੀਆ ਹੋ। ਮੰਨ ਲੈਣਾ ਹੀ ਇਸ ਦੀ ਕੁੰਜੀ ਹੈ।





# .ਗ਼ਲਤੀ ਮੰਨਣ ਨਾਲ ਮਿਲਦਾ ਹੈ ਸਕੂਨ

ਅਸੀਂ ਇਕ ਆਮ ਇਨਸਾਨ ਹਾਂ, ਕੋਈ ਦੇਵੀ-ਦੇਵਤਾ ਜਾਂ ਪਰਫੈਕਸ਼ਨਿਸਟ ਨਹੀਂ ਕਿ ਅਸੀਂ ਕੁਝ ਗ਼ਲਤ ਕਰ ਹੀ ਨਹੀਂ ਸਕਦੇ। ਕਦੇ ਨਾ ਕਦੇ ਅਣਜਾਣੇ 'ਚ ਕੁਝ ਗ਼ਲਤ ਹੋ ਜਾਵੇ ਤਾਂ ਉਸ ਨੂੰ ਮੰਨਣ ਵਿਚ ਝਿਜਕ ਨਾ ਕਰੋ। ਗ਼ਲਤੀ ਮੰਨ ਕੇ ਤੁਸੀਂ ਕਿੰਨੀ ਵੱਡੀ ਮੁਸੀਬਤ 'ਚੋਂ ਉੱਭਰ ਸਕਦੇ ਹੋ ਅਤੇ ਤਣਾਅਮੁਕਤ ਰਹਿ ਸਕਦੇ ਹੋ।

ਗੱਲ ਕਰਦੇ ਹੋਏ ਸਦਾ ਇਸ ਗੱਲ ਦਾ ਧਿਆਨ ਰੱਖੋ ਕਿ ਤੁਸੀਂ ਜਿਸ ਨਾਲ ਗੱਲ ਕਰ ਰਹੇ ਹੋ, ਕਿਤੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਠੇਸ ਤਾਂ ਨਹੀਂ ਪਹੁੰਚਾ ਰਹੇ, ਕਿਤੇ ਤੁਸੀਂ ਉਨ੍ਹਾਂ ਦੀ ਇੱਜ਼ਤ ਨੂੰ ਦਰਕਿਨਾਰ ਤਾਂ ਨਹੀਂ ਕਰ ਰਹੇ। ਜੇਕਰ ਕਦੀ ਅਜਿਹਾ ਲੱਗੇ ਤਾਂ ਉਸੇ ਵੇਲੇ ਆਪਣੀ ਗ਼ਲਤੀ ਨੂੰ ਸਵੀਕਾਰ ਕਰਕੇ ਮੁਆਫੀ ਮੰਗ ਲਓ। ਇਸ ਤਰ੍ਹਾਂ ਤੁਹਾਡੇ ਵਿਚ ਦੁਰਭਾਵਨਾ ਜਨਮ ਨਹੀਂ ਲਵੇਗੀ ਅਤੇ ਗੱਲ ਅਸਾਨੀ ਨਾਲ ਆਈ-ਗਈ ਹੋ ਜਾਵੇਗੀ। ਘਰ ਵਿਚ ਕੰਮ ਕਰਦੇ ਸਮੇਂ ਜਾਂ ਦਫਤਰ ਵਿਚ ਕੰਮ ਕਰਦੇ ਸਮੇਂ ਕਦੀ-ਕਦੀ ਜਲਦੀ ਵਿਚ ਕੋਈ ਗ਼ਲਤੀ ਕਿਸੇ ਤੋਂ ਵੀ ਹੋ ਸਕਦੀ ਹੈ। ਕੋਈ ਦੂਜਾ ਜੇਕਰ ਧਿਆਨ ਦਿਵਾਏ ਤਾਂ ਉਸ ਗੱਲ ਦਾ ਬੁਰਾ ਨਾ ਮੰਨੋ, ਨਾ ਹੀ ਬਹਾਨਾ ਬਣਾਓ, ਬਲਕਿ ਸਹਿਜ ਸੁਭਾਅ ਨਾਲ ਆਪਣੀ ਗ਼ਲਤੀ ਮੰਨ ਲਓ। ਕੋਈ ਜ਼ਿੰਮੇਵਾਰੀ ਵਾਲਾ ਕੰਮ ਆਪ ਗਰੁੱਪ ਵਿਚ ਨਿਭਾਅ ਰਹੇ ਹੋ ਤਾਂ ਕਦੀ ਕੁਝ ਗ਼ਲਤ ਹੋ ਜਾਵੇ ਤਾਂ ਦੂਜਿਆਂ 'ਤੇ ਦੋਸ਼ ਨਾ ਲਗਾਓ, ਸਹਿਜ ਨਾਲ ਆਪਣੀ ਗ਼ਲਤੀ ਮੰਨ ਲਓ, ਕਿਉਂਕਿ ਸਹੀ ਕੰਮ ਦੀ ਜ਼ਿੰਮੇਵਾਰੀ ਤੁਹਾਡੀ ਸੀ। ਗ਼ਲਤੀ ਸਵੀਕਾਰਨ ਸਮੇਂ ਹਉਮੈ ਅਕਸਰ ਸਾਹਮਣੇ ਆਉਂਦੀ ਹੈ। ਹਉਮੈ ਨੂੰ ਇਕ ਪਾਸੇ ਰੱਖ ਕੇ ਗ਼ਲਤੀ ਮੰਨੋ। ਜੇਕਰ ਕਦੀ ਗ਼ਲਤੀ ਨਾਲ ਬੱਚਿਆਂ ਨੂੰ ਕੁਝ ਕਹਿ ਦਿੱਤਾ ਅਤੇ ਬਾਅਦ ਵਿਚ ਲੱਗੇ ਕਿ ਕੁਝ ਗ਼ਲਤ ਸੀ ਤਾਂ ਬੇਝਿਜਕ 'ਸੌਰੀ' ਕਹਿ ਦਿਓ। ਬੱਚੇ ਤੁਹਾਡੀ ਇੱਜ਼ਤ ਕਰਨਗੇ। ਆਪਣੇ ਤੋਂ ਛੋਟਿਆਂ ਨੂੰ 'ਸੌਰੀ' ਕਹਿਣ ਨਾਲ ਤੁਸੀਂ ਛੋਟੇ ਨਹੀਂ ਹੋਵੋਗੇ, ਬਲਕਿ ਤੁਹਾਡੀ ਇੱਜ਼ਤ ਵਧੇਗੀ।

-ਸਾਰਿਕਾ

## ਰੋਟੀ ਫਰਾਈ



**ਸਮੱਗਰੀ** : 3 ਰੋਟੀਆਂ, 1 ਚਮਚਾ ਤੇਲ ਤੜਕੇ ਲਈ, 1 ਦਰਮਿਆਨੇ ਆਕਾਰ ਦਾ ਪਿਆਜ਼, ਲੰਬਾ ਕੱਟਿਆ ਹੋਇਆ, 4 ਹਰੀਆਂ ਮਿਰਚਾਂ ਕੱਟੀਆਂ ਹੋਈਆਂ, 3-4 ਸੁੱਕਾ ਕੜੀ ਪੱਤਾ, 3 ਕੱਪ ਗੋਭੀ ਬਾਰੀਕ ਕੀਤੀ ਹੋਈ, 1 ਕੱਪ ਮਟਰ, 1 ਸ਼ਿਮਲਾ ਮਿਰਚ ਲੰਬੀ ਕੱਟੀ ਹੋਈ, ਅੱਧਾ ਚਮਚਾ ਹਰੀ ਮਿਰਚ ਚਟਣੀ, ਅੱਧਾ ਚਮਚਾ ਲਾਲ ਮਿਰਚ ਚਟਣੀ। ਕੁਝ ਧਨੀਆ ਪੱਤੇ, ਨਮਕ ਸਵਾਦ ਅਨੁਸਾਰ।

**ਵਿਧੀ** : ਰੋਟੀਆਂ ਦੇ ਛੋਟੇ ਟੁਕੜੇ ਕਰ ਲਓ। ਇਕ ਭਾਰੇ ਥਲੇ ਵਾਲੀ ਕੜਾਹੀ ਲੈ ਕੇ ਉਸ ਵਿਚ ਤੇਲ ਗਰਮ ਕਰੋ। ਇਸ ਵਿਚ ਤੜਕਾ ਸੀਡਜ਼ ਪਾਓ, ਹਰੀ ਮਿਰਚ ਅਤੇ ਕੜੀ ਪੱਤਾ ਪਾ ਕੇ ਕੁਝ ਮਿੰਟ ਲਈ ਹਿਲਾਉ। ਹੁਣ ਗੋਭੀ, ਮਟਰ ਅਤੇ ਸ਼ਿਮਲਾ ਮਿਰਚ ਪਾ ਕੇ ਸਬਜ਼ੀ ਨੂੰ ਪਕਾਓ ਤਾਂ ਜੋ ਕਰੰਚੀ ਬਣ ਜਾਵੇ। ਇਸ ਵਿਚ ਮੈਸ਼ ਕੀਤੀ ਰੋਟੀ ਪਾਓ ਅਤੇ ਪੰਜ ਮਿੰਟ ਤੱਕ ਪਕਾਓ। ਹੁਣ ਇਸ ਵਿਚ ਹਰੀ ਮਿਰਚ ਚਟਣੀ ਅਤੇ ਲਾਲ ਮਿਰਚ ਚਟਣੀ ਪਾਓ ਅਤੇ ਚੰਗੀ ਤਰ੍ਹਾਂ ਮਿਲਾਓ। ਧਨੀਆ ਪੱਤੇ ਮਿਲਾਓ। ਇਸ ਗਰਮ ਫਰਾਈ ਰੋਟੀ ਨੂੰ ਰਾਇਤੇ ਨਾਲ ਪਰੋਸੋ।

# ਤੋਹ.ਫ਼ੇ ਮਾਂ-ਬਾਪ ਦੇ ਸਾਥ ਦੀ ਕਮੀ ਪੂਰੀ ਨਹੀਂ ਕਰ ਸਕਦੇ

ਅੱਜ ਦੇ ਬੱਚੇ ਕੱਲ੍ਹ ਦਾ ਭਵਿੱਖ ਹਨ। ਜੇਕਰ ਉਨ੍ਹਾਂ ਨੂੰ ਅੱਜ ਨਾ ਸੰਭਾਲਿਆ ਗਿਆ ਤਾਂ ਉਨ੍ਹਾਂ ਦਾ ਭਵਿੱਖ ਧੁੰਦਲਾ ਨਜ਼ਰ ਆਉਣ ਲੱਗੇਗਾ। ਅੱਜ ਦੇ ਆਧੁਨਿਕ ਯੁੱਗ ਦੇ ਆਧੁਨਿਕ ਮਾਂ-ਬਾਪ ਦੇ ਵਿਚਾਰ ਵੀ ਆਧੁਨਿਕ ਹੋ ਗਏ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਬਹੁਤ ਅਨਮੋਲ ਅਤੇ ਕੀਮਤੀ ਤੋਹਫ਼ੇ ਦੇ ਕੇ ਉਹ ਆਪਣੇ ਬੱਚਿਆਂ ਦੇ ਪ੍ਰਤੀ ਆਪਣੀ ਜ਼ਿੰਮੇਵਾਰੀ ਬੜੀ ਚੰਗੀ ਤਰ੍ਹਾਂ ਨਿਭਾਅ ਰਹੇ ਹਨ ਪਰ ਇਸ ਵਿਚ ਕੋਈ ਦੋ ਰਾਏ ਨਹੀਂ ਹੈ ਕਿ ਜਿਸ ਤਰ੍ਹਾਂ ਪਤੀ ਆਪਣੀ ਪਤਨੀ ਨੂੰ ਪਿਆਰ ਕਰਨ ਦੇ ਲਈ ਨੌਕਰ ਰੱਖ ਕੇ ਨਹੀਂ ਦੇ ਸਕਦਾ, ਇਹ ਕਰਤੱਵ ਉਸ ਨੂੰ ਸਵੈ ਹੀ ਨਿਭਾਉਣਾ ਪੈਂਦਾ ਹੈ, ਇਸੇ ਤਰ੍ਹਾਂ ਮਾਂ-ਬਾਪ ਆਪਣੇ ਬੱਚਿਆਂ ਨੂੰ ਕੀਮਤੀ ਤੋਹਫ਼ੇ ਦੇ ਕੇ ਆਪਣੀ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਹੋ ਸਕਦੇ ਅਤੇ ਨਾ ਹੀ ਤੋਹਫ਼ੇ ਦੇ ਕੇ ਉਨ੍ਹਾਂ ਨੂੰ ਸੰਤੁਸ਼ਟ ਕਰ ਸਕਦੇ ਹਨ। ਬੱਚਿਆਂ ਦੇ ਬਚਪਨ ਨੂੰ ਸਮਝਾਉਣ ਅਤੇ ਸੰਵਾਰਨ ਦੇ ਲਈ ਮਾਂ-ਬਾਪ ਦਾ ਯੋਗਦਾਨ ਬੇਹੱਦ ਕੀਮਤੀ ਹੁੰਦਾ ਹੈ, ਜਿਸ ਦੀ ਪੂਰਤੀ ਤੋਹਫ਼ੇ ਨਾਲ ਨਹੀਂ ਕਰ ਸਕਦੇ।

ਕੀਮਤੀ ਤੋਹਫ਼ਿਆਂ ਦੇ ਪ੍ਰਤੀ ਬੱਚਿਆਂ ਦੀ ਪ੍ਰਤੀਕਿਰਿਆ ਵੀ ਵੱਖ-ਵੱਖ ਹੁੰਦੀ ਹੈ। ਕਈ ਭੋਲੇ-ਭਾਲੇ ਬੱਚੇ ਅਜਿਹੇ ਤੋਹਫ਼ੇ ਪਾ ਕੇ ਬਹੁਤ ਖੁਸ਼ ਹੁੰਦੇ ਹਨ ਅਤੇ ਹੌਲੀ-ਹੌਲੀ ਆਪਣੇ ਮਾਂ-ਬਾਪ ਤੋਂ ਨਜ਼ਰਾਂ ਚਰਾਉਣ ਲੱਗਦੇ ਹਨ। ਮਾਂ-ਬਾਪ ਦੁਆਰਾ ਪੂਰਾ ਸਮਾਂ ਨਾ ਮਿਲਣ 'ਤੇ ਉਹ ਆਪਣੀ ਰਾਹ ਤੋਂ ਥਿੜਕਣ ਲੱਗ ਜਾਂਦੇ ਹਨ। ਜਿਨ੍ਹਾਂ ਬੱਚਿਆਂ ਨੂੰ ਘਰ 'ਚੋਂ ਭਰਪੂਰ ਸਨੇਹ, ਪਿਆਰ ਅਤੇ ਸਹਿਯੋਗ ਨਹੀਂ ਮਿਲਦਾ, ਉਹ ਇਹ ਸਭ ਦੂਜੇ ਲੋਕਾਂ ਵਿਚੋਂ ਲੱਭਣ ਦੀ ਕੋਸ਼ਿਸ਼ ਕਰਨ ਲੱਗਦੇ ਹਨ। ਜੋ ਬੱਚੇ ਆਪਣੇ ਮਾਂ-ਬਾਪ ਦੇ ਪਿਆਰ ਤੋਂ ਵਾਂਝੇ ਰਹਿ ਜਾਂਦੇ ਹਨ, ਇਕ ਸਮਾਂ ਆਉਣ 'ਤੇ ਉਹ ਉਨ੍ਹਾਂ ਦੇ ਲਈ ਸਭ ਤੋਂ ਵੱਡੀ ਮੁਸੀਬਤ ਬਣ ਜਾਂਦੇ ਹਨ। ਇਸ ਲਈ ਅੱਜ ਛੋਟੀ ਉਮਰ ਵਿਚ ਭਟਕੇ ਹੋਏ ਬੱਚੇ ਜੁਰਮ ਦੇ ਜੂਨੀਅਰ ਬਣ ਕੇ ਸਾਹਮਣੇ ਆ ਰਹੇ ਹਨ। ਇਨ੍ਹਾਂ ਵੱਲੋਂ ਕਿਤੇ ਉਧਾਲਾ ਤਾਂ ਕਿਤੇ ਅਸ਼ਲੀਲਤਾ ਦਾ ਗੰਦਾ ਪ੍ਰਦਰਸ਼ਨ, ਕਿਤੇ ਮਾਰ-ਕੁੱਟ, ਲੁੱਟ-ਖੋਹ, ਹੱਤਿਆਵਾਂ ਤਾਂ ਕਿਤੇ ਉਤਪੀੜਨ ਦੇ ਮਾਮਲੇ ਸਾਹਮਣੇ ਆ ਰਹੇ ਹਨ। ਇਨ੍ਹਾਂ ਸਭ ਦਾ ਮੂਲ ਕਾਰਨ ਮਾਂ-ਬਾਪ ਵੀ ਬੱਚਿਆਂ ਪ੍ਰਤੀ ਆਪਣੇ-ਆਪ ਨੂੰ ਆਜ਼ਾਦ ਸਮਝਣ ਲੱਗਦੇ ਹਨ। ਉਨ੍ਹਾਂ ਨੂੰ ਸਮੇਂ-ਸਮੇਂ 'ਤੇ ਚੈੱਕ ਕਰਦੇ ਰਹਿਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਸੰਗਤ ਕਿਹੋ ਜਿਹੀ ਹੈ, ਸਕੂਲ ਵਿਚ ਉਨ੍ਹਾਂ ਦੀ ਪੜ੍ਹਾਈ ਕਿਵੇਂ ਚੱਲ ਰਹੀ ਹੈ। ਮਾਂ-ਬਾਪ ਹੋਣ ਦੇ ਨਾਤੇ ਸਾਨੂੰ ਆਪਣੇ ਬੱਚਿਆਂ ਨੂੰ ਪੂਰਾ ਸਹਿਯੋਗ ਦੇਣਾ ਚਾਹੀਦਾ ਹੈ। ਮਾਂ-ਬਾਪ ਤਾਂ ਉਸ ਬਾਗ ਦੇ ਮਾਲੀ ਹੁੰਦੇ ਹਨ, ਜਿਨ੍ਹਾਂ ਵਿਚ ਬੱਚੇ ਫੁੱਲਾਂ ਦੇ ਰੂਪ ਵਿਚ ਖਿੜਦੇ ਹਨ। ਫੁੱਲਾਂ ਨੂੰ ਸਿੰਜਣਾ, ਸੰਵਾਰਨਾ, ਸਜਾਉਣਾ ਤਾਂ ਮਾਲੀ ਦਾ ਹੀ ਕੰਮ ਹੁੰਦਾ ਹੈ। ਇਸ ਤਰ੍ਹਾਂ ਸਾਡਾ ਸਭ ਦਾ ਕਰਤੱਵ ਹੈ ਕਿ ਅਸੀਂ ਆਪਣੇ ਬੱਚਿਆਂ ਦੇ ਜੀਵਨ ਨੂੰ ਸੰਵਾਰੀਏ। ਇਹ ਸਮਾਂ ਸਾਡੇ ਜਾਗਣ ਦਾ ਹੈ। ਆਪਣੀ ਨੌਜਵਾਨ ਪੀੜ੍ਹੀ ਨੂੰ ਸੰਭਾਲਣ ਦਾ, ਉਨ੍ਹਾਂ ਨੂੰ ਆਪਣੇ ਸੱਭਿਆਚਾਰ, ਜੀਵਨ ਦੀਆਂ ਕਦਰਾਂ-ਕੀਮਤਾਂ ਅਤੇ ਆਦਰਸ਼ਾਂ ਪ੍ਰਤੀ ਜਾਗਰੂਕ ਕਰਨ ਦਾ ਹੈ। ਜੇਕਰ ਅਸੀਂ ਸਮਾਂ ਰਹਿੰਦੇ ਨਾ ਸੰਭਲੇ ਅਤੇ ਆਪਣੇ ਦੇਸ਼ ਦੀ ਨੌਜਵਾਨ ਪੀੜ੍ਹੀ ਨੂੰ ਨਾ ਸੰਭਾਲਿਆ ਤਾਂ ਭਵਿੱਖ ਇਸ ਕਰਤੱਵ ਦੀ ਅਣਦੇਖੀ ਕਰਨ ਲਈ ਸਾਨੂੰ ਮੁਆਫ ਨਹੀਂ ਕਰੇਗਾ। ਸਾਨੂੰ ਆਪਣੇ ਬੱਚਿਆਂ ਨੂੰ ਸੰਸਕ੍ਰਿਤ, ਸਦਾਚਾਰਕ ਤੇ ਸ਼ਾਲੀਨ ਬਣਾਉਣਾ ਹੋਵੇਗਾ। ਸਾਡਾ ਇਹ ਕਰਤੱਵ ਹੈ ਕਿ ਅਸੀਂ ਹੋਣਹਾਰ ਸੂਰਬੀਰ, ਚਰਿੱਤਰਵਾਨ, ਸੂਝਵਾਨ ਅਤੇ ਦੂਰਦਰਸ਼ੀ ਬੱਚੇ ਸਮਾਜ ਅਤੇ ਰਾਸ਼ਟਰ ਨੂੰ ਸਮਰਪਿਤ ਕਰੀਏ। ਇਹ ਰਾਸ਼ਟਰ ਦੇ ਪ੍ਰਤੀ ਸਾਡੀ ਸੱਚੀ ਸਾਧਨਾ ਅਤੇ ਸੇਵਾ ਹੋਵੇਗੀ।



ਵੀਨ ਅਬਰੋਲ

## ਕਰ ਲੈ ਤੂੰ ਸੇਵਾ



**ਮਲਕੀਅਤ ਸੁਹਲ'**
(ਮੋਬਾਇਲ: 98728-48610)

ਕਰ ਲੈ ਤੂੰ ਸੇਵਾ ਫਿਰ, ਮਾਂ ਨਹੀਉਂ ਲੱਭਣੀ।
ਬਾਪੂ ਦੀ ਵੀ ਸਿਰ ਉਤੇ, ਛਾਂ ਨਹੀਉਂ ਲੱਭਣੀ।

ਦਿਲ 'ਚ ਵਸਾ ਕੇ ਰਖੀਂ, ਇਨ੍ਹਾਂ ਦੇ ਪਿਆਰ ਨੂੰ।
ਤੂੰ ਠੋਕਰਾਂ ਨਾ ਮਾਰੀਂ ਕਿਤੇ, ਮਾਣ ਸਤਿਕਾਰ ਨੂੰ।
ਇਹੋ ਜਿਹੀ ਜੋਤ ਮੁੜ, ਘਰ 'ਚ ਨਹੀਂ ਜਗਣੀ;
ਕਰ ਲੈ ਤੂੰ ਸੇਵਾ ਫਿਰ, ਮਾਂ ਨਹੀਉਂ ਲੱਭਣੀ।
ਬਾਪੂ ਦੀ ਵੀ ਸਿਰ ਉਤੇ, ਛਾਂ ਨਹੀਉਂ ਲੱਭਣੀ।

ਮਾਂ ਦੀਆਂ ਲੋਰੀਆਂ ਤੂੰ, ਚੰਨਾ ਭੁੱਲ ਜਾਵੀਂ ਨਾ।
ਬਾਪ ਦੀ ਕਮਾਈ ਨੂੰ, ਮਿੱਟੀ 'ਚ ਮਿਲਾਵੀਂ ਨਾ।
ਤੂੰ ਸ਼ਗਨ ਮਨਾਵੀਂ ਸਾਰੇ, ਕਰੀਂ ਨਾ ਬੇ-ਸ਼ਗਨੀ;
ਕਰ ਲੈ ਤੂੰ ਸੇਵਾ ਫਿਰ, ਮਾਂ ਨਹੀਉਂ ਲੱਭਣੀ।
ਬਾਪੂ ਦੀ ਵੀ ਸਿਰ ਉਤੇ, ਛਾਂ ਨਹੀਉਂ ਲੱਭਣੀ।

ਸੁੱਖਾਂ ਦੀਆਂ ਲੜੀਆਂ ਜੋ, ਮਾਪਿਆਂ ਨੇਂ ਗੁੰਦੀਆਂ।
ਕਈ ਆਸਾਂ ਬੱਚਿਆਂ ਤੇ, ਰਖੀਆਂ ਨੇਂ ਹੁੰਦੀਆਂ।
ਮਾਪਿਆਂ ਦੀ ਰੀਝ ਨਾ ਤੂੰ, ਮਿੱਟੀ ਵਿਚ ਦੱਬਣੀ;
ਕਰ ਲੈ ਤੂੰ ਸੇਵਾ ਫਿਰ, ਮਾਂ ਨਹੀਉਂ ਲੱਭਣੀ।
ਬਾਪੂ ਦੀ ਵੀ ਸਿਰ ਉਤੇ, ਛਾਂ ਨਹੀਉਂ ਲੱਭਣੀ।

ਤੇਰੇ ਘਰ ਰੱਬ ਤੋਂ, ਪਿਆਰੇ ਮਾਂ-ਬਾਪ ਨੇ।
ਕਿਉਂ ਹੁਣ ਬੁਢੇ ਮਾਪੇ, ਤੇਰੇ ਲਈ ਸਰਾਪ ਨੇ।
ਕਰੋ ਮਾਪਿਆ ਦੀ ਸੇਵਾ, ਤੱਤੀ ਵਾ ਨਹੀ ਲਗਣੀ,
ਬਾਪੂ ਦੀ ਵੀ ਸਿਰ ਉਤੇ, ਛਾਂ ਨਹੀਉਂ ਲੱਭਣੀ।
ਕਰ ਲੈ ਤੂੰ ਸੇਵਾ ਫਿਰ, ਮਾਂ ਨਹੀਉਂ ਲੱਭਣੀ।

ਮਾਤਾ-ਪਿਤਾ ਨੂੰ ਕਦੇ, ਦਿਲ ਚੋਂ ਭੁੱਲਾਇਉ ਨਾ।
ਬਜ਼ੁਰਗਾਂ ਤੇ ਭੁੱਲ ਕੇ ਵੀ, ਕਹਿਰ ਕਮਾਇਉ ਨਾ।
ਮਾਪਿਆਂ ਤੋਂ ਠੰਡੀ ਸੁਹਲ ਵਾ ਨਹੀ ਵਗਣੀ,
ਵਿਹੜੇ ਵਿਚ ਬੈਠੀ ਤੈਨੂੰ, ਮਾਂ ਨਹੀਉਂ ਲੱਭਣੀ।
ਬਾਪੂ ਦੀ ਵੀ ਸਿਰ ਉਤੇ, ਛਾਂ ਨਹੀਉਂ ਲੱਭਣੀ।

## ਮੈਂ ਰੱਬ ਨਹੀਂ, ਫੁੱਟਬਾਲ ਦਾ ਨਿਮਾਣਾ ਜਿਹਾ ਖਿਡਾਰੀ ਹਾਂ: ਮਾਰਾਡੋਨਾ

**ਕੋਲਕਾਤਾ/ਬਿਊਰੋ ਨਿਊਜ਼,** ਅਰਜਨਟੀਨਾ ਦੇ ਸਾਬਕਾ ਫੁੱਟਬਾਲ ਖਿਡਾਰੀ ਡਿਏਗੋ ਮਾਰਾਡੋਨਾ ਨੇ ਕਿਹਾ ਕਿ ਮੈਂ ਇਕ ਸਾਧਾਰਨ ਫੁੱਟਬਾਲ ਖਿਡਾਰੀ ਹਾਂ ਤੇ ਇਸ ਖੇਡ ਦਾ ਭਗਵਾਨ ਨਹੀਂ ਹਾਂ। ਮਾਰਾਡੋਨਾ 3 ਦਿਨਾ ਭਾਰਤ ਦੌਰੇ 'ਤੇ ਕੱਲ੍ਹ ਕੋਲਕਾਤਾ ਪਹੁੰਚੇ ਸਨ। ਇਸ ਦਿਗਜ ਫੁੱਟਬਾਲ ਖਿਡਾਰੀ ਨੇ ਕਿਹਾ ਕਿ ਮੈਂ ਇਕ ਵਾਰ ਫਿਰ ਕੋਲਕਾਤਾ ਆ ਕੇ ਬਹੁਤ ਖੁਸ਼ ਹਾਂ। ਮਾਰਾਡੋਨਾ ਦੇ ਦੂਸਰਾ ਦੌਰਾ 'ਤੇ ਲੋਕਾਂ ਅੰਦਰ ਉਸ ਤਰ੍ਹਾਂ ਦਾ ਰੁਝਾਨ ਦੇਖਣ ਨੂੰ ਨਹੀਂ ਮਿਲਿਆ, ਜਿਸ ਤਰ੍ਹਾਂ ਉਨ੍ਹਾਂ ਦੇ ਪਹਿਲੇ ਦੌਰੇ 'ਤੇ ਦੇਖਣ ਨੂੰ ਮਿਲਿਆ ਸੀ ਪਰ ਇਸ ਦੇ ਬਾਵਜੂਦ ਦੁਪਹਿਰ 'ਚ ਉਤਰ ਕੋਲਕਾਤਾ ਕਲੱਬ 'ਚ ਚੈਰਿਟੀ ਪ੍ਰੋਗਰਾਮ ਦੌਰਾਨ ਲਗਪਗ ਇਕ ਹਜ਼ਾਰ ਦੇ ਨੇੜੇ ਲੋਕ ਉਨ੍ਹਾਂ ਨੂੰ ਦੇਖਣ ਲਈ ਪੁੱਜੇ। ਮਾਰਾਡੋਨਾ ਨੇ 11 ਕੈਂਸਰ ਪੀੜਤਾਂ ਨੂੰ 10-10 ਹਜ਼ਾਰ ਰੁਪਏ ਦੇ ਚੈੱਕ ਸਾਪੇ ਤੇ ਏ.ਸੀ. ਐਂਬੂਲੈਂਸ ਨੂੰ ਹਰੀ ਝੰਡੀ ਦਿਖਾਈ। ਮਾਰਾਡੋਨਾ ਨੇ ਇਸ ਦੌਰਾਨ ਇੱਥੇ ਆਪਣੇ ਨਾਂਅ 'ਤੇ ਬਣੇ ਪਾਰਕ 'ਚ ਆਪਣਾ 12 ਫੁੱਟ ਦੇ ਬੁੱਤ ਦਾ ਉਦਘਾਟਨ ਕੀਤਾ, ਜਿਸ ਦੇ ਹੱਥ 'ਚ 1986 ਵਿਸ਼ਵ ਕੱਪ ਦੀ ਟਰਾਫ਼ੀ ਹੈ। ਵਿਸ਼ਵ ਕੱਪ 1986 ਚੈਂਪੀਅਨ ਮਾਰਾਡੋਨਾ ਨੇ ਕਿਹਾ ਕਿ ਇੱਥੇ ਮੇਰੇ ਬੁੱਤ ਦਾ ਹੋਣਾ ਸ਼ਾਨਦਾਰ ਹੈ।

# ਗੁਰਮੇਲ ਸਿੱਧੂ: ਹਯਾਤੀ ਦੇ ਮੌਸਮ



### ਫਲਸਫ਼ਾ

ਹੋਣ ਦਾ ਤੇ ਥੀਣ ਦਾ ਹੈ
ਹੋਂਦ ਲਈ ਮੁੱਢਲਾ ਸਵਾਲ
ਆਦਮੀ ਰਖਦਾ ਹੈ ਲੇਕਿੰਨ
ਖੁਦ ਪ੍ਰਸਤੀ ਦਾ ਖਿਆਲ!

ਪਾ ਕੇ ਵਸਤਰ ਕਾਗਜ਼ਾਂ ਦੇ
ਬਾਲ ਕੇ ਬੁੱਕਲ 'ਚ ਦੀਪ
ਇਹ ਤਾਂ ਉਹ ਵੀ ਜਾਣਦੈ
ਕਿ ਕੱਟ ਨਹੀਂ ਹੋਣਾ ਸਿਆਲ!

ਝਾਂਬੜਾਂ ਦੇ ਬੁੰਬਲਾਂ 'ਤੇ
ਨਾ ਜਗਾ ਮੋਂ-ਬੱਤੀਆਂ
ਸੂਰਜਾਂ ਦੇ ਆਲਿਆਂ ਵਿਚ
ਧਰ ਨਾ ਦੀਵੇ ਬਾਲ ਬਾਲ!

ਸੀਖ਼ ਕੇ ਹੋਸ਼ਾਂ ਦਾ ਦੀਵਾ
ਧਰ ਦੇ ਮੱਥੇ ਦੀ ਦਵਾਖ਼ੀ
ਨਾ ਚੜ੍ਹ ਅਕਲਾਂ ਦੇ ਮੰਦਰ
ਫੋਕਿਆਂ ਲਫ਼ਜ਼ਾਂ ਦਾ ਥਾਲ!

ਭਟਕਣਾਂ ਦੀ ਭੀੜ ਹੈ ਤੇ
ਅਲਫ਼ ਨੰਗਾ ਹੈ ਵਜੂਦ
ਬਾਹਰ ਦੀ ਅਲਕਾਣ ਨਾਲੋਂ
ਆਪਣੇ ਅੰਦਰ ਨੂੰ ਭਾਲ!

ਅੱਖਰਾਂ ਦੀਆਂ ਤਿੱਤਲੀਆਂ ਹਨ-
ਭਾਉਂਦੀਆਂ ਸ਼ਬਦਾਂ ਦੇ ਅੰਬਰ
ਫਾਹ ਇਨ੍ਹਾਂ ਨੂੰ ਜ਼ਿੰਦਗੀ ਦੇ-
ਫ਼ਲਸਫੇ ਦਾ ਤਣ ਕੇ ਜਾਲ।

ਛੱਡ ਕੇ ਫੋਕਾ ਤਕੱਬਰ
ਕਰ ਖੁਦੀ ਨੂੰ ਐਨਾ ਬੁਲੰਦ
ਤੇਰੀ ਰਜ਼ਾ ਨੂੰ ਸਮਝਣ ਲੈਣਾ
ਰੱਬ ਲਈ ਹੋਵੇ ਮੁਹਾਲ।

ਰਿਸ਼ਤਿਆਂ ਦੇ ਮੋਹ ਅੰਦਰ
ਨਾ ਨਿੱਘ ਹੈ ਨਾ ਸੇਕ ਹੈ
ਇਨਸਾਨੀਅਤ ਦੀ ਨਸਲ ਦਾ
ਪੈ ਗਿਆ ਦੁਨੀਆ 'ਚ ਕਾਲ

### ਨਵੇਂ ਯੁੱਗ ਦੀ ਭਾਸ਼ਾ

ਬੇਟਾ!
ਸੂਰਦਾਸ ਨੂੰ
ਸੜਕ ਪਾਰ ਕਰਾਦੇ।

ਡੋਂਟ ਬੋਦਰ ਮੀ ਓਲਡ ਮੈਨ'।

ਪੁੱਤਰਾ!
ਮਨਾਖੇ ਨੂੰ
ਸੜਕ ਪਾਰ ਕਰਾਦੇ।

ਆਈ ਐਮ ਇਨ ਏ ਹਰੀ'।

ਜਿਉਣ ਜੋਗਿਆ!
ਅੱਖਾਂ ਤੋਂ ਆਤਰ
ਨੂੰ ਸੜਕ ਟਪਾਦੇ।

ਮੂਵ ਯੂ ਬਾਸਟਰਡ'।

ਕਰਮਾਂ ਵਾਲਿਆ!
ਨੇਤਰਹੀਣ ਨੂੰ
ਸੜਕੋਂ ਪਾਰ ਲੈ ਚੱਲ।
ਫੱਕ ਯੂ"।

ਪਤਾ ਨਹੀਂ,
ਕੌਣ ਬੋਲੀ ਬੋਲਦੇ ਨੇ
ਇਹ ਜਿਉਣ ਜੋਗੇ
ਕੁੱਝ ਵੀ ਪੈਂਦਾ ਨਾ ਪੱਲੇ।

ਕੋਲ ਖੜ੍ਹੇ ਮੰਗਤੇ ਨੇ ਕਿਹਾ:
"ਬਜ਼ੁਰਗਾ!
ਇਹ ਹੈ ਨਵੇਂ ਯੁੱਗ ਦੀ ਭਾਸ਼ਾ,
ਇਨ੍ਹਾਂ ਨੂੰ ਗੋਲੀ ਮਾਰ
ਆ! ਮੈਂ ਕਰਾਉਨਾ
ਤੈਨੂੰ ਸੜਕ ਪਾਰ"।

### ਸੰਗ ਸੰਗ

ਕਵਿਤਾ ਵਰਗੀ ਜਿੰਦ ਚਾਹੀ ਸੀ
ਗੀਤਾਂ ਵਰਗਾ ਜੀਵਨ
ਕੌਣ ਖੁਨਾਮੀ ਸਾਥੋਂ ਹੋ ਗਈ
ਜਿੰਦ ਮਿਲੀ ਨ ਜੀਵਨ।

ਜਿਸ ਮਿੱਟੀ ਨੇ ਤਨ ਮਨ ਜਾਇਆ
ਓਹੋ ਲੇਫ ਵਿਛੌਣਾ
ਗ਼ਮੀਆਂ ਸਾਡਾ ਓਡਣ ਪਹਿਨਣ
ਝੋਰਾ ਖਾਵਣ ਪੀਵਣ।

ਚੜ੍ਹਦੀ ਉਮਰੇ ਮੀਤ ਗੁਆਚੇ
ਸਿਖਰੀ ਉਮਰੇ ਸੰਗੀ
ਢਲਦੀ ਉਮਰੇ ਕਿੱਥੋਂ ਸਿੱਖੀਏ
ਫੁੱਲਾਂ ਵਰਗਾ ਖੀਵਣ।

ਪਾਕ ਪਵਿੱਤਰ ਔਧ ਵਿਹਾਜੇਂ,
ਮਾਂ ਨੇ ਸੀਸ ਗੁਜ਼ਾਰੀ
ਮਾਂ ਦੀ ਮਮਤਾ ਨਾਵੇਂ ਕੀਤਾ
ਅਰਪਨ ਸਗਲਾ ਜੀਵਨ।

ਸੰਗ ਸੰਗ ਮੇਰੇ ਤੁਰਦੇ ਆਏ
ਗੀਤ ਅਤੇ ਕਵਿਤਾਵਾਂ
ਲੋੜ ਪੈਣ ਤੇ ਇਹਨਾਂ ਕੋਲੋਂ
ਪੁੱਛ ਲੈਣਾ ਮੇਰਾ ਥੀਵਣ।

### ਸੁੱਚੀ ਹੋ ਗਈ

ਸਿਆਲੇ ਦੀ ਕੋਸੀ ਧੁੱਪ
ਹੁਨਾਲੇ ਦਾ ਹੁੰਮਸ
ਬਹਾਰ ਦੀ ਖੁਸ਼ਬੋ
'ਤੇ ਪਤਝੜ ਦੇ ਰੰਗ:
ਠਰਦਾ, ਤਪਦਾ, ਮਹਿਕਦਾ,
ਕਿਰਮਚੀ ਰੰਗਾਂ 'ਚ ਰੰਗਿਆ,
ਤੇਰੀ ਦਰਗਾਹ 'ਚ ਆਉਂਦਾ ਹਾਂ,
ਉਮਰ ਦੇ ਸਾਰੇ ਮੌਸਮ
ਤੇਰੇ ਚਰਨਾਂ 'ਚ ਢੇਰੀ ਕਰਕੇ,
ਸੀਸ ਕਦਮਾਂ 'ਚ ਧਰ ਕੇ।
ਡੰਡੌਤ ਕਰਦਾ ਹਾਂ।

ਤੂੰ,
ਮੇਰੇ ਚੋਂ ਸਾਰੇ ਮੌਸਮ ਕਸ਼ੀਦ ਕੇ
ਨੰਗੇ ਬਦਨ ਤੇ ਨਚੋੜ ਕੇ
ਕਹਿੰਦੀ ਏਂ:
ਮੈਂ ਸੁੱਚੀ ਹੋ ਗਈ।

### ਸੁੱਚਾ ਨੀਰ

ਨਦੀ ਦਾ ਸੁੱਚਾ ਨੀਰ
ਡੀਕ ਗਈ ਕੱਕੀ ਰੇਤ।
ਅੱਖਾਂ ਪਿਛਲਾ ਸਾਗਰ
ਮਸਾਂ ਰੋਣ ਜੋਗਾ ਸੀ,
ਤੇਰੇ ਥਲਾਂ ਤੇ ਕਿਵੇਂ ਵਰ੍ਹਦਾ!
ਮੁਆਫ ਕਰੀਂ,
ਤੈਨੂੰ ਔੜ ਬਣ ਕੇ ਮਿਲਿਆ
ਪਤਝੜ ਬਣ ਕੇ ਵਿਛੜਿਆ,
ਸ਼ਾਇਦ ਏਹੋ ਸਾਡੀ ਭਾਵੀ ਸੀ।

ਹੁਣ ਪਿਛਾਂ ਨੂੰ ਨਾ ਦੇਖ
ਸੁੱਕੀ ਨਦੀ ਦੀ ਪਿਆਸ
ਵਾਂਗ ਆ,
ਮੈਨੂੰ ਗਟ ਗਟ ਡੀਕ ਜਾ
ਸ਼ਾਇਦ ਅਸੀਂ ਦੋਵੇਂ ਸੁੱਚੇ ਹੋ ਜਾਈਏ।

### ਢਕੀ ਗਈ

ਅੰਦਰ ਕਿਣ ਮਿਣ
ਬਾਹਰੋਂ ਤਪਦਾ ਬਦਨ
ਭਾਵਾਂ ਛੱਡਦਾ ਸਰੀਰ।
ਦਿਨੇ ਨਿਕਲਾਂ, ਤਾਂ
ਧੁੱਪ 'ਚ ਨੰਗੀ ਦਿਸਾਂ,
ਰਾਤ ਨੂੰ ਵਸਤਰ ਉਤਾਰਨ
ਚਾਨਣੀ ਦੀਆਂ ਨਹੁੰਦਰਾਂ,
ਮੈਂ ਢਕੀ ਢਕਾਈ
ਅਲਫ ਨੰਗੀ ਹੋ ਜਾਵਾਂ।

ਤੂੰ ਸਹਿਬਨ,
ਮੋਹ ਦੀ ਬੁੱਕਲ 'ਚ ਲੈ ਕੇ
ਬੈਠ ਜਾਵੇਂ;
ਮਘਦਾ ਜਿਸਮ
ਤਪਦਾ ਬਦਨ,
ਪਤਾ ਹੀ ਨਹੀਂ ਲੱਗਿਆ,
ਕਦੋਂ ਤੇਰੇ 'ਚ ਜਜ਼ਬ ਹੋ ਕੇ
ਮੈਂ ਢਕੀ ਗਈ।

### ਵਿਰਸਾ: ਬੀਮਾਰੀ ਦਾ ਘਰ

ਪਿਛਲੀ ਕੋਠੜੀ ਚੋਂ
ਮਿਲਿਆ ਹੈ ਅੱਧੋਰਾਣਾ ਚਰਖਾ
ਬੁਢੀ ਹੋਈ ਮਾਲ੍ਹ
ਉੱਧੜੇ ਹੋਏ ਗਲੋਟੇ
ਜੁੜੇ ਹੋਏ ਜਲੋਟੇ
ਅੱਧ-ਕੱਤੀ ਪੂਣੀ
ਚਰਖੇ ਦੀ ਮੋਈ ਘੂਕ
ਹੱਥੇ 'ਤੇ ਪਏ ਘਾਸੇ,
ਮਾਂ ਦੇ ਅੱਟਣਾਂ ਦੇ ਨਿਸ਼ਾਨ।

ਅੱਧੋਰਾਣੇ ਸੰਦੂਕ ਚੋਂ,
ਮਿਲੀ ਹੈ ਘਿਸੀ ਪਿਟੀ
ਮਾਂ ਦੀ ਮੁੰਦੀ
ਖਰੇ ਸੋਨੇ ਦੀ,
ਉੱਤੇ ਘਿਸਿਆ ਹੋਇਆ
ਪਿਉ ਦਾ ਨਾਮ,
ਤੇ ਮਾਂ ਦੇ ਅਰਮਾਨ।

ਖੂੰਜੇ 'ਚ ਪਏ ਹਨ
ਚੁੱਲ੍ਹੇ ਚੌਂਕੇ ਦੇ ਵਰਤਨ:
ਚਕਲਾ ਬੇਲਣਾ
ਸਾਗ ਵਾਲੀ ਤੌੜੀ
ਲੱਕੜ ਦੀ ਕੜਛੀ
ਪਿੱਤਲ ਦੀ ਪਰਾਤ।
ਸੁਸਕਾਂ ਦਾ ਛਿੱਕੂ
ਬੇਹੀ ਰੋਟੀ ਦੇ ਟੁਕੜੇ,
ਤੇ ਮਮਤਾ ਦੀ ਮਹਿਕ।
ਬੱਚੇ ਪੁੱਛਦੇ ਹਨ:
"ਪਾਪਾ,
ਕਿਉਂ ਫੋਲਦੈਂ ਘੜੀ ਮੁੜੀ
ਹਨੇਰੀ ਕੋਠੜੀ"।

ਮੈਂ ਕਹਿੰਦਾਂ:
"ਆਪਣਾ ਅਤੀਤ
ਆਪਣੀ ਰੌਹਰੀਤ
ਅਪਣੀ ਵਿਰਾਸਤ
ਖੁੱਸਿਆ ਵਿਰਸਾ
ਤੇ ਮਾਂ ਦਾ ਚਿਹਰਾ!"

"ਪਾਪਾ,
ਠੀਕ ਹੈ, ਪਰ
ਨਾ ਖੋਲ੍ਹਿਆ ਕਰ
ਕੋਠੜੀ ਦਾ ਦਰ
ਅੰਦਰੋਂ ਆਉਂਦੀ ਹੈ ਬੋ
'ਤੇ ਲੋਹੜੇ ਦੀ ਗਰਦ
ਮੈਲੇ ਹੁੰਦੇ ਨੇ ਗਲੀਚੇ
ਧੂੜ ਪੈਂਦੀ ਹੈ
ਸੋਫਿਆਂ 'ਤੇ।

ਨਾ ਖੋਲ੍ਹਿਆ ਕਰ
ਕੋਠੜੀ ਦਾ ਦਰ।
ਬੀਮਾਰੀ ਦਾ ਘਰ"।

### ਭਟਕੀ ਹੋਈ ਵੇਦਨਾ

ਕਲਮ ਹੈ ਨਾ ਕਾਗਜ਼
ਨਾ ਸਿਆਹੀ ਨਾ ਦਵਾਤ,
ਡਬੋ ਕੇ ਪੋਟਿਆਂ ਨੂੰ ਖੂਨ ਵਿਚ,
ਲਿਖ ਰਿਹਾ ਹਾਂ-
ਜ਼ਿੰਦਗੀ ਦੀ ਵਾਰਦਾਤ,
ਮੇਰੇ ਤੇ ਦਾਇਰ ਹੈ
ਮੇਰਾ ਹੀ ਖ਼ੂਨ,
ਏਹੋ ਹੈ ਮੇਰੀ ਜ਼ਿੰਦਗੀ ਦਾ
ਅਲਪਤੰਮ ਮਜ਼ਮੂਨ।

ਅਧੂਰਾ ਹਾਂ,
ਬੁਰਕੇ ਹੋਏ ਸ਼ਬਦ ਵਾਂਗ।
ਬੇਅਰਥਾ ਹਾਂ,
ਬੇਅਦਬੇ ਸ਼ਬਦ ਵਾਂਗ।
ਵਕਤ ਦੀ ਸਾਜਿਸ਼ ਹਾਂ
ਹਾਲਾਤ ਦਾ ਵਲੀਦਾਨ ਹਾਂ,
ਆਪਣੀ ਖੁਦੀ ਵਿਚ, ਫੇਰ ਵੀ
ਮਘਨ ਹਾਂ ਗ਼ਲਤਾਨ ਹਾਂ।

ਮੇਰੇ ਤੇ ਹੁਣ ਦਾਇਰ ਨਹੀਂ ਹੁੰਦਾ
ਕੋਈ ਰੁਤਬਾ ਕੋਈ ਫਤਵਾ
ਨਾ ਕਿਸੇ ਸੁਕਰਾਤ ਦਾ ਸੂਤਰ
ਤੇ ਨਾ ਹੀ ਅਫ਼ਲਾਤੂਨੀ ਫ਼ਲਸਫ਼ਾ।

ਖਲਾਅ ਵਿਚ ਲਟਕੀ ਹੋਈ
ਚਪਲ ਚੇਤਨਾ ਹਾਂ,
ਭਟਕਦੀ ਹੋਈ
ਸੁੰਨੀ ਵੇਦਨਾ ਹਾਂ।

ਸੂਲੀ ਤੋਂ ਲਾਹ ਕੇ
ਮੁਕਤ ਕਰ ਦਿਉ,
ਇਹ ਇਲਜ਼ਾਮ ਵੀ
ਮੇਰੇ 'ਤੇ ਧਰ ਦਿਉ।

-ਗੁਰਮੇਲ ਸਿੱਧੂ

# ਪੰਜਾਬੀ ਸਾਹਿਤ ਸਭਾ ਦੀ ਮਿਲਣੀ ਮੌਕੇ ਕਹਾਣੀਆਂ ਤੇ ਕਵਿਤਾਵਾਂ ਪੜ੍ਹੀਆਂ



**ਸੈਕਰਾਮੈਂਟੋ/ਬਿਊਰੋ ਨਿਊਜ਼:**
ਪੰਜਾਬੀ ਸਾਹਿਤ ਸਭਾ ਯੂਬਾ ਸਿਟੀ ਸੈਕਰਾਮੈਂਟੋ ਕੈਲੀਫੋਰਨੀਆ ਦੀ ਮੀਟਿੰਗ ਲੰਘੇ ਐਤਵਾਰ ਮਾਊਨਟੇਨ ਮਾਈਕ ਪੀਜ਼ਾ ਆਬਰਨ ਸੈਕਰਾਮੈਂਟੋ ਵਿਖੇ ਹੋਈ। ਮੀਟਿੰਗ ਦੇ ਪਹਿਲੇ ਸੈਸ਼ਨ ਕਹਾਣੀ ਦਰਬਾਰ ਵਿਚ ਮਨਜੀਤ ਕੌਰ ਸੇਖੋਂ ਅਤੇ ਤਜਿੰਦਰ ਕੌਰ ਨੇ ਆਪਣੀਆਂ ਆਪਣੀਆਂ ਕਹਾਣੀਆਂ ਪੜ੍ਹੀਆਂ। ਇਕਵਿੰਦਰ ਸਿੰਘ ਢੱਟ ਨੇ ਕਹਾਣੀਆਂ ਤੇ ਆਪਣੇ ਵਿਚਾਰ ਰੱਖੇ। ਕਹਾਣੀ ਦਰਬਾਰ ਤੋਂ ਪਿੱਛੋਂ ਖਾਣੇ ਦੀ ਬਰੇਕ ਕੀਤੀ ਗਈ। ਖਾਣੇ ਦੀ ਬਰੇਕ ਤੋਂ ਬਾਅਦ ਕਵੀ ਦਰਬਾਰ ਸ਼ੁਰੂ ਹੋਇਆ ਜਿਸ ਵਿਚ ਪਰਮਿੰਦਰ ਰਾਏ ਖਾਨਖਾਨਾ, ਰਾਜ ਕੁਮਾਰ ਲੱਧੜ, ਜੀਵਨ ਰੱਤੂ, ਜਸਵੰਤ ਜੱਸੀ ਸ਼ੀਮਾਰ, ਮਨਜੀਤ ਸੇਖੋਂ, ਦਿਲ ਨਿੱਜਰ, ਹਰਬੰਸ ਜਗਿਆਸੂ, ਰਾਜ ਕੁਮਾਰ, ਮਹਿੰਦਰ ਸਿੰਘ ਘੱਗ ਅਤੇ ਇਕਵਿੰਦਰ ਸਿੰਘ ਨੇ ਅਪਣੀਆਂ ਰਚਨਾਵਾਂ ਸੁਣਾਈਆਂ। ਅੰਤ ਵਿਚ ਸਭਾ ਦੇ ਪ੍ਰਧਾਨ ਜਸਵੰਤ ਜੱਸੀ ਸ਼ੀਮਾਰ ਨੇ ਸਾਰਿਆਂ ਦਾ ਧੰਨਵਾਦ ਕੀਤਾ ਖਾਸ ਤੌਰ। ਉਨ੍ਹਾਂ ਨੇ ਇਕਵਿੰਦਰ ਸਿੰਘ ਢੱਟ ਦਾ ਜਿਹੜੇ ਇੰਡੀਆ ਤੋਂ ਆਏ ਹਨ, ਨੂੰ ਉਚੇਚਾ ਜੀ ਆਇਆਂ ਕਿਹਾ। ਸਭਾ ਦੇ ਸਕੱਤਰ ਗੋਗੀ ਸੰਧੂ ਦੀ ਗੈਰ ਮੌਜੂਦਗੀ ਵਿਚ ਸਟੇਜ ਦਾ ਸੰਚਾਲਨ ਮਨਜੀਤ ਸੇਖੋਂ ਨੇ ਕੀਤਾ।


GLOBAL CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889

## Classified

### ਵਰ ਦੀ ਲੋੜ

**ਜੱਟ ਸਿੱਖ ਧਾਮੀ ਉਮਰ 24 ਸਾਲ 5' 7" MSC B.Ed. ਲੜਕੀ ਇੰਡੀਆ ਵਿਚ ਰਹਿੰਦੀ ਲਈ ਅਮਰੀਕਾ ਜਾਂ ਕੈਨੇਡਾ ਤੋਂ ਇੰਮੀਗਰਾਂਟ ਤੇ ਯੋਗ ਲੜਕੇ ਦੀ ਲੋੜ ਹੈ ਸਾਰਾ ਪਰਿਵਾਰ ਅਮਰੀਕਾ ਸੈੱਟ ਹੈ।**

**ਹੋਰ ਜਾਣਕਾਰੀ ਲਈ ਸੰਪਰਕ ਫੋਨ ਨੰਬਰ**

**916-813-6863**

## Bride WANTED

Jat Sikh Dhillon, 24 years, 6'-3", clean-shaven, handsome, doing M. Tech. Civil Canada, seeks working, beautiful, professionally qualified, above 5'-5" girl preferably from India, US or Canada. Boy owns large urban and rural property and is the son of Class 1 Officer. Contact : 70099-51163 or 9646114506 and erdhillonpseb@gmail.com .

Jatt sikh parents seeking suitable match for their handsome son residing in India, 26 years, 6' 3" tall. Degrees in Bachelors of Business and MBA. Political family background. Farming, Property and Commission Agents Business(Aahartiya) in Ludhiana district. Parents have PR in USA. Preferred well-qualified tall beautiful girl from USA. Email - navneetbhandal@gmail.com Phone - 916-992-4538

**Office for Lease in Union City, CA**



Nice clean office

1200 to 1500 Sq feet in the business area of Union City. Best for Trucking company if extra warehouse needed.

Call at:

**510-875-3279**


## ਪੰਜਾਬੀ ਮਾਂ-ਬੋਲੀ ਦੇ ਮਸਲੇ ਤੇ ਮਾਤਮ

ਢੰਗ ਨਾਲ ਬਦਲਣ ਦਾ ਜਬਰ ਵੀ ਆਰੰਭ ਹੋ ਗਿਆ ਹੈ। ਅਸਹਿਣਸ਼ੀਲਤਾ ਦਾ ਵਕਤ ਨੂੰ ਗੂੰਗਾ ਤੇ ਗ਼ੁਲਾਮ ਕਰਨ ਦਾ ਹੌਸਲਾ ਵਧਦਾ ਜਾ ਰਿਹਾ ਹੈ। ਬੋਲਣ ਤੇ ਸੁਣਨ ਵਾਲੇ ਥੋੜ੍ਹੇ ਤੇ ਦੇਖਣ ਵਾਲੇ ਬਹੁਤੇ ਰਹਿ ਗਏ ਹਨ। ਪੰਜਾਬ, ਪੰਜਾਬੀ ਤੇ ਪੰਜਾਬੀਅਤ ਪ੍ਰਤੀ ਕੇਂਦਰ ਦੀ ਤਰਜੀਹ ਕਦੇ ਵੀ ਨੇਕ ਨਹੀਂ ਰਹੀ। ਉਸ ਦੀਆਂ ਨੀਤੀਆਂ ਤੇ ਨੀਅਤ ਹਮੇਸ਼ਾਂ ਪੰਜਾਬ ਤੇ ਪੰਜਾਬੀ ਦੀ ਸ਼ਨਾਖ਼ਤ ਤੇ ਸੀਰਤ ਨੂੰ ਮਸਲਣ ਤੇ ਮਰੋੜਨ ਦੀ ਰਹੀ ਹੈ। ਪੰਜਾਬੀਆਂ ਕੋਲ ਆਪਣੀ ਸ਼ਨਾਖ਼ਤ ਤੇ ਸਨਦ ਲਈ ਲੜਨ ਵਾਸਤੇ ਦਿਆਨਤਦਾਰੀ ਤੇ ਦੂਰਦ੍ਰਿਸ਼ਟ ਅਗਵਾਈ ਦੀ ਘਾਟ ਹੈ। ਵੱਖ ਵੱਖ ਧਿਰਾਂ ਦੇ ਨੇਤਾ ਲੋਕ ਆਪਣੇ ਆਪਣੇ ਹਿੱਤਾਂ ਲਈ ਵਿਕਦੇ ਤੇ ਵਿਚਲਿਤ ਹੁੰਦੇ ਆਏ ਹਨ। ਇਨ੍ਹਾਂ ਦਾ ਢਿੱਡ ਭਰਨ ਵਿੱਚ ਨਹੀਂ ਆਉਂਦਾ। ਮੂਰਤਾਂ ਤੇ ਸੂਰਤਾਂ ਲਈ ਰੀਝਣ ਤੇ ਪਸੀਜਣ ਵਾਲੇ ਲੋਕਾਂ ਕੋਲ ਆਵਾਮ ਦੇ ਹੱਕਾਂ ਲਈ ਲੜਨ ਵਾਸਤੇ ਬਹਾਦਰੀ ਤੇ ਬੁਲੰਦੀ ਖ਼ਤਮ ਹੋ ਜਾਂਦੀ ਹੈ। ਦੇਹ ਤੇ ਦਿਖਾਵਟ ਦੇ ਪੱਖ ਤੋਂ ਹੋਇਆ ਵਾਧਾ ਤੇ ਵਿਕਾਸ ਦਿਲ ਪਰਚਾਉਣ ਲਈ ਕਾਫ਼ੀ ਹੁੰਦਾ ਹੈ।

ਪੰਜਾਬ ਦਾ ਪ੍ਰਸ਼ਾਸਕੀ ਲਾਣਾ ਸੁਹਿਰਦ ਤੇ ਸੁਪਨਸ਼ੀਲ ਨਹੀਂ। ਕੁਰਸੀਆਂ 'ਚ ਚਿਣੀ ਹੋਈ ਇਸ ਤਾਕਤਵਰ ਤੇ ਤਾਨਾਸ਼ਾਹ ਜਮਾਤ ਨੇ ਫਾਈਲ-ਵਰਕ ਦਾ ਡਸਟਬਿਨ ਖ਼ਜ਼ਾਨਾ ਵਧਾਉਣ ਦਾ ਮੁਹਾਰਤੀ ਕਿੱਤਾ ਸੰਭਾਲਿਆ ਹੋਇਆ ਹੈ। ਜ਼ਾਤਾਂ ਦੇ ਧੜਿਆਂ 'ਚ ਵੰਡੀਆਂ ਹੋਈਆਂ ਵੱਡੀਆਂ ਕੁਰਸੀਆਂ ਫਾਈਲਾਂ ਨੂੰ ਵੀ ਪੰਜਾਬੀ ਨਹੀਂ ਹੋਣ ਦਿੰਦੀਆਂ। ਪੰਜਾਬੀ ਹੋਣਾ ਮਹਿਜ਼ ਨਾਅਰਾ ਤੇ ਨਾਮ ਬਣ ਗਿਆ ਹੈ। ਆਪਣੀਆਂ ਗੱਦੀਆਂ ਨੂੰ ਸੁਰੱਖਿਅਤ ਰੱਖਣ ਤੇ ਆਪਣੇ ਢਿੱਡਾਂ ਨੂੰ ਭਰਨ ਦੇ ਲਾਲਚ ਤੇ ਲੋੜਾਂ ਹਿੱਤ ਸੱਤਾਧਾਰੀ ਲੋਕਾਂ ਤੇ ਪ੍ਰਸ਼ਾਸਕੀ ਕੁਰਸੀਆਂ ਨੇ ਆਪਸ ਵਿੱਚ ਮਤਲਬੀ ਤੇ ਮੌਕਾਪ੍ਰਸਤ ਸਾਂਝ ਤੇ ਭਾਈਵਾਲੀ ਪਾਈ ਹੋਈ ਹੈ। ਪੰਜਾਬ ਦੇ ਤਮਾਮ ਮਸਲਿਆਂ ਨੂੰ ਅੰਕੜਿਆਂ ਤੇ ਦਾਅਵਿਆਂ ਦੇ ਅੱਖੀਂ ਘੱਟਾ ਪਾਊ ਮੁਹਾਜ਼ ਵਿੱਚ ਤਬਦੀਲ ਕੀਤਾ ਜਾ ਰਿਹਾ ਹੈ। ਦੋਹਾਂ ਧਿਰਾਂ ਦਾ ਸਵੈ-ਸਾਂਝਾ ਤੇ ਸੁਚੇਤ ਮੁਹਾਜ਼ ਨਿੱਜੀ ਪ੍ਰਭੂਸਤਾ ਦਾ ਹਮਾਇਤੀ ਹੈ। ਨਿੱਜੀ ਪ੍ਰਭੂਸਤਾ ਨੇ ਪਾਠਾਂ, ਪਾਠਸ਼ਾਲਾਵਾਂ ਤੇ ਪਾਪਾਂ ਨੂੰ ਲੋਟੂ ਵਪਾਰ-ਘਰਾਂ ਦਾ ਰੂਪ ਦੇ ਦਿੱਤਾ ਹੈ। ਵਪਾਰੀਆਂ ਦੇ ਢਿੱਡ ਨੇਕੀਆਂ, ਨੇਕਨੀਅਤਾਂ ਤੇ ਨੇਕਕਰਮਾਂ ਨਾਲ ਨਹੀਂ ਭਰਦੇ। ਅਜਿਹੇ ਤ੍ਰਾਸਦਿਕ ਤੇ ਤਿਲਕਵੇਂ ਸਮਿਆਂ ਵਿੱਚ ਮਾਂ-ਬੋਲੀ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨੀ ਸ਼ੁਭ ਸ਼ਗਨ ਤੇ ਸੁਨੇਹਾ ਹੈ। ਸਾਨੂੰ ਪਰ ਥੋੜ੍ਹੇ-ਥੋੜ੍ਹੇ ਦੁੱਧ ਧੋਤੇ ਹੋਣ ਦੀ ਲੋੜ ਹੈ। ਫੋਕੇ ਦਾਅਵਿਆਂ ਤੇ ਦਿਖਾਵਿਆਂ ਦੇ ਫੋਟੋ-ਸ਼ੋਆਂ ਨਾਲ ਦੁਕਾਨਾਂ ਤਾਂ ਚੱਲਦੀਆਂ ਰਹਿਣਗੀਆਂ, ਪਰ ਪੰਜਾਬੀ ਬੋਲੀ ਦਾ ਕੁਝ ਸੰਵਰਨਾ ਨਹੀਂ। ਪ੍ਰਮਾਣਿਕ ਤੇ ਪਾਕ ਕਾਰਜਾਂ ਨਾਲ ਪੰਜਾਬੀ ਬੋਲੀ ਦਾ ਰੁਤਬਾ ਤੇ ਰੋਅਬ ਉੱਚਾ ਕਰਨ ਦੀ ਲੋੜ ਹੈ। ਚੰਗੀਆਂ ਤੇ ਮਿਆਰੀ ਕਿਤਾਬਾਂ, ਫ਼ਿਲਮਾਂ, ਨਾਟਕਾਂ ਤੇ ਪੇਸ਼ਕਾਰੀਆਂ ਦੀ ਘਾਟ ਰੜਕਦੀ ਹੈ। ਅਸ਼ਲੀਲ ਗੀਤਾਂ ਦੇ ਬਹਾਨੇ ਪੰਜਾਬੀ ਬੋਲੀ ਨਾਲ ਹੋ ਰਿਹਾ ਖ਼ੇਹ ਖਿਲਵਾੜ ਕਿੰਨਾ ਕੁ ਚਿਰ ਬਰਦਾਸ਼ਤ ਕਰੀ ਜਾਵਾਂਗੇ। ਚੈਨਲਾਂ ਉਪਰ ਵੱਖ ਵੱਖ ਪ੍ਰੋਗਰਾਮ ਪੇਸ਼ ਕਰ ਰਹੇ ਐਂਕਰ ਗ਼ਲਤ ਉਚਾਰਣ ਤੇ ਪੁੱਠੀਆਂ ਸਿੱਧੀਆਂ ਹਰਕਤਾਂ ਨਾਲ ਪੰਜਾਬੀ ਬੋਲੀ ਦੀ ਨਾਕਾਰਾਤਮਕ ਸੇਵਾ ਕਰ ਰਹੇ ਹਨ। ਪੈਸੇ ਵੱਟੇ ਤਨ ਤੇ ਤਹਿਰੀਕਾਂ ਵੇਚਣ ਲਈ ਪੰਜਾਬੀ ਸਭ ਤੋਂ ਮੋਹਰੀ ਹਨ। ਪੰਜਾਬੀ ਬੋਲੀ ਨੂੰ ਤਰਜੀਹ ਤੇ ਤਾਕਤ ਮਿਲਣੀ ਚਾਹੀਦੀ ਹੈ। ਪੰਜਾਬੀ ਠੀਕ ਬੋਲਣ ਤੇ ਲਿਖਣ ਦੀ ਜਾਚ ਸਾਨੂੰ ਕੌਣ ਸਿਖਾਵੇਗਾ? ਵਿੰਗੇ-ਟੇਢੇ ਮੂੰਹ ਬਣਾ ਕੇ ਪੰਜਾਬੀ ਬੋਲਣ ਵਾਲੀਆਂ ਸਾਡੀਆਂ ਧੀਆਂ ਡਾਢੀਆਂ ਅਸੱਭਿਅਕ ਲੱਗਦੀਆਂ ਹਨ। ਰੋਟੀ ਲਈ ਕੀਤੇ ਜਾ ਰਹੇ ਨਾਚ ਪੰਜਾਬ ਲਈ ਵੱਡੀ ਚੁਣੌਤੀ ਬਣੇ ਹੋਏ ਹਨ। ਸ਼ਰਮ, ਸ਼ਾਇਸਤਗੀ ਤੇ ਸ਼ਰਾਫ਼ਤ ਸਾਡੀਆਂ ਗੁੜ੍ਹਤੀਆਂ ਵਿੱਚੋਂ ਲੋਪ ਹੋ ਗਈ ਹੈ। ਰੋਟੀ ਖਾਤਰ ਲਿਫਣ ਤੇ ਲਿਬੜਨ ਨਾਲੋਂ ਸੰਘਰਸ਼ ਤੇ ਸਾਦਗੀ ਕਿਤੇ ਚੰਗੀ ਹੈ।

ਅਜਿਹੇ ਉਦਾਸ ਸਮਿਆਂ ਵਿੱਚ ਹਾਅ ਦਾ ਨਾਅਰਾ ਮਾਰਨ ਵਾਲਾ ਹਰ ਸ਼ਖ਼ਸ ਤੇ ਸੰਸਥਾ ਵਧਾਈ ਦੀ ਪਾਤਰ ਹੈ। ਅੱਖਰ ਬੀਜਣੇ ਤੇ ਸੁਪਨੇ ਉਗਾਉਣੇ ਪੁੰਨ ਦਾ ਕਾਰਜ ਹਨ। ਅਜਿਹੇ ਕਾਰਜਾਂ ਲਈ ਸੁਭਾਵਿਕ ਤੇ ਸੁਖਾਵੇਂ ਮਾਹੌਲ ਲਈ ਯਤਨ ਕਰਨੇ ਚਾਹੀਦੇ ਹਨ। ਚੰਗੇ ਅਧਿਆਪਕ ਤੇ ਚੰਗੇ ਮਾਪੇ ਹੀ ਮਾਂ-ਬੋਲੀ ਦੀ ਰਾਖੀ ਤੇ ਰੂਹ ਦੇ ਮੁੱਲਵਾਨ ਤੇ ਮੋਢੀ ਪਹਿਰੇਦਾਰ ਹਨ। ਬੱਚਿਆਂ ਨੂੰ ਪਦਾਰਥਾਂ ਦੀ ਥਾਂ ਅੱਖਰਾਂ ਲਈ ਉਤੇਜਿਤ ਕਰਨਾ ਸਾਡੀ ਪਹਿਲੀ ਪਹਿਲ ਹੋਣੀ ਚਾਹੀਦੀ ਹੈ:

***ਆਓ ਬੀਜੀਏ ਘਰ-ਘਰ ਅੰਦਰ ਮਾਂ ਅੱਖਰਾਂ ਦੀ ਦਾਬਾਂ***
***ਅੱਖਰਾਂ ਦੀ ਕੁੱਖ ਵਿੱਚੋਂ ਉੱਗਦੇ ਵੇਦ ਗ੍ਰੰਥ, ਕਿਤਾਬਾਂ।***

## ਪੰਜਾਬ ਸਰਕਾਰ ਵਲੋਂ ਜ਼ਮੀਨਾਂ ਦੀ ਨਿਸ਼ਾਨਦੇਹੀ ਲਈ ਸਰਕਾਰੀ ਫੀਸ 'ਚ ਕੀਤੇ ਵਾਧੇ ਦਾ ਆਮ ਆਦਮੀ ਪਾਰਟੀ ਵਲੋਂ ਵਿਰੋਧ

ਆਪ' ਦੇ ਆਗੂਆਂ ਨੇ ਕਿਹਾ ਕਿ ਤਾਜਾ ਮੀਡੀਆ ਰਿਪੋਰਟਾਂ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਚੋਣਾਂ ਤੋਂ ਪਹਿਲਾਂ ਸਮੁੱਚੇ ਕਿਸਾਨੀ ਕਰਜ਼ਿਆਂ ਨੂੰ ਮਾਫ ਕਰਨ ਦਾ ਵਾਅਦਾ ਕਰਨ ਵਾਲੇ ਕੈਪਟਨ ਅਮਰਿੰਦਰ ਸਿੰਘ ਛੋਟੇ ਕਿਸਾਨਾਂ ਦਾ 2 ਲੱਖ ਰੁਪਏ ਤੱਕ ਦਾ ਕਰਜ਼ਾ ਮਾਫ ਕਰਨ ਤੋਂ ਵੀ ਮੁੱਕਰ ਚੁੱਕੀ ਹੈ। ਕਿਸਾਨਾਂ ਅਤੇ ਖੇਤ ਮਜਦੂਰਾਂ ਨਾਲ ਕਦਮ-ਕਦਮ 'ਤੇ ਧੋਖਾ ਕਰਨ ਵਾਲੀ ਕੈਪਟਨ ਸਰਕਾਰ ਕਿਸਾਨਾਂ ਨੂੰ ਬਿਲਕੁਲ ਨਿਚੋੜਨ 'ਤੇ ਉਤਰ ਆਈ ਹੈ। ਆਪ' ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਮਾਲ ਅਤੇ ਪੁਨਰਵਾਸ ਵਿਭਾਗ ਵਲੋਂ ਜਾਰੀ ਜਜ਼ੀਆ ਫੁਰਮਾਨ ਅਨੁਸਾਰ 5 ਏਕੜ ਤੋਂ ਘੱਟ ਮਾਲਕੀ ਵਾਲੇ ਮਾਲਕਾਂ ਕੋਲੋਂ ਪ੍ਰਤੀ ਏਕੜ 500 ਰੁਪਏ ਫੀਸ ਵਸੂਲੀ ਜਾਵੇਗੀ, ਜਦਕਿ ਛੋਟੇ ਕਿਸਾਨਾਂ ਕੋਲ ਅੱਜ 100 ਰੁਪਏ ਦਾ ਵਾਧੂ ਵਿੱਤੀ ਭਾਰ ਝੱਲਣ ਦੀ ਗੁੰਜਾਇਸ਼ 'ਚ ਨਹੀਂ ਹਨ। ਪਰ ਕੈਪਟਨ ਅਮਰਿੰਦਰ ਸਿੰਘ ਸਰਕਾਰ ਦੀ ਗਰੀਬੀ ਅਤੇ ਭਾਰੀ ਕਰਜ਼ਿਆਂ ਥੱਲ੍ਹੇ ਪਿਸ ਰਹੇ ਕਿਸਾਨਾਂ ਨਾਲ ਕੋਈ ਹਮਦਰਦੀ ਨਹੀਂ। ਨਿਸ਼ਾਨਦੇਹੀ ਲਈ ਤਾਜ਼ਾ ਜਜ਼ੀਆ ਵਸੂਲੀ ਫਰਮਾਨ ਇਸ ਗੱਲ ਦੀ ਗਵਾਹੀ ਭਰਦਾ ਹੈ।

## ਆਧਾਰ ਕਾਰਡ ਨਾਲ ਲਾਜ਼ਮੀ ਜੁੜਣ ਦੀ ਮਿਆਦ 31 ਮਾਰਚ ਤੱਕ ਵਧੇਗੀ

ਯੋਜਨਾ ਦਾ ਵਿਰੋਧ ਕਰਨ ਵਾਲਿਆਂ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਸ਼ਿਆਮ ਦੀਵਾਨ ਦੀ ਦਲੀਲ ਦਾ ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਨੇ ਜ਼ੋਰਦਾਰ ਢੰਗ ਨਾਲ ਵਿਰੋਧ ਕੀਤਾ। ਸ੍ਰੀ ਵੇਣੂਗੋਪਾਲ ਨੇ ਕਿਹਾ, "ਆਧਾਰ ਯੋਜਨਾ 'ਤੇ ਰੋਕ ਨਹੀਂ ਲਾਈ ਜਾ ਸਕਦੀ ਜੋ ਵਰ੍ਹਿਆਂ ਤੋਂ ਚਲਦੀ ਆ ਰਹੀ ਹੈ। ਮੌਜੂਦਾ 31 ਦਸੰਬਰ ਦੀ ਮਿਆਦ ਨੂੰ ਅੱਗੇ ਵਧਾਇਆ ਜਾ ਸਕਦਾ ਹੈ ਅਤੇ ਇਸ ਬਾਬਤ ਕੱਲ ਨੋਟੀਫਿਕੇਸ਼ਨ ਜਾਰੀ ਹੋ ਸਕਦਾ ਹੈ।" ਉਨ੍ਹਾਂ ਕਿਹਾ ਕਿ ਉਹ ਕੇਸ 'ਤੇ ਬਹਿਸ ਕਰਨ ਲਈ ਤਿਆਰ ਹਨ ਅਤੇ ਅਜਿਹੇ ਅਹਿਮ ਮਾਮਲੇ 'ਤੇ ਕੋਈ ਅੰਤਰਿਮ ਰਾਹਤ ਨਹੀਂ ਦਿੱਤੀ ਜਾਣੀ ਚਾਹੀਦੀ।

## ਸਾਕਾ ਸਰਹੰਦ

ਭੈਣੋਂ ਅੱਜ ਸ਼ੀਸ਼ੇ ਅੱਗੇ ਖੜੇ ਹੋ ਕੇ ਆਪਣੀਆਂ ਸ਼ਕਲਾਂ ਦੇਖੋ ਕਿ ਤੁਸੀਂ ਵਾਕੇਈ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫ਼ਤਹਿ ਸਿੰਘ ਦੇ ਵੀਰ ਅਤੇ ਭੈਣਾਂ ਅਖਵਾਉਣ ਦੇ ਹੱਕਦਾਰ ਹੋ ? ਅੱਜ ਤੁਸੀ ਆਪਣੇ ਕੇਸ-ਦਾੜ੍ਹੀਆਂ ਕਤਲ ਅਤੇ ਰੋਮਾਂ ਦੀ ਬੇਅਦਬੀ ਕਰ ਕੇ, ਅਤੇ ਨਸ਼ਿਆਂ ਦੇ ਵਿੱਚ ਗਲਤਾਨ ਹੋ ਕੇ ਆਪਣੇ ਅਮੀਰ ਵਿਰਸੇ ਤੋਂ ਦੂਰ ਹੁੰਦੇ ਜਾ ਰਹੇ ਹੋ। ਇੰਨੇ ਅਮੀਰ ਵਿਰਸੇ ਦੀ ਮਾਲਿਕ ਸਿੱਖੀ ਅੱਜ ਗਰੀਬ ਕਿਉਂ ਹੁੰਦੀ ਜਾ ਰਹੀ ਹੈ ? ਜਾਗ ਨੌਜਵਾਨ ਜਾਗ ਸਾਡੇ ਸਿਰ ਤੇ ਉਹਨਾਂ ਮਹਾਨ ਸ਼ਹੀਦਾਂ ਦਾ ਕਰਜ਼ ਹੈ –

ਉਹਮਰੈ ਮਸਤਕਿ ਦਾਗੁ ਦਗਾਨਾ, ਹਮ ਕਰਜ ਗੁਰੂ ਬਹੁ ਸਾਢੇ ।।" (ਪੰਨਾ-171)

ਆਜਾ ਵਾਪਿਸ ਅਤੇ ਮੁੜ ਸਾਬਤ ਸੂਰਤ ਅਤੇ ਸਿਰ ਸੋਹਣੀ ਦਸਤਾਰ ਸਜਾ ਕੇ ਸਿੱਖ ਹੋਣ ਤੇ ਮਾਣ ਕਰ । ਅਤੇ ਸਾਹਿਬਜ਼ਾਦਿਆਂ ਦੇ ਵੀਰ ਕਹਾਉਣ ਦਾ ਹੱਕ ਹਾਸਿਲ ਕਰੀਏ । ਆਉ ! ਸ਼ਾਹਿਬਜ਼ਾਦਿਆਂ ਦੀ ਸਿੱਖਿਆ ਨੂੰ ਹਿਰਦੇ ਵਿੱਚ ਵਸਾਈਏ ਕਿਉਂਕਿ ਉਹ ਕੌਮਾਂ ਹਮੇਸ਼ਾਂ ਜਿਊਂਦੀਆਂ ਰਹਿੰਦੀਆਂ ਹਨ ਜਿੰਨਾਂ ਦੇ ਪੈਰੋਕਾਰ ਧਰਮ ਲਈ ਕੁਰਬਾਨੀਆਂ ਕਰ ਜਾਂਦੇ ਹਨ:

ਅਮਰ ਰਹਿੰਦੀਆਂ ਜਗ ਤੇ ਉਹ ਕੌਮਾਂ, ਵੀਰ ਜਿੰਨ੍ਹਾਂ ਦੇ ਘਾਲਣਾ ਘਾਲਦੇ ਨੇ।

## 'ਵੰਦੇ ਮਾਤਰਮ' ਦਾ ਅਸਲੀ ਸੱਚ ਤੇ ਸਾਰ-ਅੰਸ਼

ਸੀਮਤ ਰੱਖਿਆ ਸੀ। 1906 ਵਿਚ ਪੈਥਾਫੋਨ ਨਾਮੀ ਗ੍ਰਾਮੋਫੋਨ ਕੰਪਨੀ ਨੇ 'ਵੰਦੇ ਮਾਤਰਮ 'ਦਾ ਰਿਕਾਰਡ ਕੱਢਿਆ , ਜਿਸ 'ਤੇ ਸਰਕਾਰ ਨੇ ਪਾਬੰਦੀ ਲਗਾ ਦਿੱਤੀ। 1906 ਵਿਚ ਹੀ ਰਾਵਿੰਦਰ ਨਾਥ ਟੈਗੋਰ ਦੇ ਭਤੀਜੇ ਅਵਨੇਂਦਰ ਨਾਥ ਟੈਗੋਰ ਵਲੋਂ ਭਾਰਤ ਮਾਤਾ ਦਾ ਚਿਤਰ ਬਣਾਇਆ ਗਿਆ, ਜਿਸ ਦੇ ਵੱਖ-ਵੱਖ ਹੱਥਾਂ ਵਿਚ ਖਾਣ ਪੀਣ ਵਾਲੀਆਂ ਚੀਜਾਂ ਦਿਖਾਈਆਂ ਗਈਆਂ ਸਨ। ਬਾਅਦ ਵਿਚ ਕਿਸੇ ਨੇ ਇਸ ਦੇ ਇਕ ਹੱਥ ਵਿਚ ਤਲਵਾਰ ਵੀ ਫੜਾਅ ਦਿੱਤੀ ਸੀ । ਬੁੱਤ ਪੂਜ ਬੰਗਾਲੀ ਭਾਈਚਾਰੇ ਨੇ ਦੁਰਗਾ ਮਾਤਾ ਨੂੰ ਭਾਰਤ ਮਾਤਾ ਦੇ ਰੂਪ ਵਿਚ ਪ੍ਰਵਰਤਿਤ ਕਰ ਲਿਆ ਸੀ। ਉਦੋਂ ਤੋਂ ਹੀ 'ਵੰਦੇ ਮਾਤਰਮ' ਅਤੇ 'ਭਾਰਤ ਮਾਤਾ' ਦਾ ਸੰਕਲਪ ਇੱਕ ਦੂਜੇ ਨਾਲ ਅੰਤਰ ਸਬੰਧਿਤ ਹੋ ਗਏ ਹਨ। ਵੱਖ-ਵੱਖ ਭਾਸ਼ਾਵਾਂ 'ਚ ਅਨੁਵਾਦ ਹੋਣ ਕਰਕੇ 1920 ਤੱਕ 'ਵੰਦੇ ਮਾਤਰਮ' ਰਾਸ਼ਟਰੀ ਗੀਤ ਵਜੋਂ ਸਥਾਪਤ ਹੋ ਗਿਆ ਸੀ। ਪੰਜਾਬੀ ਵਿਚ ਇਸ ਦਾ ਅਨੁਵਾਦ ਮੁਨਸ਼ਾ ਸਿੰਘ ਦੁਖੀ ਨੇ ਕੀਤਾ ਸੀ ਜੋ 1927 ਦੇ 'ਫੁਲਵਾੜੀ' ਵਿਚ ਛਪਿਆ। ਦੁਖੀ ਨੇ ਹੀ 'ਅਨੰਦ ਮੱਠ' ਦਾ ਅਨੁਵਾਦ ਕੀਤਾ ਸੀ ਜੋ 'ਦੇਸ਼ ਭਗਤੀ ' ਦੇ ਅਨੁਵਾਨ ਤਹਿਤ ਛਪਿਆ ਸੀ।

ਪਰ ਸ਼ੁਰੂ ਤੋਂ ਹੀ 'ਵੰਦੇ ਮਾਤਰਮ' ਦਾ ਨਾਅਰਾ ਮੁਸਲਮਾਨਾਂ ਤੇ ਹਿੰਦੂ ਰਾਸ਼ਟਰਵਾਦੀਆਂ ਦਰਮਿਆਨ ਟਕਰਾਉ ਦਾ ਕਾਰਨ ਬਣ ਗਿਆ ਸੀ। 1906 ਵਿਚ ਪੂਰਬੀ ਬੰਗਾਲ ਦੇ ਬਾਰੀਸਾਲ ਜ਼ਿਲੇ ਵਿਚ ਉਸ ਵਕਤ ਝੜਪਾ ਹੋਈਆਂ ਜਦ ਕੁਛ ਹਿੰਦੂਆਂ ਨੇ ਮਸਜਿਦ ਅੱਗੇ ਖੜ ਕੇ 'ਵੰਦੇ ਮਾਤਰਮ' ਦੇ ਨਾਅਰੇ ਲਗਾਏ। ਜਦ 1907 ਵਿਚ ਕਾਂਗਰਸ ਨੇ ਅੰਗਰੇਜਾਂ ਵਿਰੁਧ ਬਾਈਕਾਟ ਅੰਦੋਲਨ ਚਲਾਇਆ ਤਾਂ ਮੁਸਲਮਾਨਾਂ ਨੇ ਇਸ ਵਿਚ ਭਾਗ ਨਾ ਲਿਆ। 30 ਦਸੰਬਰ 1908 ਨੂੰ ਜਦ ਅੰਮ੍ਰਿਤਸਰ ਵਿਚ ਆਲ ਇੰਡੀਆ ਮੁਸਲਮ ਲੀਗ ਦਾ ਸਮਾਗਮ ਹੋਇਆ ਤਾਂ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਸਈਅਦ ਅਲੀ ਇਮਾਮ ਨੇ ਰਾਖੀ ਬੰਧਨ ਅਤੇ 'ਵੰਦੇ ਮਾਤਰਮ' ਨੂੰ ਹਿੰਦੂ ਰਾਸ਼ਟਰਵਾਦ ਦੇ ਚਿੰਨ ਦੱਸਿਆ। ਇੱਕੋ ਰੱਬ ਨੂੰ ਮੰਨਣ ਵਾਲੇ ਮੁਸਲਮਾਨਾਂ ਨੂੰ ਇਸ ਗੀਤ ਵਿਚਲੀ ਬੁੱਤ ਪਰੱਸਤੀ ਪ੍ਰਵਾਨ ਨਹੀਂ ਸੀ। ਭਾਰਤੀ ਕਮਿਉਨਿਸਟ ਪਾਰਟੀ ਦੇ ਸੰਸਥਾਪਕਾਂ 'ਚੋਂ ਇੱਕ ਕਾਮਰੇਡ ਮੁਜੱਫਰ ਅਹਿਮਦ ਨੇ ਆਪਣੀ ਆਤਮ ਕਥਾ 'ਚ ਲਿਖਿਆ ਹੈ ਕਿ "ਅਨੰਦ ਮੱਠ ਸ਼ੁਰੂ ਤੋਂ ਅੰਤ ਤੱਕ ਫਿਰਕੂ ਦਵੈਸ਼ ਨਾਲ ਭਰਿਆ ਹੋਈਆ ਹੈ। ਇੱਕ ਮੁਸਲਮਾਨ ਲੜਕਾ ਜੋ ਪਾਲਣ ਪੋਸ਼ਣ ਦੀ ਵਜਾ ਕਾਰਨ ਇੱਕ ਈਸ਼ਵਰਵਾਦੀ ਹੁੰਦਾ ਹੈ ਨੂੰ 'ਵੰਦੇ ਮਾਤਰਮ' ਪ੍ਰਵਾਨ ਨਹੀਂ ਹੋ ਸਕਦਾ।" ਮੁਹੰਮਦ ਅਲੀ ਜਿਨਾਹ ਅਤੇ ਹੋਰ ਮੁਸਲਮ ਆਗੂਆਂ ਨੇ ਵੀ ਇਸ ਨਾਅਰੇ ਦਾ ਵਿਰੋਧ ਜਾਰੀ ਰੱਖਿਆ ਸੀ। 1937 ਵਿਚ ਜਦ ਮੱਧ ਪ੍ਰਦੇਸ ਵਿਚ ਕਾਂਗਰਸ ਦੀ ਸਰਕਾਰ ਬਣੀ ਤਾਂ ਉਸ ਨੇ 'ਵਿਦਿਆ ਮੰਦਰ' ਦੇ ਨਾਂਅ 'ਤੇ ਜੋ ਸਕੂਲ ਖੋਲੇ ਉਹਨਾਂ ਵਿਚ 'ਵੰਦੇ ਮਾਤਰਮ' ਗੀਤ ਗਾਉਣ ਨੂੰ ਪ੍ਰਤਸਾਹਿਤ ਕੀਤਾ ਗਿਆ ਪਰ ਜਿਨਾਹ ਨੇ ਇਸ ਦਾ ਕਰੜਾ ਵਿਰੋਧ ਕੀਤਾ। ਜਿਸ ਦੇ ਸਿੱਟੇ ਵਜੋਂ ਕਾਂਗਰਸ ਨੇ 1937 ਵਿਚ ਜਵਾਹਰ ਲਾਲ ਨਹਿਰੂ ਦੀ ਅਗਵਾਈ ਹੇਠ ਇਕ ਕਮੇਟੀ ਦਾ ਗਠਨ ਕੀਤਾ, ਤਾਂ ਕਮੇਟੀ ਨੇ ਇਸ ਗੀਤ ਦੇ ਬੁੱਤ ਪਰਸਤੀ ਵਾਲੇ ਹਿੱਸੇ ਛਾਂਟ ਕੇ ਸੰਪਾਦਤ ਹਿੱਸੇ ਨੂੰ ਰਾਸ਼ਟਰੀ ਗੀਤ ਦੇ ਤੌਰ 'ਤੇ ਪ੍ਰਵਾਨ ਕਰ ਲਿਆ। ਨਹਿਰੂ ਨੇ 20 ਅਕਤੂਬਰ 1937 ਨੂੰ ਕਾਂਗਰਸ ਕਾਰਜ ਕਾਰਨੀ ਦੀ ਮੀਟਿੰਗ ਤੋਂ ਛੇ ਦਿਨ ਪਹਿਲਾਂ 'ਅਨੰਦ ਮੱਠ' ਦਾ ਅੰਗਰੇਜੀ ਅਨੁਵਾਦ ਪੜਕੇ ਮਹਿਸੂਸ ਕੀਤਾ ਕਿ ਇਹ ਨਾਵਲ ਵਾਕਿਆ ਹੀ ਮੁਸਲਮਾਨਾਂ ਨੂੰ ਚਿੜਾਉਣ ਵਾਲਾ ਹੈ। ਪਰ ਇਸ ਦੇ ਬਾਵਜੂਦ ਵੀ ਹਿੰਦੂ ਰਾਸ਼ਟਵਾਦੀਆਂ ਨੇ ਨਾ ਹੀ 'ਅਨੰਦ ਮੱਠ' ਦਾ ਤੇ ਨਾ ਹੀ 'ਵੰਦੇ ਮਾਤਰਮ' ਦਾ ਮੋਹ ਤਿਆਗਿਆ ਸੀ। ਹਿੰਦੂ ਮਹਾਂ ਸਭਾ ਅਤੇ ਡੈਮੋਕ੍ਰੇਟਿਕ ਸਵਰਾਜ ਪਾਰਟੀ ਨੇ 26 ਅਕਤੂਬਰ 1937 ਨੂੰ ਪੂਨੇ ਅਤੇ ਬੰਬਈ ਵਿਚ 'ਵੰਦੇ ਮਾਤਰਮ' ਦਿਵਸ ਮਨਾਏ। 1938 ਵਿਚ ਜਦ ਹਿੰਦੂ ਮਹਾਂ ਸਭਾ ਦਾ ਸਮਾਗਮ ਨਾਗਪੁਰ ਵਿਚ ਹੋਇਆ ਤਾਂ ਵੀਰ ਸਾਵਰਕਰ ਨੇ ਆਪਣੇ ਭਾਸ਼ਣ ਦਾ ਅੰਤ 'ਵੰਦੇ ਮਾਤਰਮ' ਨਾਲ ਕੀਤਾ । ਐਮ.ਐਸ ਗੋਵਲਕਰ ਨੇ ਆਪਣੀ ਪੁਸਤਕ 'bunch of thoughts' ਵਿਚ ਬੰਕਮ ਚੰਦਰ ਅਤੇ 'ਵੰਦੇ ਮਾਤਰਮ' ਦੀ ਭਰਪੂਰ ਪ੍ਰਸ਼ੰਸਾ ਕੀਤੀ ਹੈ। ਮੈਡਮ ਕਾਮਾ ਨੇ 1910 ਵਿਚ ਜਨੇਵਾ ਤੋਂ,ਵਰਿੰਦਰ ਚਟੋਪਾਧਿਆ ਨੇ ਬਰਲਿਨ ਤੋਂ ਅਤੇ ਲਾਲਾ ਲਾਜਪਤ ਰਾਏ ਨੇ ਪੰਜਾਬ ਤੋਂ 'ਵੰਦੇ ਮਾਤਰਮ' ਨਾਂਅ ਦੇ ਪਰਚੇ ਕੱਢੇ ਸਨ।

1950 ਵਿਚ ਸੰਵਿਧਾਨ ਸਭਾ ਨੇ ਰਾਜਿੰਦਰ ਪ੍ਰਸਾਦ ਦੇ ਕਹਿਣ 'ਤੇ ਸੋਧੇ ਹੋਏ 'ਵੰਦੇ ਮਾਤਰਮ' ਨੂੰ ਜਨ ਗਨ ਮਨ ਦੇ ਨਾਲ ਹੀ ਰਾਸ਼ਟਰੀ ਗੀਤ ਵਜੋਂ ਪ੍ਰਵਾਨ ਕਰ ਲਿਆ ਅਤੇ 24 ਜਨਵਰੀ 1950 ਨੂੰ ਸੰਵਿਧਾਨ ਸਭਾ ਦੀ ਸਮਾਪਤੀ 'ਤੇ ਦੋਨੋ ਗੀਤ ਗਾਏ ਗਏ। ਅਜ਼ਾਦੀ ਦੇ ਦਹਾਕਿਆਂ ਬਾਅਦ ਵੀ 'ਵੰਦੇ ਮਾਤਰਮ' ਦਾ ਮੋਹ ਅਤੇ ਵਿਰੋਧ ਨਿਰੰਤਰ ਚੱਲਦਾ ਆ ਰਿਹਾ ਹੈ। ਟੈਗੋਰ ਤੋਂ ਲੈ ਕੇ ਏ.ਆਰ ਰਹਿਮਾਨ ਤੱਕ ਦਰਜਨਾਂ ਸੰਗੀਤਕਾਰ ਇਸ ਦੀਆਂ ਤਰਜਾਂ ਬਣਾ ਚੁੱਕੇ ਹਨ। ਬੰਗਾਲੀ ਰਾਸ਼ਟਰਵਾਦੀਆਂ ਤੋਂ ਲੈ ਕੇ ਅੰਨਾ ਹਜ਼ਾਰੇ ਤੇ ਆਮ ਆਦਮੀ ਪਾਰਟੀ ਤੱਕ ਇਸ ਨੂੰ ਨਾਅਰੇ ਦੇ ਤੌਰ 'ਤੇ ਅਪਣਾ ਚੁੱਕੇ ਹਨ। ਇਸ ਦੇ ਨਾਲ ਹੀ ਬਹੁ ਕੌਮੀ , ਬਹੁ ਧਰਮੀ ਭਾਰਤ ਨੂੰ ਹਿੰਦੂ ਰਾਸ਼ਟਰ ਵਿਚ ਤਬਦੀਲ ਕਰਨ ਵਾਲੀਆਂ ਤਾਕਤਾਂ 'ਵੰਦੇ ਮਾਤਰਮ' ਨੂੰ ਇੱਕ ਸੰਦ ਦੇ ਤੌਰ 'ਤੇ ਵਰਤਣਾ ਚਾਹੁੰਦੀਆਂ ਹਨ । 25 ਅਪ੍ਰੈਲ 1998 ਨੂੰ ਉਤਰ ਪ੍ਰਦੇਸ ਦੀ ਭਾਜਪਾ ਸਰਕਾਰ ਨੇ 'ਕਲਪ ਯੋਜਨਾ' ਦੇ ਨਾਂਅ ਹੇਠ ਐਲਾਨ ਕੀਤਾ ਸੀ ਕਿ ਸਕੂਲਾਂ ਵਿਚ ਲਾਜ਼ਮੀ ਤੌਰ 'ਤੇ 'ਵੰਦੇ ਮਾਤਰਮ' ਗਾਇਆ ਜਾਵੇ । ਪਰ ਮੁਸਲਮਾਨਾਂ ਵਲੋਂ ਵਿਰੋਧ ਕਰਨ 'ਤੇ ਇਹ ਫੈਸਲਾ ਵਾਪਸ ਲੈਣਾ ਪਿਆ ਸੀ। ਹੁਣ ਵੀ ਉਹੀ ਤਾਕਤਾਂ 'ਵੰਦੇ ਮਾਤਰਮ' ਨੂੰ ਇੱਕ ਹਥਿਆਰ ਦੇ ਤੌਰ 'ਤੇ ਵਰਤ ਕੇ ਆਪਣੇ ਮਨਸੂਬਿਆਂ ਵਿਚ ਸਫਲ ਹੋਣਾ ਚਾਹੁੰਦੀਆਂ ਹਨ।

## ਪੰਜਾਬ ਦੀਆਂ ਮਿਉਂਸਿਪਲ ਚੋਣਾਂ ਨੇ ਗਰਮਾ ਦਿੱਤਾ ਹੈ ਸੂਬੇ ਦਾ ਸਿਆਸੀ ਦੰਗਲ

ਸੌਂਪਣ ਦੀ ਤਵੱਕੋ ਕੀਤੀ ਜਾਂਦੀ ਹੈ। ਸ਼ੁੱਧ ਪੀਣ ਵਾਲਾ ਪਾਣੀ, ਸੀਵਰੇਜ, ਅਵਾਰਾ ਪਸ਼ੂਆਂ, ਟਰੈਫਿਕ, ਸਿਹਤ ਸੁਵਿਧਾਵਾਂ ਅਤੇ ਸਿੱਖਿਆ ਦੀਆਂ ਸਮੱਸਿਆਵਾਂ ਬੇਤਹਾਸ਼ਾ ਹਨ ਪਰ ਇਨ੍ਹਾਂ ਨੂੰ ਹੱਲ ਕਰਨ ਦਾ ਕੋਈ ਜ਼ਿਕਰ ਤੱਕ ਨਹੀਂ ਹੋ ਰਿਹਾ। ਸੰਵਿਧਾਨਕ ਸੋਧ ਮੁਤਾਬਕ ਇਨ੍ਹਾਂ ਸੰਸਥਾਵਾਂ ਨੂੰ ਸ਼ਹਿਰੀ ਯੋਜਨਾਬੰਦੀ, ਸਮਾਜਿਕ ਅਤੇ ਆਰਥਿਕ ਵਿਕਾਸ ਦੀ ਯੋਜਨਾਬੰਦੀ, ਪਾਣੀ ਦੀ ਸਪਲਾਈ, ਜਨ ਸਿਹਤ ਅਤੇ ਸੌਲਿਡ ਵੇਸਟ ਮੈਨੇਜਮੈਂਟ, ਅੱਗ ਬੁਝਾਉਣ ਦਾ ਪ੍ਰਬੰਧ, ਸ਼ਹਿਰੀ ਜੰਗਲਾਤ ਅਤੇ ਵਾਤਾਵਰਣਕ ਤਬਦੀਲੀ, ਸ਼ਹਿਰਾਂ ਵਿਚਲੀ ਗਰੀਬੀ ਦੇ ਖਾਤਮੇ ਅਤੇ ਅਵਾਰਾ ਪਸ਼ੂਆਂ ਲਈ ਸ਼ੈੱਡ ਬਣਾਉਣ ਸਮੇਤ ਵਿੱਤੀ ਅਧਿਕਾਰ ਇਨ੍ਹਾਂ ਸੰਸਥਾਵਾਂ ਨੂੰ ਦਿੱਤੇ ਜਾਣੇ ਹਨ। ਹੁਣ ਸੇਵਾ ਸਮਿਤੀ ਦੇ ਕੰਮ ਤਾਂ ਇਨ੍ਹਾਂ ਸੰਸਥਾਵਾਂ ਕੋਲ ਹਨ ਪਰ ਇਸ ਸਬੰਧੀ ਪੈਸਾ ਅਤੇ ਫੈਸਲਾ ਲੈਣ ਦੀ ਸ਼ਕਤੀ ਅਜੇ ਤੱਕ ਹੇਠਾਂ ਤਬਦੀਲ ਨਹੀਂ ਹੋਈ। ਹਰ ਛੋਟੇ-ਮੋਟੇ ਕੰਮ ਲਈ ਚੰਡੀਗੜ੍ਹ ਦੀ ਮਨਜ਼ੂਰੀ ਸਥਾਨਕ ਸਰਕਾਰਾਂ ਦੀ ਖ਼ੁਦਮੁਖ਼ਤਿਆਰੀ ਦੇ ਰਾਹ ਦਾ ਵੱਡਾ ਰੋੜਾ ਹੈ।

ਆਮ ਆਦਮੀ ਪਾਰਟੀ ਦੇ ਵਿਧਾਇਕ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਸਥਾਨਕ ਸੰਸਥਾਵਾਂ ਨੂੰ ਅਧਿਕਾਰ ਦੇਣ ਦਾ ਮੁੱਦਾ ਉਠਾਵੇਗੀ। ਸਵਰਾਜ ਦਾ ਅਸਲ ਮਕਸਦ ਹੀ ਤਾਕਤਾਂ ਹੇਠਲੀਆਂ ਸੰਸਥਾਵਾਂ ਅਤੇ ਲੋਕਾਂ ਨੂੰ ਦੇਣਾ ਹੈ। 74ਵੀਂ ਸੰਵਿਧਾਨਕ ਸੋਧ ਮੁਤਾਬਕ ਪੰਜਾਬ ਵਿੱਚ ਕੁੱਝ ਕਦਮ ਹੀ ਉਠਾਏ ਗਏ ਹਨ ਪਰ ਵਿੱਤੀ ਅਧਿਕਾਰਾਂ ਦਾ ਮਾਮਲਾ ਲਟਕ ਰਿਹਾ ਹੈ ਕਿਉਂਕਿ ਪੰਜਾਬ ਦੇ ਵਿੱਤ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਵੀ ਸੂਬੇ ਦੇ ਕੁੱਲ ਮਾਲੀਏ ਵਿੱਚੋਂ 4 ਫੀਸਦ ਹਿੱਸਾ ਸਥਾਨਕ ਸੰਸਥਾਵਾਂ ਨੂੰ ਦੇਣ ਦੀ ਗੱਲ ਕਰਦੀਆਂ ਹਨ। ਪੰਜਾਬ ਸਰਕਾਰ ਵਿੱਤੀ ਸੰਕਟ ਦਾ ਬਹਾਨਾ ਲਾ ਕੇ ਜੇ ਇਹ ਫੰਡ ਨਹੀਂ ਦੇ ਰਹੀ ਤਾਂ ਸ਼ਹਿਰੀਆਂ ਦੇ ਸਥਾਨਕ ਮੁੱਦਿਆਂ ਦਾ ਨਿਬੇੜਾ ਕਿਵੇਂ ਸੰਭਵ ਹੋਵੇਗਾ ?

## ਗੁਰਬੀਰ ਗਰੇਵਾਲ ਨਿਊਜਰਸੀ ਦੇ ਨਵੇਂ ਅਟਾਰਨੀ ਜਨਰਲ

ਵਿਚ ਆਰਥਿਕ ਅਪਰਾਧ ਯੂਨਿਟ ਦੇ ਮੁਖੀ ਰਹਿ ਚੁੱਕੇ ਹਨ। ਉਹ ਨਿਊਯਾਰਕ ਦੀ ਸਾਊਥ ਏਸ਼ੀਅਨ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਵੀ ਹਨ। ਉਨ੍ਹਾਂ ਇਕ ਪੱਤਰਕਾਰ ਕਾਨਫਰੰਸ ਵਿਚ ਕਿਹਾ ਕਿ ਉਨ੍ਹਾਂ ਨੂੰ ਸਭਿਆਚਾਰਕ ਅਤੇ ਨਸਲੀ ਤੌਰ ਤੇ ਅਨੇਕਤਾ ਵਾਲੇ ਸੂਬੇ ਦੀ ਪ੍ਰਤੀਨਿਧਤਾ ਕਰਦੇ ਹਨ।

44 ਸਾਲਾ ਗੁਰਬੀਰ ਸਿੰਘ ਗਰੇਵਾਲ ਦੀ ਨਿਯੁਕਤੀ ਅਮਰੀਕਾ ਦੇ ਚੋਟੀ ਦੇ ਆਹੁਦਿਆਂ ਵਿਚੋਂ ਇਕ ਹੈ। ਨਵੇਂ ਗਵਰਨਰ ਦੇ ਆਹੁਦਾ ਸੰਭਾਲਣ ਮਗਰੋਂ ਗਰੇਵਾਲ ਦੀ ਨਿਯੁਕਤੀ ਦੀ ਸੈਨੇਟ ਤੋਂ ਮਨਜ਼ੂਰੀ ਲੈਣੀ ਲਾਜ਼ਮੀ ਹੋਵੇਗੀ ਪਰ ਇਹ ਇਕ ਰਸਮ ਹੀ ਹੋਵੇਗੀ ਕਿਉਂਕਿ ਨਿਊਜਰਸੀ ਵਿਚ ਡੈਮੋਕਰੇਟਸ ਦਾ ਬਹੁਮੱਤ ਹੈ।

## ਮੁਲਕ ਦੀ ਢਿੱਲੀ ਆਵਾਸ ਪ੍ਰਣਾਲੀ ਨੂੰ ਕਸਣ ਦੀ ਲੋੜ : ਟਰੰਪ

ਦਰਮਿਆਨ ਫਟ ਗਿਆ ਸੀ, ਜਿਸ ਵਿੱਚ ਸ਼ੱਕੀ ਹਮਲਾਵਰ ਸਮੇਤ ਚਾਰ ਜਣੇ ਫੱਟੜ ਹੋ ਗਏ ਸਨ।

ਰਾਸ਼ਟਰਪਤੀ ਟਰੰਪ ਨੇ ਕਿਹਾ, ਪਿਛਲੇ ਦੋ ਮਹੀਨਿਆਂ ਵਿੱਚ ਨਿਊਯਾਰਕ ਸਿਟੀ ਵਿੱਚ ਸਮੂਹਿਕ ਕਤਲ ਦਾ ਇਹ ਦੂਜਾ ਯਤਨ ਕੀਤਾ ਗਿਆ ਹੈ। ਇਸ ਨਾਲ ਇਕ ਵਾਰ ਫਿਰ ਅਮਰੀਕਾ ਵਾਸੀਆਂ ਦੀ ਰਾਖੀ ਲਈ ਤੁਰੰਤ ਸੁਧਾਰਵਾਦੀ ਕਾਨੂੰਨ ਬਣਾਉਣ ਦੀ ਲੋੜ ਸਾਹਮਣੇ ਆਈ ਹੈ।' ਰਿਪੋਰਟਾਂ ਮੁਤਾਬਕ ਸ਼ੱਕੀ ਹਮਲਾਵਰ ਬੰਗਲਾਦੇਸ਼ ਤੋਂ ਸੱਤ ਵਰ੍ਹੇ ਪਹਿਲਾਂ ਪਰਿਵਾਰਕ ਵੀਜ਼ੇ ਉਤੇ ਅਮਰੀਕਾ ਆਇਆ ਸੀ। ਰਾਸ਼ਟਰਪਤੀ ਨੇ ਕਿਹਾ, 'ਸਭ ਤੋਂ ਪਹਿਲਾਂ ਅਮਰੀਕਾ ਨੂੰ ਆਪਣੀ ਢਿੱਲੀ ਆਵਾਸ ਪ੍ਰਣਾਲੀ ਵਿੱਚ ਸੁਧਾਰ ਕਰਨਾ ਚਾਹੀਦਾ ਹੈ, ਜੋ ਕਈ ਖ਼ਤਰਨਾਕ ਅਤੇ ਬੇਲੋੜੇ ਤਜਰਬੇਕਾਰ ਲੋਕਾਂ ਨੂੰ ਸਾਡੇ ਦੇਸ਼ ਵਿੱਚ ਆਉਣ ਦੀ ਆਗਿਆ ਦੇ ਰਹੀ ਹੈ। ਇਹ ਸ਼ੱਕੀ ਅਤਿਵਾਦੀ ਸਾਡੇ ਦੇਸ਼ ਵਿੱਚ ਪਰਿਵਾਰ ਲੜੀ ਪਰਵਾਸ ਰਾਹੀਂ ਦਾਖ਼ਲ ਹੋਇਆ ਸੀ, ਜੋ ਕੌਮੀ ਸੁਰੱਖਿਆ ਦੇ ਅਨੁਕੂਲ ਨਹੀਂ ਹੈ।'

ਪਰਿਵਾਰਾਂ ਵੱਲੋਂ ਆਪਣੇ ਰਿਸ਼ਤੇਦਾਰਾਂ ਨੂੰ ਅਮਰੀਕਾ ਸੱਦਣ ਲਈ ਸਪਾਂਸਰ ਕਰਨ ਵਾਲੀ ਪ੍ਰਣਾਲੀ ਨੂੰ ਰਾਸ਼ਟਰਪਤੀ ਖ਼ਤਮ ਕਰਨਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਅੱਠ ਮੁਲਕਾਂ ਦੇ ਨਾਗਰਿਕਾਂ ਦੇ ਅਮਰੀਕਾ ਵਿੱਚ ਦਾਖ਼ਲੇ 'ਤੇ ਰੋਕ ਲਾਉਣ ਵਾਲਾ ਪ੍ਰਸ਼ਾਸਕੀ ਹੁਕਮ, ਜਿਸ ਨੂੰ ਹਾਲ ਹੀ ਸੁਪਰੀਮ ਕੋਰਟ ਨੇ ਮੁਕੰਮਲ ਰੂਪ 'ਚ ਲਾਗੂ ਕਰਨ ਦੀ ਆਗਿਆ ਦੇ ਦਿੱਤੀ ਹੈ, ਆਵਾਸ ਪ੍ਰਣਾਲੀ ਦੀ ਰਾਖੀ' ਲਈ ਚੁੱਕਿਆ ਗਿਆ ਮਹਿਜ਼ ਪਹਿਲਾਂ ਕਦਮ ਹੈ।

ਉਨ੍ਹਾਂ ਕਿਹਾ, ਕਾਂਗਰਸ ਨੂੰ ਲੜੀਵਾਰ ਆਵਾਸ ਨੂੰ ਰੋਕਣਾ ਚਾਹੀਦਾ ਹੈ। ਇਸ ਖਾਮੀਆਂ ਵਾਲੇ ਸਿਸਟਮ ਕਾਰਨ ਅਮਰੀਕਾ ਦੀ ਸੁਰੱਖਿਆ ਤੇ ਆਰਥਿਕਤਾ ਨੂੰ ਵੱਡਾ ਨੁਕਸਾਨ ਹੋਇਆ ਹੈ। ਸਾਡੇ ਦੇਸ਼ ਅਤੇ ਲੋਕਾਂ ਨੂੰ ਅੱਗੇ ਰੱਖ ਕੇ ਆਵਾਸ ਸਿਸਟਮ 'ਚ ਸੁਧਾਰ ਲਈ ਮੈਂ ਦ੍ਰਿੜ ਹਾਂ।' ਰਾਸ਼ਟਰਪਤੀ ਨੇ ਕਿਹਾ ਕਿ ਅਤਿਵਾਦੀ ਕਾਰਵਾਈਆਂ ਦੇ ਦੋਸ਼ੀਆਂ ਨੂੰ ਢੁਕਵੇਂ ਕੇਸਾਂ 'ਚ ਮੌਤ ਦੀ ਸਜ਼ਾ ਸਮੇਤ ਕਾਨੂੰਨ ਮੁਤਾਬਕ ਸਖ਼ਤ ਤੋਂ ਸਖ਼ਤ ਸਜ਼ਾ ਹੋਣੀ ਚਾਹੀਦੀ ਹੈ।

## ਬੇਏਰੀਆ ਦੇ ਪੰਜਾਬੀਆਂ ਵਲੋਂ ਲੰਘਣ ਵਾਲੇ ਵਰ੍ਹੇ ਨੂੰ 'ਸੰਗੀਤਕ ਅਲਵਿਦਾ'

ਦੀ ਮਲਕਾ ਆਸ਼ਾ ਸ਼ਰਮਾ ਨੇ ਕੀਤਾ। ਇਸ ਸਮੇਂ ਪੰਜਾਬੀ ਦੇ ਪ੍ਰਸਿੱਧ ਲੇਖਕ ਅਤੇ ਆਸ਼ਾ ਸ਼ਰਮਾ ਦੇ ਉਸਤਾਦ ਹਰਜਿੰਦਰ ਕੰਗ ਨੇ ਆਪਣੀ ਰਚਨਾਵਾਂ ਪੰਜਾਬੀ ਪਿਆਰਿਆਂ ਸੰਗ ਸਾਂਝੀਆਂ ਕੀਤੀਆਂ ਅਤੇ ਸਾਬਤ ਕੀਤਾ ਕਿ ਉਹ ਪੰਜਾਬੀ ਸਾਹਿਤ ਤੇ ਬੋਲੀ ਦਾ ਨਾਮਵਰ ਹਸਤਾਖਰ ਹੈ।

ਸਮੇਂ ਸਮੇਂ ਉੱਘੇ ਕਾਮੇਡੀਅਨ ਜਸਵੀਰ ਗਿੱਲ ਅਤੇ ਰੂਬੀ ਦਿਊਲ ਨੇ ਵੀ ਅਪਣੀ ਕਲਾ ਰਾਹੀਂ ਪ੍ਰੋਗਰਾਮ ਨੂੰ ਸਿਖ਼ਰ 'ਤੇ ਪਹੁੰਚਾਉਣ 'ਚ ਆਪਣੀ ਵਿਸ਼ੇਸ਼ ਭੂਮਿਕਾ ਨਿਭਾਈ।

ਪ੍ਰੋਗਰਾਮ ਸਮੇਂ ਸੁਰਿੰਦਰ ਛਿੰਦਾ ਦੀ ਸੀ ਡੀ ਕਿਸ਼ਨਾ ਮੌੜ, ਨਿਰਮਲ ਸਿੰਘ ਥਿਆੜਾ, ਮਨਦੀਪ ਥਿਆੜਾ, ਮਨਜੀਤ ਥਿਆੜਾ ਨੇ ਆਪਣੇ ਸ਼ੁਭ ਕਮਲਾਂ ਨਾਲ ਰਲੀਜ਼ ਕੀਤੀ। ਵਿਦੇਸ਼ਾਂ ਵਿੱਚ ਪੰਜਾਬੀ ਗਾਇਕੀ ਅਖਾੜਿਆਂ ਦੇ ਮੋਢੀ ਐਚ ਐਸ ਭਜਨ ਨੂੰ ਗੀਤ ਸੰਗੀਤ ਐਂਟਰਨੇਨਮੈਂਟ ਵਲੋਂ ਲਾਈਫ ਟਾਈਮ ਅਚੀਵਮੈਂਟ ਐਵਾਰਡ ਪ੍ਰਬੰਧਕਾਂ ਆਸ਼ਾ ਸ਼ਰਮਾ ਤੇ ਸੁੱਖਦੇਵ ਸਾਹਿਲ ਤੇ ਹੋਰਨਾਂ ਵੱਲੋਂ ਭੇਟ ਕੀਤਾ ਗਿਆ। ਉਨ੍ਹਾਂ ਦੀਆਂ ਪ੍ਰਾਪਤੀਆਂ ਦਰਸਾਉਂਦਾ ਮਾਣ-ਪੱਤਰ ਹਰਜਿੰਦਰ ਕੰਗ ਨੇ ਪੜਿਆ। ਐਚ ਐਸ ਭਜਨ ਅਤੇ ਉਨ੍ਹਾਂ ਦੀ ਪਤਨੀ ਨੂੰ ਸੋਨੇ ਦੀਆਂ ਮੁੰਦਰੀਆਂ ਪ੍ਰਬੰਧਕਾਂ ਵਲੋਂ ਪੁਆਈਆ ਗਈਆਂ ਅਤੇ ਇਹ ਰਸਮ ਮਾਤਾ ਦੇਵਿੰਦਰ ਕੌਰ ਦਿਉਲ ਅਤੇ ਦਲਵੀਰ ਕੌਰ ਔਲਖ ਨੇ ਨਿਭਾਈ। ਵਿਲੱਖਣ ਨਿਵੇਕਲੀ ਸ਼ਾਮ ਸੁਨਿਹਰੀ ਵਿਦੇਸ਼ ਵਸਦੇ ਪੰਜਾਬੀਆਂ ਦੇ ਹਿਰਦਿਆਂ 'ਚ ਇੱਕ ਛਾਪ ਛੱਡਦੀ ਦੇਰ ਰਾਤ ਖਤਮ ਹੋਈ, ਜਿਸ ਵਿੱਚ ਹਰ ਖੇਤਰ ਦੇ ਪੰਜਾਬੀ, ਆਪਣੇ ਪਰਿਵਾਰਾਂ ਸਮੇਤ ਸ਼ਾਮਲ ਹੋਏ।

## ਦੱਖਣੀ ਕੈਲੀਫੋਰਨੀਆ ਦੇ ਜੰਗਲਾਂ ਵਿੱਚਲੀ ਅੱਗ ਨਾਲ ਭਾਰੀ ਤਬਾਹੀ

ਹਵਾ ਵਿੱਚ ਫੈਲੇ ਸੰਘਣੇ ਧੂੰਏਂ ਕਾਰਨ ਬਿਨਾਂ ਹੁਕਮਾਂ ਦੇ ਲੋਕ ਆਪਣਾ ਟਿਕਾਣਾ ਛੱਡ ਕੇ ਦੂਰ ਜਾ ਰਹੇ ਹਨ। ਉਨ੍ਹਾਂ ਨੂੰ ਹਾਈਵੇਅ ਬੰਦ ਹੋਣ ਦਾ ਡਰ ਹੈ। ਮੌਂਟੇਸਿਟੋ ਵਿੱਚ ਰਹਿੰਦੇ ਲੋਕਾਂ ਨੂੰ ਅਧਿਕਾਰੀਆਂ ਨੇ ਮੂੰਹ 'ਤੇ ਬੰਨ੍ਹਣ ਲਈ ਮਾਸਕ ਦਿੱਤੇ ਹਨ। ਜ਼ਿਕਰਯੋਗ ਹੈ ਕਿ ਇਸ ਇਲਾਕੇ ਵਿੱਚ ਹਾਲੀਵੁੱਡ ਅਦਾਕਾਰ ਓਪਰਾ ਵਿਨਫਰੇ, ਜੈਫ ਬ੍ਰਿਜ ਅਤੇ ਡਰਿਊ ਬੈਰੀਮੋਰ ਵੀ ਰਹਿੰਦੇ ਹਨ।

## ਸ਼ਿਕਾਗੋ 'ਚ ਭਾਰਤੀ ਵਿਦਿਆਰਥੀ ਨੂੰ ਗੋਲੀ ਮਾਰੀ

ਅਕਬਰ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਕਾਊਂਟੀ ਪੁਲੀਸ ਨੇ ਇਸ ਹਮਲੇ ਦੀ ਪੜਤਾਲ ਆਰੰਭ ਦਿੱਤੀ ਹੈ ਅਤੇ ਹਮਲਾਵਰ ਨੂੰ ਫੜਨ ਲਈ ਯਤਨ ਕੀਤੇ ਜਾ ਰਹੇ ਹਨ। ਸ਼ਿਕਾਗੋ ਪੁਲੀਸ ਨੇ ਦੱਸਿਆ ਕਿ ਉਹ ਇਸ ਕੇਸ ਨੂੰ ਨਫ਼ਰਤੀ ਅਪਰਾਧ ਵਜੋਂ ਨਹੀਂ ਦੇਖ ਰਹੀ ਅਤੇ ਅਜੇ ਤਕ ਕਿਸੇ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਉਸ ਦੇ ਪਰਿਵਾਰ ਨੇ ਦੱਸਿਆ ਕਿ ਮੂਲ ਰੂਪ 'ਚ ਹੈਦਰਾਬਾਦ ਦਾ ਰਹਿਣ ਵਾਲਾ ਅਕਬਰ ਸ਼ਿਕਾਗੋ ਦੀ ਡੇਵਰੀ ਯੂਨੀਵਰਸਿਟੀ ਵਿੱਚੋਂ ਕੰਪਿਊਟਰ ਸਿਸਟਮਜ਼ ਨੈੱਟਵਰਕਿੰਗ ਐਂਡ ਟੈਲੀਕਮਿਊਨੀਕੇਸ਼ਨਜ਼ ਦੀ ਮਾਸਟਰ ਡਿਗਰੀ ਕਰ ਰਿਹਾ ਹੈ। ਉਹ ਪਿਛਲੇ ਤਿੰਨ ਸਾਲਾਂ ਤੋਂ ਸ਼ਿਕਾਗੋ ਵਿੱਚ ਰਹਿ ਰਿਹਾ ਹੈ। ਦੱਸਣਯੋਗ ਹੈ ਕਿ ਪਿਛਲੇ ਸਮੇਂ ਦੌਰਾਨ ਅਮਰੀਕਾ ਵਿੱਚ ਭਾਰਤੀ ਮੂਲ ਦੇ ਲੋਕਾਂ ਨੂੰ ਨਿਸ਼ਾਨਾ ਬਣਾਏ ਜਾਣ ਦੀਆਂ ਕਈ ਵਾਰਦਾਤਾਂ ਹੋਈਆਂ ਹਨ।

## ਪੰਜਾਬ ਸਰਕਾਰ 13 ਹਜ਼ਾਰ ਬੱਸਾਂ ਦੇ ਪਰਮਿਟ ਰੱਦ ਕਰਨ ਦੇ ਰੌਂਅ 'ਚ

ਕੇ ਸਿਰੇ ਚਾੜ੍ਹਨਾ ਪਏਗਾ। ਸਾਰੀਆਂ ਗੱਲਾਂ ਨੂੰ ਧਿਆਨ 'ਚ ਰੱਖਦਿਆਂ ਬੈਂਚ ਨੇ ਕੇਸ ਦੀ ਸੁਣਵਾਈ ਅਗਲੇ ਸਾਲ ਫਰਵਰੀ ਦੇ ਚੌਥੇ ਹਫ਼ਤੇ ਲਈ ਨਿਰਧਾਰਤ ਕਰ ਦਿੱਤੀ। ਸੁਰਜੀਤ ਸਿੰਘ ਸੋਏਤਾ ਅਤੇ ਹੋਰਾਂ ਵੱਲੋਂ ਪੰਜਾਬ ਸਰਕਾਰ ਤੇ ਹੋਰ ਧਿਰਾਂ ਖ਼ਿਲਾਫ਼ ਪਾਈਆਂ ਗਈਆਂ ਪਟੀਸ਼ਨਾਂ ਦੇ ਆਧਾਰ 'ਤੇ ਇਹ ਕਾਰਵਾਈ ਹੋਈ ਹੈ।

ਪਟੀਸ਼ਨਰਾਂ ਨੇ ਪਿਛਲੇ ਸਾਲ ਦਾਅਵਾ ਕੀਤਾ ਸੀ ਕਿ ਸਿਆਸਤਦਾਨਾਂ, ਟਰਾਂਸਪੋਰਟਰਾਂ ਅਤੇ ਟਰਾਂਸਪੋਰਟ ਵਿਭਾਗ ਦੇ ਅਧਿਕਾਰੀਆਂ ਦਰਮਿਆਨ ਗੰਢ-ਤੁੱਪ ਹੈ। ਬੈਂਚ ਨੂੰ ਦੱਸਿਆ ਗਿਆ ਕਿ ਵਿਜਯੰਤ ਟਰੈਵਲਜ਼ ਕੇਸ 'ਚ ਹਾਈ ਕੋਰਟ ਨੇ ਰੂਟ ਪਰਮਿਟਾਂ ਦੇ ਵਿਸਥਾਰ ਦਾ ਨੋਟਿਸ ਲਿਆ ਸੀ। ਨੇਮਾਂ ਤਹਿਤ ਰੂਟ 'ਚ ਵਾਧਾ 24 ਕਿਲੋਮੀਟਰ ਤਕ ਕੀਤਾ ਜਾ ਸਕਦਾ ਹੈ ਪਰ ਰੂਟਾਂ ਦਾ ਵਾਰ-ਵਾਰ ਹੋਰ ਵਾਧਾ ਕੀਤਾ ਗਿਆ। ਪੰਜਾਬ ਸਰਕਾਰ ਨੇ ਯੋਜਨਾ 'ਚ ਸੋਧ ਦੀਆਂ ਕਈ ਕੋਸ਼ਿਸ਼ਾਂ ਕੀਤੀਆਂ ਪਰ ਅਦਾਲਤਾਂ ਨੇ ਉਨ੍ਹਾਂ ਦੇ ਕਦਮਾਂ ਨੂੰ ਨਾਕਾਮ ਕਰ ਦਿੱਤਾ। ਇਸ ਮਾਮਲੇ ਦਾ ਫ਼ੈਸਲਾ ਸੁਪਰੀਮ ਕੋਰਟ 'ਤੇ ਜਾ ਕੇ ਹੋਇਆ ਸੀ।

## ਗੁਜਰਾਤ ਚੋਣਾਂ 'ਤੇ ਨਿੱਗਰ ਨਿ.ਗਰਾਨੀ ਦੀ ਲੋੜ

ਦੂਜੇ ਪਾਸੇ, 22 ਸਾਲਾਂ ਤੋਂ ਇੱਕੋ ਪਾਰਟੀ ਦੀ ਹਕੂਮਤ ਪ੍ਰਤੀ ਵੀ ਰੋਹ, ਨਿਰਾਸ਼ਾ ਅਤੇ ਇਸ ਤੋਂ ਮੋਹ ਭੰਗ ਦੀ ਅਵਸਥਾ ਪ੍ਰਤੱਖ ਹੈ। 1947 ਤੋਂ ਬਾਅਦ 20 ਕੁ ਸਾਲਾਂ 'ਚ ਹੀ ਦੇਸ਼ ਦੇ ਜ਼ਿਆਦਾਤਰ ਹਿੱਸਿਆਂ 'ਚ ਇੰਡੀਅਨ ਨੈਸ਼ਨਲ ਕਾਂਗਰਸ ਪ੍ਰਤੀ ਰੋਹ ਜਾਗਣ ਲੱਗ ਪਿਆ ਸੀ ਤੇ ਵੋਟਰ ਇਸ ਨਾਲੋਂ ਟੁੱਟਣ ਲੱਗੇ। ਵੱਡੀ ਗਿਣਤੀ ਬੇਰੁਜ਼ਗਾਰ ਤੇ ਨੀਮ-ਰੁਜ਼ਗਾਰ ਵਾਲੇ ਨੌਜਵਾਨ 'ਵਾਈਬਰੈਂਟ ਗੁਜਰਾਤ' ਦੇ ਜਥੇਬੰਦਕ ਫਰੇਬ ਨੂੰ ਸਮਝ ਚੁੱਕੇ ਹਨ ਅਤੇ ਉਹ ਆਪਣੀ ਨਿਰਾਸ਼ਾ ਪ੍ਰਗਟ ਕਰਨੀ ਚਾਹੁੰਦੇ ਹਨ। ਸਥਾਪਤੀ ਪ੍ਰਤੀ ਕੁੜੱਤਣ, ਸਹਿਜ ਅਤੇ ਤੰਦਰੁਸਤ ਵਰਤਾਰਾ ਹੈ ਅਤੇ ਜਮਹੂਰੀਅਤ ਅਜਿਹੀ ਸਿਆਸੀ ਅਸੰਤੁਸ਼ਟੀ ਨੂੰ ਜਜ਼ਬ ਕਰਨ, ਪ੍ਰਗਟਾਉਣ ਤੇ ਉਸ ਅਨੁਰੂਪ ਸੁਧਾਰ ਕਰਨ ਦੇ ਯੋਗ ਹੋਣੀ ਚਾਹੀਦੀ ਹੈ। ਨਵੇਂ ਸਿਆਸੀ ਖਿਡਾਰੀਆਂ ਅਤੇ ਤਾਕਤਾਂ ਨੇ ਗੁਜਰਾਤ ਦੇ ਚੁਣਾਵੀ ਦ੍ਰਿਸ਼ ਵਿੱਚ ਜੋ ਥਰਥਰਾਹਟ ਤੇ ਊਰਜਾ ਲਿਆਂਦੀ ਹੈ, ਉਹ ਪਿਛਲੇ ਕੁਝ ਸਾਲਾਂ ਤੋਂ ਹੋ ਰਹੀ ਸਮਾਜਿਕ ਉਥਲ-ਪੁਥਲ ਦਾ ਪ੍ਰਗਟਾਵਾ ਹੈ। ਵਿਧਾਨ ਸਭਾ ਚੋਣਾਂ ਇਨ੍ਹਾਂ ਤਾਕਤਾਂ ਨੂੰ ਆਪਣੀ ਆਵਾਜ਼ ਉਠਾਉਣ ਤੇ ਆਪਣੀਆਂ ਮੰਗਾਂ ਮਨਵਾਉਣ ਦਾ ਕਾਨੂੰਨੀ ਮੌਕਾ ਮੁਹੱਈਆ ਕਰਦੀਆਂ ਹਨ। ਇਸ ਦੇ ਨਤੀਜੇ ਗੁਜਰਾਤ ਦੇ ਨਾਲ-ਨਾਲ ਹੋਰ ਸੂਬਿਆਂ 'ਚ ਵੀ ਅਸਰਅੰਦਾਜ਼ ਹੋਣਗੇ।

ਚੋਣ ਕਮਿਸ਼ਨ ਦੀ ਸਾਖ਼ ਹੀ ਨਹੀਂ ਸਗੋਂ ਇਹ ਜਮਹੂਰੀ ਕਦਰਾਂ-ਕੀਮਤਾਂ ਦਾ ਵੀ ਮਸਲਾ ਹੈ। ਸਾਡਾ ਸਮੁੱਚਾ ਜਮਹੂਰੀ ਤਾਣਾ-ਬਾਣਾ ਚੁਣਾਵੀ ਪ੍ਰਕਿਰਿਆ ਦੇ ਖ਼ੁਦ ਨੂੰ ਜਨਤਕ ਰੌਂਅ ਮੁਤਾਬਿਕ ਢਾਲਣ 'ਤੇ ਪੂਰੀ ਤਰ੍ਹਾਂ ਨਿਰਭਰ ਹੈ। ਬੇਸ਼ੱਕ ਇਹ ਯਕੀਨੀ ਬਣਾਉਣਾ ਚੋਣ ਕਮਿਸ਼ਨ ਦਾ ਕੰਮ ਨਹੀਂ ਹੈ ਕਿ ਗੁਜਰਾਤ 'ਚ ਚੋਣ ਬਕਸਿਆਂ 'ਚੋਂ ਨਿਕਲਣ ਵਾਲਾ ਨਤੀਜਾ ਰੋਹ ਵਿੱਚ ਆਏ ਲੋਕਾਂ ਦੀਆਂ ਭਾਵਨਾਵਾਂ ਦੇ ਮੁਤਾਬਿਕ ਹੀ ਹੋਵੇ। ਪਰ ਨਿਰਪੱਖ ਢੰਗ ਨਾਲ ਚੋਣ ਅਮਲ ਨੂੰ ਨੇਪਰੇ ਚਾੜ੍ਹਨ ਲਈ ਪੂਰੀ ਤਰ੍ਹਾਂ ਇਮਾਨਦਾਰੀ ਵਰਤਣੀ ਚੋਣ ਕਮਿਸ਼ਨ ਦੀ ਸੰਸਥਾਗਤ ਜ਼ਿੰਮੇਵਾਰੀ ਹੈ।

## ਗੁਜਰਾਤ ਚੋਣਾਂ: ਇਸ ਵਾਰ ਮਾਹੌਲ ਭਾਜਪਾ ਲਈ ਸਾਜ਼ਗਾਰ ਨਹੀਂ

ਬਦਲ ਗਏ ਅਤੇ ਭਾਜਪਾ ਦੀਆਂ ਵੋਟਾਂ ਸਿਰਫ਼ 6 ਫ਼ੀ ਸਦੀ ਵੱਧ ਰਹਿ ਗਈਆਂ। ਕੀ ਇਹ ਕੋਈ ਗ਼ਲਤੀ ਸੀ ਜਾਂ ਸੱਚਮੁਚ ਅਜਿਹਾ ਕੋਈ ਰੁਝਾਨ ਹੈ ? ਤੀਜੇ ਗੇੜ ਦੀ ਰਿਪੋਰਟ ਅਨੁਸਾਰ ਦੋਵੇਂ ਪਾਰਟੀਆਂ ਵਿਚਾਲੇ ਵੋਟਾਂ ਦਾ ਫ਼ਰਕ ਖ਼ਤਮ ਹੋ ਗਿਆ ਅਤੇ ਦੋਵਾਂ ਨੂੰ 43 ਫ਼ੀ ਸਦੀ ਵੋਟਾਂ ਮਿਲਦੀਆਂ ਦਰਸਾਈਆਂ ਗਈਆਂ ਹਨ। ਪਰ ਨਾਲ ਹੀ ਸੀਐੱਸਡੀਐੱਸ ਦੀ ਟੀਮ ਨੇ ਭਾਜਪਾ ਦੀ ਹਾਰ ਦੀ ਭਵਿੱਖਬਾਣੀ ਵੀ ਨਹੀਂ ਕੀਤੀ ਹੈ। ਉਨ੍ਹਾਂ ਨੇ ਇਹ ਵੀ ਕਿਹਾ ਹੈ ਜੇ ਪਿਛਲੇ ਹਫ਼ਤੇ ਚੋਣਾਂ ਕਰਵਾ ਦਿੱਤੀਆਂ ਜਾਂਦੀਆਂ ਤਾਂ ਭਾਜਪਾ ਨੂੰ 91-99 ਸੀਟਾਂ ਮਿਲ ਜਾਣੀਆਂ ਸਨ। ਚੋਣਾਂ ਵਾਲੇ ਦਿਨ ਕੀ ਵਾਪਰੇਗਾ, ਲੋਕਨੀਤੀ-ਸੀਐੱਸਡੀਐੱਸ-ਏਬੀਪੀ ਸਰਵੇਖਣ ਇਸ ਸੁਆਲ ਦਾ ਜੁਆਬ ਨਹੀਂ ਦਿੰਦਾ।

ਮੈਨੂੰ ਲੱਗਦਾ ਹੈ ਕਿ ਅਜਿਹਾ ਰੁਝਾਨ ਚੋਣਾਂ ਦੇ ਆਖ਼ਰੀ ਹਫ਼ਤੇ ਬਦਲੇਗਾ ਨਹੀਂ। ਆਮ ਤੌਰ 'ਤੇ ਅਜਿਹਾ ਰੁਝਾਨ ਹੋਰ ਤੀਖਣ ਹੋ ਜਾਇਆ ਕਰਦਾ ਹੈ। ਹੁਣ ਜਦੋਂ ਸਰਵੇਖਣਾਂ 'ਚ ਵੋਟਾਂ ਦਾ ਫ਼ਰਕ ਖ਼ਤਮ ਹੋ ਗਿਆ ਹੈ, ਇਸ ਤੋਂ ਬਾਅਦ ਭਾਜਪਾ ਪਿੱਛੇ ਜਾਵੇਗੀ। ਦੋ ਪਾਰਟੀਆਂ ਵਿਚਾਲੇ ਅਜੀਬ ਮੁਕਾਬਲੇ 'ਚ ਕਾਂਗਰਸ ਚਾਰ ਅੰਕ ਅੱਗੇ ਰਹਿ ਸਕਦੀ ਹੈ ਜਾਂ ਸਪੱਸ਼ਟ ਜਿੱਤ ਵੀ ਹਾਸਲ ਕਰ ਸਕਦੀ ਹੈ। ਇਹ ਗੱਲ ਵੀ ਮਨ 'ਚ ਰੱਖਣੀ ਹੋਵੇਗੀ ਕਿ ਚੋਣਾਂ ਤੋਂ ਪਹਿਲਾਂ ਇਸ ਕਿਸਮ ਦੇ ਸਰਵੇਖਣਾਂ ਵਿਚ ਸੱਤਾਧਾਰੀ ਪਾਰਟੀ ਬਾਰੇ ਵਧ-ਚੜ੍ਹ ਕੇ ਅਨੁਮਾਨ ਲਾਏ ਜਾਂਦੇ ਹਨ। ਇਸ ਪੜਾਅ 'ਤੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਕਾਂਗਰਸ ਵੱਡੇ ਫ਼ਰਕ ਨਾਲ ਜਿੱਤੇਗੀ।

ਇਸ ਸਰਵੇਖਣ ਦੇ ਹੋਰ ਨਤੀਜਿਆਂ ਤੋਂ ਵੀ ਇਹੋ ਮੁੱਖ ਗੱਲ ਉੱਘੜ ਕੇ ਸਾਹਮਣੇ ਆਉਂਦੀ ਹੈ। ਗੁਜਰਾਤ ਸਰਕਾਰ ਦੀ ਪ੍ਰਵਾਨਗੀ ਦਰ ਵੱਡੇ ਪੱਧਰ 'ਤੇ ਘਟੀ ਹੈ ਅਤੇ ਉਹ ਹੁਣ ਖ਼ਤਰੇ ਦੇ ਨਿਸ਼ਾਨ ਨੂੰ ਵੀ ਉਲੰਘ ਗਈ ਹੈ। ਇਸ ਸਰਕਾਰ ਨੂੰ ਨਾ ਚਾਹੁਣ ਵਾਲਿਆਂ ਦੀ ਗਿਣਤੀ ਵਧ ਗਈ ਹੈ। ਇਸ ਵਾਰ ਕੋਈ ਸ਼ਖ਼ਸੀਅਤ ਚੋਣ ਨਤੀਜਿਆਂ ਨੂੰ ਪ੍ਰਭਾਵਿਤ ਨਹੀਂ ਕਰੇਗੀ। ਮੁੱਖ ਮੰਤਰੀ ਦੀ ਹਰਮਨਪਿਆਰਤਾ ਦਰ ਵੀ ਘਟ ਗਈ ਹੈ, ਭਾਵੇਂ ਉਹ ਹਾਲੇ ਵੀ ਆਪਣੇ ਸਾਰੇ ਵਿਰੋਧੀਆਂ ਤੋਂ ਅੱਗੇ ਹੈ। ਪ੍ਰਧਾਨ ਮੰਤਰੀ ਤੇ ਉਨ੍ਹਾਂ ਦੀ ਸਰਕਾਰ ਦੀ ਦਰਜਾਬੰਦੀ ਵੀ ਹੇਠਾਂ ਆ ਗਈ ਹੈ, ਭਾਵੇਂ ਅੱਜ ਵੀ ਉਹ ਬੇਹੱਦ ਹਰਮਨਪਿਆਰੇ ਆਗੂ ਹਨ। ਹਾਰਦਿਕ ਪਟੇਲ ਦੀ ਸੀ.ਡੀ. ਜਾਂ ਫ਼ਿਰਕੂ ਮੁੱਦੇ ਛੇਤੀ ਕੀਤੇ ਖ਼ਤਮ ਨਹੀਂ ਹੋਣਗੇ। ਇਸ ਸਰਵੇਖਣ ਨੇ ਇਸ ਚੋਣ ਦਾ ਅਸਲ ਮੁੱਦਾ ਸਾਹਮਣੇ ਲੈ ਆਂਦਾ ਹੈ: ਇਹ ਮੁੱਦਾ ਅਰਥ ਵਿਵਸਥਾ ਨਾਲ ਸਬੰਧਤ ਹੈ। ਵੋਟਰਾਂ ਨੂੰ ਬੇਰੁਜ਼ਗਾਰੀ ਅਤੇ ਮਹਿੰਗਾਈ ਦੀ ਚਿੰਤਾ ਹੈ ਕਿਉਂਕਿ ਖ਼ਰੀਦ ਸ਼ਕਤੀ ਘਟਣ ਕਰਕੇ ਸਾਰੇ ਔਖੇ ਹਨ।

ਇਕੱਲੇ ਇਸ ਸਰਵੇਖਣ ਦੀ ਹੀ ਗੱਲ ਨਹੀਂ। ਇਹੋ ਨਤੀਜਾ ਗੁਜਰਾਤ ਤੋਂ ਆਉਣ ਵਾਲੀਆਂ ਕੁਝ ਭਰੋਸੇਯੋਗ ਰਿਪੋਰਟਾਂ ਤੋਂ ਵੀ ਆ ਰਿਹਾ ਹੈ। ਪ੍ਰਧਾਨ ਮੰਤਰੀ ਸਮੇਤ ਭਾਜਪਾ ਦੀਆਂ ਚੋਣ ਰੈਲੀਆਂ ਵਿਚ ਬਹੁਤ ਘੱਟ ਭੀੜਾਂ ਵੇਖਣ ਨੂੰ ਮਿਲ ਰਹੀਆਂ ਹਨ। ਕਿਸਾਨ ਇਸ ਵੇਲੇ ਰੋਹ 'ਚ ਹਨ ਤੇ ਉਨ੍ਹਾਂ ਨੂੰ ਮੂੰਗਫਲੀ ਤੇ ਕਪਾਹ ਦੀਆਂ ਕੀਮਤਾਂ ਬਹੁਤ ਜ਼ਿਆਦਾ ਡਿੱਗ ਜਾਣ ਦਾ ਗੁੱਸਾ ਵੀ ਹੈ। ਇੰਜ ਗੁਜਰਾਤੀ ਕਾਰੋਬਾਰੀਆਂ ਵਿਚ ਵੀ ਵਿਸਾਹਘਾਤ ਹੋ ਜਾਣ ਦੀ ਭਾਵਨਾ ਪਾਈ ਜਾ ਰਹੀ ਹੈ।

ਕੀ ਹੁਣ ਵੀ ਕੁਝ ਬਦਲ ਸਕਦਾ ਹੈ ? ਸ੍ਰੀ ਮੋਦੀ ਦੀਆਂ ਰੈਲੀਆਂ ਨਾਲ ਹੁਣ ਕੋਈ ਜਾਦੂ ਚੱਲਣ ਵਾਲਾ ਨਹੀਂ ਹੈ। ਫਸਲਾਂ ਦੇ ਭਾਅ ਬਦਲ ਨਹੀਂ ਸਕਦੇ। ਮੈਂ ਉਨ੍ਹਾਂ ਲੋਕਾਂ 'ਚ ਸ਼ਾਮਲ ਨਹੀਂ ਹਾਂ, ਜਿਨ੍ਹਾਂ ਦਾ ਇਹ ਮੰਨਣਾ ਹੈ ਕਿ ਪੰਜਾਬ ਤੇ ਉੱਤਰ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਇਲੈਕਟ੍ਰੌਨਿਕ ਵੋਟਿੰਗ ਮਸ਼ੀਨਾਂ ਨਾਲ ਕਥਿਤ ਛੇੜਖਾਨੀ ਕੀਤੀ ਗਈ ਸੀ। ਫਿਰ ਵੀ ਵੀਵੀਪੈਟ ਮਸ਼ੀਨ ਤੇ ਮਸ਼ੀਨੀ ਗਿਣਤੀ ਦਾ ਸਲਿੱਪਾਂ ਨਾਲ ਉੱਘੜ-ਦੁੱਘੜੇ ਮੇਲ ਦਾ ਖ਼ਿਆਲ ਜ਼ਰੂਰ ਰੱਖਣਾ ਚਾਹੀਦਾ ਹੈ।

## ਮੇਰੀ ਭਾਸ਼ਾ ਮਰ ਰਹੀ ਹੈ

1. ਬੁਢੇਪਾ ਘਰਾਂ ਵਿਚ ਸੁੱਟੇ ਜਾਂ ਘਰਾਂ ਵਿਚ ਪੌੜੀਆਂ ਹੇਠਲੇ ਕਮਰੇ ਵਿਚ ਤਾੜੇ ਬਜ਼ੁਰਗ ਮਾਪਿਆਂ ਕੋਲ ਜਾ ਕੇ ਪੈਰੀਂ ਹੱਥ ਲਾ ਕੇ ਮੁਆਫ਼ੀ ਮੰਗ ਕੇ ਜੇ ਕਿਹਾ ਜਾਏ, "ਬਾਪੂ ਜੀ ਜਾਂ ਭਾਪਾ ਜੀ, ਮੇਰੇ ਕੋਲੋਂ ਭਾਰੀ ਗ਼ਲਤੀ ਹੋ ਗਈ। ਮੈਂ ਸਪੁੱਤਰ ਨਹੀਂ ਰਿਹਾ ਪਰ ਮਾਪੇ ਕੁਮਾਪੇ ਨਹੀਂ ਹੋ ਸਕਦੇ, ਮੈਨੂੰ ਮੁਆਫ਼ ਕਰ ਕੇ ਵਾਪਸ ਘਰ ਪਰਤੋ ਤੇ ਆਪਣੇ ਪੋਤਰਿਆਂ ਪੋਤਰੀਆਂ ਨਾਲ ਲਾਡ ਲਡਾਓ। ਏਨਾ ਕਹਿੰਦੇ ਸਾਰ ਉਹਨਾਂ ਦੀ ਝੋਲੀ ਪੋਤਰਾ ਜਾਂ ਪੋਤਰੀ ਪਾ ਦਿਓ। ਤੋਤਲੀ ਜ਼ਬਾਨ ਵਿਚ ਪੋਤਰੇ ਵੱਲੋਂ 'ਦਾਦਾ ਪਾਪਾ ਜੀ' ਕਹਿ ਕੇ ਜੱਫੀ ਪਾਉਣ ਦੀ ਦੇਰ ਹੈ ਕਿ ਕਰਾਮਾਤ ਵਾਪਰਦੀ ਵੇਖੀ ਜਾ ਸਕਦੀ ਹੈ।

ਬਜ਼ੁਰਗ ਆਪਣਾ ਸਾਰਾ ਗੁੱਸਾ ਗਿਲਾ ਅੱਖਾਂ ਰਾਹੀਂ ਵਹਾ ਕੇ ਉਸ ਪਿਆਰ ਦੀਆਂ ਤੰਦਾਂ ਵਿਚ ਜਕੜੇ ਘਰ ਮੁੜ ਆਉਣਗੇ।

2. ਕਿਸੇ ਓਪਰੇ ਮੁਲਕ ਵਿਚ, ਭਾਵੇਂ ਦੁਸ਼ਮਣ ਦੇਸ ਵਿਚ ਵੀ ਸਹੀ, ਗੱਜ ਕੇ ਮਾਂ ਬੋਲੀ ਵਿਚ ਫਤਿਹ ਬੁਲਾ ਕੇ ਵੇਖੋ, ਕੋਈ ਵੀ ਘੁੰਮਦਾ ਪੰਜਾਬੀ, ਜਿਸ ਨਾਲ ਕੋਈ ਲਹੂ ਦਾ ਰਿਸ਼ਤਾ ਨਾ ਹੋਵੇ, ਮਾਂ ਬੋਲੀ ਦੀਆਂ ਮੋਹ ਦੀਆਂ ਤੰਦਾਂ ਨਾਲ ਬੱਝਿਆ ਫਤਿਹ ਦਾ ਜਵਾਬ ਜ਼ਰੂਰ ਦੇਵੇਗਾ ਤੇ ਹੋ ਸਕਦਾ ਹੈ ਨਿੱਘੀ ਜੱਫੀ ਵੀ ਪਾ ਲਵੇ।

**ਵਾਪਰ ਗਈ ਨਾ ਕਰਾਮਾਤ।**

ਬਜ਼ੁਰਗਾਂ ਵੱਲੋਂ ਬੋਲੀ ਜਾਂਦੀ, ਪਿੰਡਾਂ ਦੀਆਂ ਸੱਥਾਂ ਵਿਚ ਬੋਲੀ ਜਾਂਦੀ ਤੇ ਸਕੂਲਾਂ ਵੱਲੋਂ ਅਗਲੀ ਪੀੜ੍ਹੀ ਨੂੰ ਪੜ੍ਹਾਈ ਜਾਂਦੀ ਬੋਲੀ ਵਿਚ ਰੂਹ ਫੂਕਣੀ ਸੌਖੀ ਹੁੰਦੀ ਹੈ। ਜੇ ਭਾਸ਼ਾ ਕਿੱਤਾ ਮੁਹੱਈਆ ਕਰਵਾਉਣ ਜੋਗੀ ਹੋ ਜਾਏ ਤੇ ਬੋਲਣ ਵਾਲੇ ਇਸ ਨੂੰ ਮਾਣ ਸਤਿਕਾਰ ਦੇ ਰਹੇ ਹੋਣ ਤਾਂ ਸੋਨੇ ਉੱਤੇ ਸੁਹਾਗੇ ਵਾਲੀ ਗ਼ੱਲ ਹੁੰਦੀ ਹੈ। ਜਦੋਂ ਸਰਕਾਰ ਵੀ ਇਸ ਪਾਸੇ ਧਿਆਨ ਦੇਣ ਲੱਗ ਪਵੇ ਫੇਰ ਤਾਂ ਕਿਆ ਕਹਿਣੇ।

ਸੱਚਾਈ ਇਹ ਹੈ ਕਿ ਮਰਦੀ ਪੰਜਾਬੀ ਭਾਸ਼ਾ ਦੀ ਕਬਰ ਵੀ ਪੁੱਟੀ ਜਾ ਚੁੱਕੀ ਹੈ ਕਿਉਂਕਿ :-

1.ਇਹ ਕਿੱਤਾ ਮੁਹੱਈਆ ਨਹੀਂ ਕਰਵਾ ਰਹੀ

2. ਸਰਕਾਰਾਂ ਪਿੱਠ ਮੋੜ ਚੁੱਕੀਆਂ ਹਨ

3.ਸਕੂਲਾਂ ਵਿਚ ਪਹਿਲੀ ਜਮਾਤ ਤੋਂ ਹੀ ਅੰਗਰੇਜ਼ੀ ਭਾਸ਼ਾ ਲਾਗੂ ਹੋ ਰਹੀ ਹੈ।

4.ਪੰਜਾਬੀ ਬੋਲਣ ਵਾਲਿਆਂ ਨੂੰ ਅਨਪੜ੍ਹ ਕਿਹਾ ਜਾ ਰਿਹਾ ਹੈ।

6.ਪੰਜਾਬੀ ਅਖ਼ਬਾਰਾਂ ਤੇ ਰਸਾਲਿਆਂ ਦੀ ਸਰਕਾਰ ਵੱਲੋਂ ਮਾਲੀ ਮਦਦ ਨਹੀਂ ਕੀਤੀ ਜਾ ਰਹੀ।

7.ਪੰਜਾਬੀ ਸਾਹਿਤਕਾਰਾਂ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਹੈ।

ਅੰਤ ਵਿਚ ਪੰਜਾਬੀ ਭਾਸ਼ਾ ਨਾਲ ਮਤਰੇਆ ਸਲੂਕ ਕਰਨ ਤੇ ਧ੍ਰੋਹ ਕਮਾਉਣ ਵਾਲੇ ਧੀਆਂ ਪੁੱਤਰਾਂ ਲਈ, ਜੋ ਪਹਿਲੀ ਜਮਾਤ ਤੋਂ ਹੀ ਸਕੂਲਾਂ ਵਿਚ ਅੰਗਰੇਜ਼ੀ ਲਾਗੂ ਕਰ ਰਹੇ ਹਨ, ਇਕ ਪੰਜਾਬੀ ਮਾਂ ਦਾ ਇਹੋ ਸੁਣੇਹਾ ਹੈ- "ਵੇ ਚੰਦਰਿਆ, ਰੁੜ੍ਹ-ਖੁੜ੍ਹ ਜਾਣਿਆ, ਹਾਲੇ ਵੀ ਸੰਭਲ ਜਾ। ਮਾਂ ਸਦਕੇ, ਤੇਰੀ ਮਾਂ ਤਾਂ ਮੈਨੂੰ ਸਿਰਫ਼ ਲੰਮੀ ਉਮਰ ਦੀਆਂ ਦੁਆਵਾਂ ਹੀ ਦੇ ਸਕਦੀ ਹੈ। ਜੀਊਂਦਾ ਰਹਿ, ਜਵਾਨੀਆਂ ਮਾਣ, ਲੰਮੀਆਂ ਉਮਰਾਂ ਭੋਗ! ਤੂੰ ਆਪਣੀ ਮਾਂ ਦੀ ਬੋਲੀ ਨੂੰ ਖ਼ਤਮ ਕਰਨ ਦਾ ਪੂਰਾ ਜ਼ੋਰ ਲਾ ਲੈ, ਪਰ ਰਾਜਿਆ, ਸੁਹਣਿਆ ਸੁਣੱਖਿਆ ਪੁੱਤਰਾ, ਏਨਾ ਯਾਦ ਰੱਖੀਂ, ਮੇਰੇ ਮਰ ਖੱਪ ਜਾਣ ਬਾਅਦ ਵੀ ਤੂੰ ਆਪਣੀ ਪਛਾਣ ਨਹੀਂ ਬਦਲ ਸਕਣ ਲੱਗਿਆ। ਤੇਰੀ ਪਛਾਣ 'ਪੰਜਾਬੀ' ਹੀ ਰਹਿਣੀ ਹੈ। ਪਰ, ਮੈਨੂੰ ਇਹੋ ਅਫ਼ਸੋਸ ਰਹੇਗਾ ਕਿ ਤੇਰੀ ਪਛਾਣ ਲੰਗੜੀ ਰਹੇਗੀ, ਜਿਸ ਵਿਚ ਨਾ ਜ਼ਬਾਨ ਤੇ ਨਾ ਸਭਿਆਚਾਰ ਰਹੇਗਾ! ਫਿਰ ਕਿਸ ਸੱਭਿਆਚਾਰ ਵਿਚ ਆਪਣੀਆਂ ਪੁਸ਼ਤਾਂ ਨੂੰ ਰੁਲਣ ਲਈ ਤੋਰੇਂਗਾ ? ਬਸ ਏਨਾ ਯਾਦ ਰੱਖੀਂ ਕਿ ਮਾਂ ਤੇ ਮਾਂ-ਬੋਲੀ ਨੂੰ ਖ਼ਤਮ ਕਰਨ ਵਾਲੇ ਦਾ ਵੀ ਇਸ ਦੁਨੀਆ ਤੋਂ ਨਾਮੋ-ਨਿਸ਼ਾਨ ਮਿਟ ਜਾਇਆ ਕਰਦਾ ਹੈ। ਤੇਰਾ ਰੱਬ ਰਾਖਾ।"

ਸਭ ਤੋਂ ਵੱਡੀ ਤ੍ਰਾਸਦੀ ਕਿਸੇ ਵੀ ਜ਼ਬਾਨ ਨਾਲ ਉਦੋਂ ਵਾਪਰਦੀ ਹੈ ਜਦੋਂ ਇਸਨੂੰ ਧਰਮ ਦੀਆਂ ਵਲਗਣਾਂ ਅੰਦਰ ਕੈਦ ਕਰ ਲਿਆ ਜਾਵੇ। ਪੰਜਾਬੀ ਜ਼ਬਾਨ ਕਿਸੇ ਇੱਕ ਧਰਮ ਦੇ ਬੰਦਿਆਂ ਦੀ ਮਲਕੀਅਤ ਨਹੀਂ ਹੈ। ਇਹ ਹਰ ਪੰਜਾਬੀ ਦੀ ਮਾਂ ਬੋਲੀ ਹੈ ਜੋ ਭਾਵੇਂ ਈਰਾਨ ਵਿਚ ਵਸ ਰਿਹਾ ਹੈ, ਪਾਕਿਸਤਾਨ ਵਿਚ, ਅਫ਼ਗਾਨਿਸਤਾਨ ਵਿਚ, ਅਮਰੀਕਾ ਵਿਚ, ਕਨੇਡਾ ਵਿਚ, ਅਸਟ੍ਰੇਲੀਆ ਵਿਚ ਜਾਂ ਭਾਰਤ ਦੇ ਕਿਸੇ ਵੀ ਕੋਨੇ ਵਿਚ!

ਇਸ ਮਾਂ ਬੋਲੀ ਨਾਲ ਜੁੜੇ ਹਰ ਪੁੱਤਰ ਤੇ ਧੀ ਨੂੰ ਖੁੱਲ ਹੈ ਕਿ ਜਿੱਥੇ ਵੱਸਦਾ ਹੈ, ਉੱਥੇ ਦੀ ਵੀ ਤੇ ਉਸ ਤੋਂ ਇਲਾਵਾ ਵੀਹ ਹੋਰ ਜ਼ਬਾਨਾਂ ਵਿਚ ਵੀ ਮਹਾਰਤ ਹਾਸਲ ਕਰ ਕੇ ਦੁਨੀਆ ਭਰ ਵਿਚ ਆਪਣਾ ਨਾਂ ਰੌਸ਼ਨ ਕਰੇ। ਪਰ, ਨੁਕਤਾ ਸਿਰਫ਼ ਇਹ ਯਾਦ ਰੱਖਣ ਵਾਲਾ ਹੈ ਕਿ ਆਪਣੀ ਮਾਂ ਬੋਲੀ ਪੰਜਾਬੀ ਤੇ ਪੰਜਾਬੀ ਸੱਭਿਆਚਾਰ ਨੂੰ ਮਿੱਧ ਕੇ ਨਹੀਂ!

ਪੰਜਾਬੀ ਹਿਤੈਸ਼ੀਆਂ ਨੂੰ ਚੇਤੰਨ ਹੋ ਕੇ, ਕਲਮਾਂ ਤੇਜ਼ ਕਰਵਾ ਕੇ, ਉਨ੍ਹਾਂ ਨੂੰ ਤਲਵਾਰ ਵਜੋਂ ਵਰਤ ਕੇ, ਹੁਣੇ ਤੋਂ ਹੀ ਮਾਂ ਬੋਲੀ ਉੱਤੇ ਹੋ ਰਹੇ ਹਮਲਿਆਂ ਵਿਰੁੱਧ ਕਮਰ ਕਸ ਲੈਣੀ ਚਾਹੀਦੀ ਹੈ ਤਾਂ ਜੋ ਭਾਸ਼ਾ ਨੂੰ ਮਰ ਜਾਣ ਤੋਂ ਬਚਾਇਆ ਜਾ ਸਕੇ।

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

## ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




## ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

**Satnam Singh Khalsa 510.706.1300**

info@sunsolarmax.com

SUNPREME
Premium Bifacial Thin Film Solar



# PANNU'S
## LEGAL SERVICES

G.S. Pannu (Immigration Consultant, LDA)

ivisapass@gmail.com • FAX 510.279.7624

510.677.5200

**IMMIGRATION**

★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

**STUDENT VISA** (EDUCATE YOUR CHILDREN IN USA)

**DIVORCE**

★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
## PASSPORT & VISA SERVICES

indiavisa123@gmail.com • FAX 510.279.7624



M.K. Pannu (Owner)

**VISA IN ONE DAY**

Indian Passport | India Visa in 1 Day | OCI | US Passport

Power of Attorney & Other Services

**510.677.8440**

40757, Grimmer Blvd. FREMONT CA-94538 | 3810 Eau Claire Ave, Ceres, MODESTO/CERES CA-95307 | 220 Bush St/Montgomery St, #445 SAN FRANCISCO (OPPOSITE INDIA VISA CENTER)

Serving Around the World Community Since 1994

We Specialize to Asia, Europe, Middle East, Africa, Australia & etc.

Special fares to :

**SFO TO DEL**
**LAX TO DEL**




Special fares to **Amritsar & Delhi**

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

**Or Call (818) 762-9236**

15549 Devonshire St., Ste. 206 Mission Hills, CA 91345

# Travel for Less Inc.




SPECIALIZED IN DISCOUNT FARES WORLDWIDE

**INDIA | PAKISTAN | EUROPE**

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜ਼ਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

Asiana Airlines Daily Flight To New Delhi

**Best deals on major airlines like**

ASIANA AIRLINES | Emirates
CHINA AIRLINES | الاتحاد ETIHAD AIRWAYS
BRITISH AIRWAYS | Lufthansa
CATHAY PACIFIC | QATAR AIRWAYS القطرية
virgin atlantic
SINGAPORE AIRLINES

BBB IATAN

8th time in a row

2016 Best of Fremont Award




CALL US TO GET BEST RATES FOR YOUR AIR TICKETS TO INDIA AND WORLDWIDE.

CST NO : 2031914-40

We have moved to

**Serving the Bay Area Since 1996**

32116-Alvarado Blvd. Union City, CA-94587

Email: info@travelforlessinc.com

**CALL 510-791-3300** Book online 24x7 @ www.Letsflyhome.com


Canadian
Highest Grade Wheat
Say Bana
SHER®
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com